# ਸਵਰਾਜ

ਲੇਖਕ–ਅਰਵਿੰਦ ਕੇਜ਼ਰੀਵਾਲ

ਪੰਜਾਬੀ ਅਨੁਵਾਦ – ਰਘਵੀਰ ਬਲਾਸਪੁਰੀ (ਕੈਨੇਡਾ)
(780) 278 2607

ਸ਼ੋਧ / ਡਿਜ਼ਾਇਨ – ਮਨਪ੍ਰੀਤ ਬਰਾੜ (ਮੋਗਾ)
"ਅਸੀਂ ਲੜਾਂਗੇ ਸਾਥੀ" ਫੇਸਬੁੱਕ ਪੇਜ਼ (98727-73557)




**ਸਵਰਾਜ ਅਭਿਆਨ ਪ੍ਰਕਾਸ਼ਨ**

ਏ-119 ਪਹਿਲੀ ਮੰਜ਼ਿਲ , ਕੌਸ਼ੰਭੀ , ਗਾਜ਼ਿਆਬਾਦ

ਫੋਨ -09968701659

ਈ.ਮੇਲ-parivartanindia@gmail.com

Website - www.lokrajandolan.org

# ਸਵਰਾਜ




**ਅਰਵਿੰਦ ਕੇਜ਼ਰੀਵਾਲ**

…………………………………………………………………………

Published By :
**Swaraj Abhiyan Prakashan**
A-119, Ist Floor, Kaushambi
Ghaziabad, Uttar Pradesh-201010
Phone : 09968701659
Email : parivartanindia@gmail.com
Website : www.lokrajandolan.org

**© ਲੇਖਕ : ਅਰਵਿੰਦ ਕੇਜ਼ਰੀਵਾਲ**
**ਜਨ-ਚੇਤਨਾ ਜਗਾਉਣ ਲਈ ਇਸ ਕਿਤਾਬ ਦੇ**
**ਕਿਸੇ ਵੀ ਅੰਸ਼ ਦਾ ਗੈਰ-ਵਪਾਰਕ ਇਸਤੇਮਾਲ**

**ਕੀਤਾ ਜਾ ਸਕਦਾ**

**ਸਵਰਾਜ ਦੀ ਰਾਹ ਦੇਖ ਰਹੀ ਆਮ**

**ਜਨਤਾ ਨੂੰ ਸਮਰਪਿਤ**

**ਮੁੱਲ :** 20 **ਰੁਪਏ**
**ਪਹਿਲਾ ਸੰਸਕਰਨ : ਦਸੰਬਰ** 2010

……………………………………………………………………….

# ਇਹ ਪੁਸਤਕ ਕਿਉ ?.................................................................................................

ਮੈ ਪਹਿਲਾਂ ਇਨਕਮ ਟੈਕਸ ਵਿਭਾਗ ਵਿਚ ਕੰਮ ਕਰਦਾ ਸੀ । ਇਸ ਵਿਭਾਗ ਨੇ 1990 ਦੇ ਅਖੀਰ ਵਿਚ ਕਈ ਅੰਤਰਰਾਸਟਰੀ ਕੰਪਣੀਆਂ ਦਾ ਸਰਵੇ ਕੀਤਾ, ਸਰਵੇ ਵਿਚ ਇਹਨਾ ਕੰਪਨੀਆਂ ਨੂੰ ਟੈਕਸ ਚੋਰੀ ਕਰਨ ਦੇ ਦੋਸ ਵਿਚ ਰੰਗੇ ਹੱਥੀ ਕਾਬੂ ਕੀਤਾ। ਉਹਨਾਂ ਨੇ ਆਪਣਾ ਦੋਸ ਸਵੀਕਾਰ ਕਰ ਲਿਆ ਤੇ ਬਿਨਾ ਕੋਈ ਅਪੀਲ ਕੀਤਿਆ ਸਾਰਾ ਟੈਕਸ ਜਮਾਂ ਕਰਵਾ ਦਿੱਤਾ।ਅਗਰ ਇਹ ਕਿਸੇ ਹੋਰ ਦੇਸ ਦੇ ਵਸਨੀਕ ਹੁੰਦੇ ਤਾ ਉਹਨਾਂ ਦੇ ਮੁੱਖ ਅਧਕਾਰੀਆਂ ਨੂੰ ਜੇਲ ਵੀ ਹੋ ਗਈ ਹੁੰਦੀ।ਇੱਕ ਹੋਰ ਕੰਪਨੀ ਦਾ ਸਰਵੇ ਕਰਦੇ ਸਮੇ ਉਸ ਕੰਪਨੀ ਦੇ ਵਿਦੇਸੀ ਮੁੱਖ ਅਧਕਾਰੀ ਨੇ ਆ ਕੇ ਟੀਮ ਨੂੰ ਧਮਕੀ ਦਿੱਤੀ -ਭਾਰਤ ਇੱਕ ਬਹੁਤ ਹੀ ਗਰੀਬ ਦੇਸ ਹੈ।ਅਸੀ ਤੁਹਾਡੇ ਦੇਸ ਵਿਚ ਤੁਹਾਡੀ ਮਦਦ ਕਰਨ ਲਈ ਆਏ ਹਾ,ਜੇ ਤੁਸੀ ਇਸੇ ਤਰਾ ਹੀ ਸਾਨੂੰ ਤੰਗ ਕਰਦੇ ਰਹੇ ਤਾਂ ਅਸੀ ਤੁਹਾਡਾ ਦੇਸ ਛੱਡ ਕਿ ਚੱਲੇ ਜਾਵਾਗੇ।ਤੁਹਾਨੂੰ ਪਤਾ ਨਹੀ ਕਿ ਅਸੀ ਕਿੰਨੇ ਤਾਕਤਵਾਰ ਲੋਕ ਹਾ।ਜੇ ਅਸੀ ਚਾਹੀਏ ਤਾ ਤੁਹਾਡੀ ਸੰਸਦ ਵਿਚੋ ਕੋਈ ਵੀ ਕਾਨੂੰਨ ਪਾਸ ਕਰਵਾ ਸਕਦੇ ਹਾਂ।ਅਸੀ ਤੁਹਾਡੀ ਬਦਲੀ ਵੀ ਕਰਵਾ ਸਕਦੇ ਹਾ- ਇਸ ਤੋ ਕੁਝ ਦਿਨਾ ਦੇ ਬਾਅਦ ਸਾਡੀ ਟੀਮ ਦੇ ਇੱਕ ਉਚ ਅਧਕਾਰੀ ਦੀ ਬਦਲੀ ਕਰਵਾ ਦਿੱਤੀ ਗਈ ਸੀ।

ਉਸ ਸਮੇ ਅਸੀ ਉਸ ਵਿਦੇਸੀ ਦੀਆਂ ਗੱਲਾ ਵੱਲ ਕੋਈ ਜਿਆਦਾ ਧਿਆਨ ਨਹੀ ਸੀ ਦਿੱਤਾ।ਮੈ ਸੋਚਿਆ ਕਿ ਉਹ ਇਸ ਸਰਵੇ ਕਰਕੇ ਪਰੇਸਾਨ ਹੈ ਤਾ ਇਸ ਕਰਕੇ ਬੋਲ ਰਿਹਾ ਹੈ।ਪਰ ਪਿਛਲੇ ਸਾਲਾਂ ਦੀਆ ਘਟਨਾਵਾਂ ਨਾਲ ਮੈਨੂੰ ਉਸਦੀਆਂ ਗੱਲਾਂ ਸੱਚੀਆਂ ਲੱਗਣ ਲੱਗ ਪਈਆਂ ਹਨ।ਮਨ ਵਿਚ ਸਵਾਲ ਉਠਣ ਲੱਗ ਪਏ ਹਨ-ਕੀ ਵਾਕਿਆਂ ਹੀ ਸਾਡੀ ਸੰਸਦ ਉਪਰ ਵਿਦੇਸ਼ੀਆਂ ਦਾ ਕਬਜ਼ਾ ਹੈ।

ਜਿਵੇ ਜੁਲਾਈ 2008 ਵਿਚ ਯੂ.ਪੀ.ਏ. ਦੀ ਸਰਕਾਰ ਨੇ ਸੰਸਦ ਵਿਚ ਆਪਣਾ ਬਹੁਮੱਤ ਸਾਬਿਤ ਕਰਨ ਲਈ ਖੁੱਲੇਆਮ ਸੰਸਦ ਮੈਬਰਾਂ ਦੀ ਖਰੀਦੋ ਫਰੋਖਤ ਸੁਰੂ ਕਰ ਦਿੱਤੀ ਸੀ।ਕੁਝ ਟੀ.ਵੀ. ਚੈਨਲਾਂ ਨੇ ਪੈਸੇ ਲੈ ਕੇ ਸੰਸਦ ਮੈਬਰਾਂ ਨੂੰ ਸਰੇਆਮ ਵਿਕਦੇ ਦਿਖਾਇਆ ਸੀ।ਉਹਨਾ ਤਸਵੀਰਾਂ ਨੇ ਦੇਸ ਦੀ ਆਤਮਾਂ ਨੂੰ ਝੰਜੋੜ ਕਿ ਰੱਖ ਦਿੱਤਾ।ਅਗਰ ਸਾਂਸਦ ਇਸ ਤਰਾ ਵਿਕ ਸਕਦੇ ਹਨ ਤਾ ਸਾਡੇ ਵੋਟ ਦੀ ਕੀ ਕੀਮਤ ਰਹਿ ਜਾਦੀ ਹੈ?ਅੱਜ ਉਹਨਾਂ ਨੂੰ ਆਪਣੀ ਸਰਕਾਰ ਬਚਾਉਣ ਲਈ ਇੱਕ ਦੇਸ

ਦੀ ਪਾਰਟੀ ਖਰੀਦ ਰਹੀ ਹੈ।ਕੱਲ ਨੂੰ ਉਹਨਾਂ ਨੂੰ ਕੋਈ ਦੇਸ ਵੀ ਅਮਰੀਕਾ,ਪਾਕਿਸਤਾਨ ਆਦਿ ਖਰੀਦ ਸਕਦਾ ਹੈ।ਹੋ ਸਕਦਾ ਹੈ ਕਿ ਐਸਾ ਹੋ ਵੀ ਰਿਹਾ ਹੋਵੇ ਕੀ ਪਤਾ ਲੱਗਦਾ ਹੈ।ਇਹ ਸੋਚ ਕੇ ਖ਼ੂਨ ਖੌਲਣ ਲੱਗ ਜਾਦਾ ਹੈ-ਕੀ ਅਸੀ ਅਜ਼ਾਦ ਦੇਸ ਦੇ ਵਾਸੀ ਹਾ?ਕੀ ਸਾਡੇ ਦੇਸ ਦੀ ਸੰਸਦ ਸਾਰੇ ਕਾਨੂੰਨ ਇਸ ਦੇਸ ਦੇ ਲੋਕਾਂ ਦੇ ਹੱਕ ਵਾਸਤੇ ਬਣਾਵੇਗੀ?

ਅਜੇ ਕੁਝ ਦਿਨ ਪਹਿਲਾ ਹੀ ਅਖਬਾਰਾਂ ਵਿਚ ਸੰਸਦ ਵਿਚ ਹੁਣੇ ਹੀ ਪਾਸ ਹੋਏ -ਨਿਊਕਰੀਅਲ ਸਿਵਲ ਲਾਇਬਿਲਟੀ ਬਿੱਲ ਦੇ ਬਾਰੇ ਵਿਚ ਪੜਿਆ ਤਾ ਸਾਰੇ ਡਰ ਸੱਚ ਹੋ ਗਏ।ਇਹ ਬਿੱਲ ਕਹਿੰਦਾ ਹੈ ਕਿ ਕੋਈ ਵਿਦੇਸੀ ਕੰਪਨੀ ਭਾਰਤ ਵਿਚ ਪ੍ਰਮਾਣੂ ਪਲਾਟ ਲਗਾਉਦੀ ਹੈ ਤੇ ਉਸ ਵਿਚ ਕੋਈ ਦੁਰਘਟਨਾਂ ਵਾਪਰ ਜਾਦੀ ਹੈ ਤਾ ਉਹ ਕੰਪਨੀ ਦੀ ਜੁੰਮੇਵਾਰੀ 1500 ਕਰੋੜ ਰੁਪਏ ਤੱਕ ਹੋਵੇਗੀ। ਦੁਨੀਆਂ ਭਰ ਵਿਚ ਜਦ ਵੀ ਕੋਈ ਪ੍ਰਮਾਣੂ ਦੁਰਘਟਨਾਂ ਵਾਪਰੀ ਹੈ ਤਾ ਹਜਾਰਾਂ ਲੋਕਾਂ ਦੀ ਜਾਨ ਗਈ ਹੈ ਤੇ ਹਜਾਰਾਂ ਕਰੋੜਾਂ ਦਾ ਨੁਕਸਾਨ ਹੋਇਆ ਹੈ।

ਭੂਪਾਲ ਗੈਸ ਹਾਦਸੇ ਦੇ ਪੀੜਿਤ ਪਰਵਾਰਾਂ ਨੂੰ 2200 ਕਰੋੜ ਰੁਪਿਆਂ ਹੀ ਮਿਲਿਆਂ ਹੈ ਕਿ ਬਹੁਤ ਹੀ ਘੱਟ ਮੰਨਿਆ ਜਾਦਾ ਹੈ। ਇਸ 1500 ਕਰੋੜ ਰੁਪਏ ਨਾਲ ਕੀ ਹੋਵੇਗਾ।ਇੱਕ ਪ੍ਰਮਾਣੂ ਹਾਦਸਾ ਨਾ ਜਾਣੇ ਕਿੰਨੇ ਭੂਪਾਲ ਕਾਂਡ ਦੇ ਬਰਾਬਰ ਹੋਵੇਗਾ?ਇਸ ਬਿੱਲ ਵਿਚ ਅੱਗੇ ਲਿਖਿਆ ਹੈ ਕਿ ਉਸ ਕੰਪਨੀ ਦੇ ਖਿਲਾਫ ਕੋਈ ਅਪਰਾਧਿਕ ਮਾਮਲਾ ਵੀ ਦਰਜ ਨਹੀ ਕੀਤਾ ਜਾਵੇਗਾ।ਕੋਈ ਮੁਕਦਮਾਂ ਨਹੀ ਚੱਲੇਗਾ,ਕੋਈ ਪੁਲਿਸ ਕੇਸ ਵੀ ਨਹੀ ਹੋਵੇਗਾ।ਬੱਸ ਕੇਵਲ 1500 ਕਰੋੜ ਰੁਪਏ ਲੈ ਕੇ ਉਸ ਕੰਪਨੀ ਨੂੰ ਛੱਡ ਦਿੱਤਾ ਜਾਵੇਗਾ।

ਇਹ ਕਾਨੂੰਨ ਦੇਖ ਕਿ ਤਾ ਇਸ ਤਰਾ ਲੱਗਦਾ ਹੈ ਕਿ ਦੇਸ ਦੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਕੌਡੀਆਂ ਦੇ ਮੁੱਲ ਵੇਚਿਆਂ ਜਾ ਰਿਹਾ ਹੈ।ਇਸ ਤੋ ਸਾਫ ਜਾਹਿਰ ਹੈ ਕਿ ਦੇਸ ਦੇ ਲੋਕਾਂ ਦੀਆਂ ਜਾਨਾ ਦਾਅ ਤੇ ਲਾ ਕਿ ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਪਹੁੰਚਣ ਲਈ ਲਿਆਦਾ ਜਾ ਰਿਹਾ ਹੈ। ਸਾਡੀ ਸੰਸਦ ਇਹ ਕਿਉ ਕਰ ਰਹੀ ਹੈ? ਯਕੀਨਨ ਜਾ ਤਾ ਇਹਨਾ ਤੇ ਕਿਸੇ ਤਰਾ ਦਾ ਦਬਾਉ ਹੈ,ਜਾ ਫਿਰ ਇਹ ਪਾਰਟੀਆਂ,ਸੰਸਦ ਮੈਬਰ ਵਿਦੇਸੀਆਂ ਕੋਲ ਵਿਕ ਗਏ ਹਨ।

ਭੂਪਾਲ ਗੈਸ ਕਾਂਡ ਤੇ ਬਾਅਦ ਮੁੜ ਨਵੀ ਉਸਾਰੀ ਤੋ ਬਾਅਦ ਅਖਬਾਰਾ ਵਿਚ ਬਹੁਤ ਖਬਰਾਂ ਛੱਪੀਆਂ ਕਿ ਕਿਸ ਤਰਾ ਭੂਪਾਲ ਦੇ ਲੋਕਾਂ ਦੇ ਹਤਿਆਰੇ ਨੂੰ ਸਾਡੇ ਦੇਸ ਦੇ ਚੋਟੀ ਦੇ ਲੀਡਰਾਂ ਨੇ ਦੇਸ ਵਿਚੋ ਭੱਜਣ ਵਿਚ ਮਦਦ ਕੀਤੀ।
ਇਹ ਸਭ ਗੱਲਾਂ ਤੋ ਇਹ ਲੱਗਦਾ ਹੈ ਕੀ ਭਾਰਤ ਸਰੁੱਖਿਅਤ ਹੱਥਾਂ ਵਿਚ ਹੈ?ਕੀ ਅਸੀ ਆਪਣੀ ਜ਼ਿਦਗੀ ਇਹਨਾਂ ਲੀਡਰਾਂ,ਅਧਕਾਰੀਆਂ ਦੇ ਹੱਥਾਂ ਵਿਚ ਸਰੁੱਖਿਅਤ ਮਹਿਸੂਸ ਕਰਦੇ ਹਾ?

ਅਜਿਹਾ ਨਹੀ ਕਿ ਸਾਡੀ ਸਰਕਾਰ ਤੇ ਕਿਸੇ ਵਿਦੇਸ਼ੀ ਕੰਪਨੀ ਜਾ ਵਿਦੇਸ਼ੀ ਸਰਕਾਰ ਦਾ ਕੋਈ ਦਬਾਅ ਹੈ।ਪੈਸੇ ਦੇ ਲਈ ਅਫਸਰ ਤੇ ਲੀਡਰ ਕੁਛ ਵੀ ਕਰ ਸਕਦੇ ਹਨ।ਕਿੰਨੇ ਹੀ ਮੰਤਰੀ ਤੇ ਅਫਸਰ ਅਮੀਰ ਘਰਾਣਿਆਂ ਦੀਆਂ ਕੱਠਪੁਤਲੀਆਂ ਬਣ ਗਏ ਹਨ।ਕੁਝ ਅਮੀਰ ਘਰਾਣਿਆਂ ਦਾ ਮਹੱਤਵ ਬਹੁਤ ਵੱਧ ਗਿਆ ਹੈ।ਹੁਣੇ ਹੀ ਟੇਪ ਮਾਮਲੇ ਵਿਚ ਇਸ ਦਾ ਖੁਲਾਸਾ ਹੋਇਆ ਹੈਕਿ ਸਰਕਾਰ ਦੇ ਮਹਿਕਮਿਆਂ ਵਿਚ ਕਿਸ ਨੁੰ ਮੰਤਰੀ ਲਾਇਆ ਜਾਵੇ ਇਸ ਦਾ ਫੈਸਲਾ ਪ੍ਰਧਾਨ ਮੰਤਰੀ ਨੇ ਨਹੀ ਕੀਤਾ ਸਗੋ ਸਰਮਾਏਦਾਰ ਘਰਾਣਿਆਂ ਨੇ ਕੀਤਾ ਹੈ।ਜਿਸ ਨਾਲ ਇਹ ਗੱਲ ਸਾਫ ਹੋ ਗਈ ਹੈ ਕਿ ਕੌਣ ਮੰਤਰੀ ਜਾ ਅਫਸਰ ਕਿਸ ਅਮੀਰ ਘਰਾਣੇ ਨਾਲ ਹੈ।ਇਸ ਵਿਚ ਕੋਈ ਅਸਚਰਜ ਨਹੀ ਹੋਵੇਗਾ ਕਿ ਕਈ ਸੂਬਿਆਂ ਦੀਆਂ ਸਰਕਾਰਾਂ ਤੇ ਕੇਦਰ ਦੇ ਕਈ ਮਹਿਕਮੇ ਇਹ ਅਮੀਰ ਘਰਾਣੇ ਹੀ ਚਲਾ ਰਹੇ ਹਨ।

ਕੁਝ ਦਿਨ ਪਹਿਲਾ ਇਹ ਖਬਰ ਛੱਪੀ ਸੀ ਕਿ ਰੀਲਾਇਸ ਕੰਪਨੀ ਦੇ ਮਾਲਕ ਮੁਕੇਸ ਅੰਬਾਨੀ ਮਹਾਰਾਸ਼ਟਰ ਵਿਚ ਕੋਈ ਪ੍ਰਾਈਵੇਟ ਯੂਨੀਵਰਸਟੀ ਖੋਲਣਾ ਚਾਹੁੰਦੇ ਹਨ।ਇਸ ਲਈ ਉਹ ਮਹਾਰਾਸ਼ਟਰ ਦੇ ਸਿਖਿਆ ਮੰਤਰੀ ਰਜੇਸ ਟੋਪੇ ਨੂੰ ਮਿਲੇ ਤੇ ਉਸ ਦੀ ਇਹ ਇਛਾ ਪੂਰੀ ਕਰਨ ਦੇ ਲਈ ਸਿਖਿਆਂ ਮੰਤਰੀ ਰਜੇਸ ਟੋਪੇ ਨੇ ਵਿਧਾਨ ਸਭਾ ਵਿਚ ਪ੍ਰਾਈਵੇਟ ਯੂਨੀਵਰਸਿਟੀ ਬਿੱਲ ਲਿਆਉਣਾ ਸਵੀਕਾਰ ਕਰ ਲਿਆ। ਅਮੀਰ ਘਰਾਣੇ ਦੀਆਂ ਇਛਾਵਾਂ ਪੂਰੀਆਂ ਕਰਨ ਲਈ ਸਾਡੀਆਂ ਸਰਕਾਰਾਂ ਵਿਧਾਨ ਸਭਾਵਾਂ ਵਿਚ ਤਰੁੰਤ ਕਾਨੂੰਨ ਪਾਸ ਮਰਨ ਲਈ ਰਾਜੀ ਹੋ ਜਾਦੀਆਂ ਹਨ।

ਸਾਡੇ ਦੇਸ ਦੇ ਖਣਿਜ਼ ਪਦਾਰਥਾਂ ਨੂੰ ਇਹਨਾਂ ਅਮੀਰ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ।ਜਿਵੇ ਕਿ ਲੋਹੇ ਦੀਆਂ ਖਾਣਾਂ ਨੂੰ ਲੈਣ ਲਈ ਇਹ ਕੰਪਨੀ ਸਰਕਾਰ ਨੂੰ 27 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਰਿਐਲਟੀ ਦੇਦੀ ਹੈ । ਤੇ ਉਸੇ ਲੋਹੇ ਨੂੰ ਇਹ ਕੰਪਨੀਆਂ 6000 ਰੁਪਏ ਨੂੰ ਟਨ ਮਾਰਕੀਟ ਵਿਚ ਵੇਚਦੀਆਂ ਹਨ।ਖਾਣਾਂ ਵਿਚੋ ਲੋਹਾ ਕੱਢ ਕਿ ਸਾਫ ਕਰ ਤੇ 300 ਰੁਪਏ ਪ੍ਰਤੀ ਟਨ ਦਾ ਖਰਚ ਆਉਦਾ ਹੈ।ਕੀ ਇਹ ਸਿੱਧੀ ਦੇਸ ਦੀ ਪੂੰਜੀ ਦੀ ਲੁੱਟ ਨਹੀ ਹੈ।

ਇਸ ਤਰਾ ਹੀ ਦੇਸ ਦੇ ਜੰਗਲਾਂ ਨੂੰ ਵੇਚਿਆ ਜਾ ਰਿਹਾ ਹੈ। ਜਮੀਨਾਂ ਖੋਹ ਖੋਹ ਕਿ ਸਸਤੇ ਭਾਅ ਤੇ ਵੇਚੀਆਂ ਜਾ ਰਹੀਆਂ ਹਨ। ਇਸ ਦੇਸ ਦੀਆ ਪਾਰਟੀਆਂ,ਨੇਤਾਵਾਂ,ਅਫਸਰਾਂ ਦੇ ਹੱਥ ਵਿਚ ਸਾਡੇ ਦੇਸ ਦਾ ਸੰਵਿਧਾਨ,ਦੇਸ ਦੀ ਇਜ਼ਤ ਸਰੁਖਿੱਅਤ ਹੈ ? ਜੇ ਜਲਦੀ ਕੁਝ ਨਾ ਕੀਤਾ ਗਿਆ ਤਾ ਇਹਨਾਂ ਨੇ ਦੇਸ ਨੂੰ ਰਲ ਮਿਲ ਕੇ ਵੇਚ ਦੇਣਾ ਹੈ।

ਇਹ ਸਭ ਕੁਝ ਨੂੰ ਦੇਖ ਕਿ ਲੱਗਦਾ ਹੈ ਕਿ ਭਾਰਤ ਦੇ ਲੋਕ ਤੰਤਰ ਤੇ ਇੱਕ ਬਹੁਤ ਵੱਡਾ ਸਵਾਲੀਆਂ ਨਿਸਾਨ ਲੱਗ ਗਿਆ ਹੈ।ਸਾਰੀਆਂ ਪਾਰਟੀਆਂ ਦਾ ਇਕੋ ਜਿਹਾ ਕਿਰਦਾਰ ਹੈ।ਅਸੀ ਕਿਸੇ ਵੀ ਪਾਰਟੀ ਜਾਂ ਨੇਤਾ ਨੂੰ ਵੋਟ ਪਾਈ ਜਾਈਏ ਸਾਨੂੰ ਕੋਈ ਵੀ ਫਰਕ ਨਹੀ ਪੈਣਾ।

ਪਿਛਲੇ 60 ਸਾਲ ਤੋ ਸਾਰੀਆਂ ਪਾਰਟੀਆਂ ਸਾਰੇ ਲੀਡਰਾਂ ਨੂੰ ਅਜਮਾਂ ਕੇ ਦੇਖ ਚੁੱਕੇ ਹਾ।ਇਸ ਤੋ ਇੱਕ ਚੀਜ ਤਾਂ ਸਾਫ ਹੈ ਕਿ ਪਾਰਟੀਆਂ ਜਾਂ ਲੀਡਰ ਬਦਲਣ ਨਾਲ ਕੋਈ ਫਰਕ ਨਹੀ ਪੈਦਾ ਸਾਨੂੰ ਕੁਝ ਹੋਰ ਕਰਨਾ ਪੈਣਾ ਹੈ।

ਅਸੀ ਆਪਣੇ ਸੰਗਠਨ-ਪਰਿਵਰਤਨ- ਦੇ ਜਰੀਏ ਪਿਛਲੇ 10 ਸਾਲਾਂ ਵਿਚ ਵੱਖ ਵੱਖ ਮੁੱਦਿਆਂ ਤੇ ਕੰਮ ਕਰਦੇ ਰਹੇ।ਕਦੇ ਰਾਸ਼ਨ ਦਾ ਮੁੱਦਾ,ਕਦੇ ਪਾਣੀ ਦਾ ਮੁੱਦਾ,ਕਦੇ ਕਿਸੇ ਮਹਿਕਮੇ ਵਿਚ ਭਰਿਸ਼ਟਾਚਾਰ ਦਾ ਮੁੱਦਾ।ਸਾਨੂੰ ਥੋੜੀ ਬਹੁਤੀ ਸਫਲਤਾ ਵੀ ਮਿਲੀ ਸੀ।ਛੇਤੀ ਹੀ ਸਾਨੂੰ ਲੱਗਣ ਲੱਗਾ ਕਿ ਇਹ ਕੋਈ ਬਹੁਤ ਨਹੀ ਹੈ।ਜਦੋ ਅਸੀ ਉਸ ਮੁੱਦੇ ਤੇ ਕੰਮ ਕਰ ਰਹੇ ਹੁੰਦੇ ਤਾ ਸਾਨੂੰ ਲੱਗਦਾ ਕਿ ਇਸ ਵਿਚ ਸੁਧਾਰ ਹੋ ਰਿਹਾ ਹੈ ਤੇ ਜਦੋ ਅਸੀ ਹੋਰ ਮੁੱਦੇ ਤੇ ਕੰਮ ਸੁਰੂ ਕਰ ਦਿੰਦੇ ਤਾ ਪਹਿਲੇ ਦਾ ਫਿਰ ਬੁਰਾ ਹਾਲ ਹੋ ਜਾਦਾ।ਹੌਲੀ ਹੌਲੀ ਲੱਗਿਆ ਕਿ ਸਾਰੇ ਦੇਸ਼ ਵਿਚ ਕਿੰਨੇ ਮੁੱਦੇ ਹਨ? ਕਿੰਨਿਆ ਤੇ ਕਿਥੇ ਕਿਥੇ ਸਾਰੇ ਦੇਸ਼ ਵਿਚ ਕੰਮ ਕਰਾਂਗੇ।ਹੌਲੀ ਹੌਲੀ ਪਤਾ ਲੱਗਿਆ ਕਿ ਇਹਨਾ ਸਾਰਿਆਂ ਦੀ ਜੱੜ੍ਹ ਰਾਜਨੀਤੀ ਵਿਚ ਹੈ।ਇਹਨਾ ਸਭ ਦੇ ਪਿਛੇ ਰਾਜਨੀਤਕ ਪਾਰਟੀਆਂ ਦੇ ਭਰਿਸ਼ਟ ਲੀਡਰ ਹਨ,ਜਨਤਾ ਦਾ ਕੋਈ ਬਹੁਤਾ ਦੋਸ ਨਹੀ ਹੈ।ਰਾਸ਼ਨ ਦਾ ਮੁੱਦਾ ਹੀ ਲੈ ਲਵੋ ਰਾਸ਼ਨ ਚੋਰੀ ਕਰਨ ਵਾਲਿਆ ਨੂੰ ਰਾਜਨੀਤਕ ਪਾਰਟੀਆਂ ਤੇ ਲੀਡਰਾਂ ਦੀ ਪੂਰੀ ਸਹਿ ਪਾ੍ਰਪਤ ਹੈ।ਜਦੋ ਕੋਈ ਰਾਸ਼ਨ ਚੋਰੀ ਕਰਦਾ ਹੈ ਤਾ ਅਸੀ ਰਾਸ਼ਨ ਦੇ ਮੰਤਰੀ ਨੂੰ ਸਿਕਾਇਤ ਕਰਦੇ ਹਾ ਪਰ ਰਾਸ਼ਨ ਦਾ ਮੰਤਰੀ ਤਾ ਆਪ ਸਿੱਧੇ ਰੂਪ ਵਿਚ ਇਸ ਚੋਰੀ ਵਿਚ ਸਾਮਿਲ ਹੈ।ਇਸ ਚੋਰੀ ਦਾ ਹਿੱਸਾ ਤਾ ਸਿੱਧੇ ਰੂਪ ਵਿਚ ਉਸ ਨੂੰ ਪੁਹੰਚਦਾ ਹੈ।

ਉਹਨਾਂ ਨੂੰ ਹੀ ਸਿਕਾਇਤ ਕਰਕੇ ਅਸੀ ਨਿਆਂ ਦੀ ਆਸ ਕਰ ਸਕਦੇ ਹਾ?ਜਦੋ ਕਿਤੇ ਮੀਡਿਆਂ ਜਾ ਲੋਕਾਂ ਦਾ ਕੋਈ ਦਬਾਉ ਬਣਦਾ ਹੈ ਤਾ ਦਿਖਾਵੇ ਲਈ ਰਾਸਨ ਦੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਜਾਦੀਆਂ ਹਨ।ਜਦੋ ਜਨਤਾ ਦਾ ਦਬਾਉ ਘੱਟ ਜਾਦਾ ਹੈ ਤਾ ਫਿਰ ਦੁਕਾਨਾਂ ਬਹਾਲ ਕਰ ਦਿੱਤੀਆਂ ਜਾਦੀਆਂ ਹਨ।

ਇਸ ਸਾਰੇ ਤਮਾਸੇ ਵਿਚ ਜਨਤਾ ਕੋਲ ਕੋਈ ਤਾਕਤ ਨਹੀ ਹੈ।ਜਨਤਾ ਕੇਵਲ ਚੋਰਾਂ ਨੂੰ ਹੀ ਸਿਕਾਇਤ ਕਰ ਸਕਦੀ ਹੈ ਕਿ-ਕ੍ਰਿਪਾ ਕਰਕੇ ਆਪਣੇ ਖਿਲਾਫ ਕੋਈ ਕਾਰਵਾਈ ਕਰੋ-ਜੋ ਕਿ ਹੋਣ ਵਾਲੀ ਨਹੀ ਹੈ।
ਹੁਣ ਇਹ ਸਮਝ ਵਿਚ ਆਉਣ ਲੱਗਾ ਕਿ ਸਿੱਧੀ ਜਨਤਾ ਨੂੰ ਤਾਕਤ ਕਾਨੂੰਨ ਰਾਹੀ ਦੇਣੀ ਹੋਵੇਗੀ ਤਾ ਜੋ ਰਾਸਨ ਦੀ ਦੁਕਾਨ

ਤੇ ਸਿਕਾਇਤ ਕਰਨ ਦੇ ਬਜਾਏ ਆਪ ਕਾਰਵਾਈ ਕਰ ਸਕਣ।ਫੈਸਲਾ ਜਨਤਾ ਕਰੇ ਤੇ ਉਸ ਨੂੰ ਲਾਗੂ ਨੇਤਾ ਤੇ ਅਫਸਰ ਕਰਨ।ਕੀ ਅਜਿਹਾ ਹੋ ਸਕਦਾ ਹੈ ਕਿ 120 ਕਰੋੜ ਲੋਕਾਂ ਨੂੰ ਫੈਸਲੇ ਕਰਨ ਦਾ ਅਧਿਕਾਰ ਕਾਨੂੰਨ ਰਾਹੀ ਦਿੱਤਾ ਜਾਵੇ?

ਵੈਸੇ ਤਾ ਲੋਕਤੰਤਰ ਵਿਚ ਜਨਤਾ ਹੀ ਮਾਲਕ ਹੁੰਦੀ ਹੈ।ਜਨਤਾ ਨੇ ਹੀ ਸੰਸਦ ਤੇ ਸਰਕਾਰ ਨੂੰ ਇਹ ਫੈਸਲਾ ਕਰਨ ਦਾ ਹੱਕ ਦਿੱਤਾ ਹੈ। ਸੰਸਦ ਮੈਬਰਾਂ,ਵਿਧਾਨ ਸਭਾਵਾਂ ਦੇ ਮੈਬਰਾਂ ਨੇ ਇਸ ਦਾ ਦੁਰਉਪਯੋਗ ਰੱਜ ਕੇ ਕੀਤਾ ਹੈ।ਉਹਨਾਂ ਨੇ ਸਰੇਆਮ ਤੇ ਬੇਸ਼ਰਮੀ ਨਾਲ ਜਨਤਾ ਤੇ ਲੋਕਤੰਤਰ ਨੂੰ ਵੇਚ ਦਿੱਤਾ ਹੈ।ਕੀ ਹੁਣ ਸਮਝ ਆ ਗਿਆ ਹੈ ਕਿ ਜਨਤਾ ਲੀਡਰਾਂ,ਅਫਸਰਾਂ ਤੇ ਰਾਜਸੀ ਪਾਰਟੀਆਂ ਤੋ ਫੈਸਲੇ ਲੈਣ ਦਾ ਅਧਿਕਾਰ ਵਾਪਿਸ ਲਵੇ?ਕੀ ਅਜਿਹਾ ਹੋ ਸਕਦਾ ਹੈ?

ਇਹਨਾਂ ਪ੍ਰਸਨਾ ਦੇ ਉੱਤਰਾਂ ਲਈ ਅਸੀ ਬਹੁਤ ਘੁੰਮੇ ਫਿਰੇ,ਬਹੁਤ ਸਾਰੇ ਲੋਕਾਂ ਨੂੰ ਮਿਲੇ ਬਹੁਤ ਕੁਝ ਪੜਿਆਂ।ਜੋ ਕੁਝ ਸਮਝ ਵਿਚ ਆਇਆ ਉਹ ਇਸ ਕਿਤਾਬ ਦੇ ਰੂਪ ਵਿਚ ਲਿਖ ਰਹੇ ਹਾਂ,ਇਸ ਨੂੰ ਪੜਨ ਤੋ ਬਾਅਦ ਵਿਚ ਮਨ ਵਿਚ ਕੋਈ ਸ਼ੰਕਾ ਹੋਵੇ ਤਾ ਮੇਰੇ ਨਾਲ ਸੰਪਰਕ ਕਰ ਸਕਦੇ ਹੋ।ਜੇ ਸਹਿਮਤ ਹੋ ਤਾ ਫਿਰ ਤਨ,ਮਨ, ਧਨ ਨਾਲ ਇਸ ਸੰਘਰਸ ਵਿਚ ਜੁੱਟ ਜਾਵੋ।ਸਮਾਂ ਬਹੁੱਤ ਘੱਟ ਹੈ।ਦੇਸ ਦੀ ਸਰਕਾਰ ਤੇ ਸਾਧਨ ਬਹੁੱਤ ਤੇਜੀ ਨਾਲ ਵਿਦੇਸ਼ੀ ਕੰਪਨੀਆਂ ਤੇ ਵਿਦੇਸ਼ੀ ਸਰਕਾਰਾਂ ਦੇ ਹੱਥਾਂ ਵਿਚ ਜਾ ਰਹੇ ਹਨ।ਜਲਦੀ ਕੁਝ ਨਾ ਕੀਤਾ ਗਿਆ ਤਾ ਬਹੁਤ ਦੇਰ ਹੋ ਚੁੱਕੀ ਹੋਵੇਗੀ।

# ਜਨਤਾ ਦੀ ਇੱਕ ਨਹੀ ਚੱਲਦੀ...........................................................................

ਸਮਸਿਆਂ ਦੀ ਜੜ ਇਹ ਹੈ ਸਾਡੇ ਦੇਸ ਦੀ ਰਾਜਨੀਤਕ ਪ੍ਰਣਾਲੀ 5 ਸਾਲ ਵਿਚ ਇਕ ਵਾਰ ਵੋਟ ਪਾ ਕਿ ਇਹਨਾਂ ਹੀ ਲੀਡਰਾਂ ਦੇ ਸਾਹਮਣੇ ਪੂਰੇ 5 ਸਾਲ ਮਿਨਤਾਂ ਕਰਦੇ ਹਾ ਜਿਨਾ ਨੂੰ ਅਸੀ ਵੋਟਾਂ ਪਾ ਕੇ ਜਿਤਾਇਆਂ ਹੁੰਦਾ।ਜਨਤਾ ਦੀ ਇਸ ਪੂਰੀ ਵਿਵਸਥਾ ਵਿਚ ਹੋਰ ਕੋਈ ਪੁਛ ਪੜਤਾਲ ਨਹੀ ਹੁੰਦੀ।

## **ਸਰਕਾਰੀ ਕਰਮਚਾਰੀਆਂ ਤੇ ਕੋਈ ਜੋਰ ਨਹੀ** ---

ਮੰਨ ਲਵੋ ਕਿ ਤੁਹਾਡੇ ਸਰਕਾਰੀ ਸਕੂਲ ਦਾ ਅਧਿਆਪਕ ਠੀਕ ਨਹੀ ਪੜਾ ਰਿਹਾ।ਸਮੇ ਸਿਰ ਸਕੂਲ ਆਉਦਾ ਜਾਦਾ ਨਹੀ।ਕੀ ਤੁਸੀ ਉਸ ਦਾ ਕੁਝ ਵਿਗਾੜ ਸਕਦੇ ਹੋ?ਨਹੀ ਕਿਉਕਿ ਅਸੀ ਸਿਰਫ ਸਿਕਾਇਤ ਕਰਦੇ ਹਾ ਤੇ ਸਿਕਾਇਤ ਤੇ ਕੋਈ ਕਾਰਵਾਈ ਨਹੀ ਹੁੰਦੀ।

ਆਪਣੇ ਸਰਕਾਰੀ ਹਸਪਤਾਲ ਵਿਚ ਮੰਨ ਲਵੋ ਡਾਕਟਰ ਠੀਕ ਇਲਾਜ ਨਹੀ ਕਰਦਾ,ਦਵਾਈਆਂ ਨਹੀ ਦਿੰਦਾ, ਸਮੇ ਸਿਰ ਆਉਦਾ ਜਾਦਾ ਨਹੀ।ਤੁਸੀ ਕਰ ਸਕਦੇ ਹੋ ਉਸਦੇ ਖਿਲਾਫ ਕੋਈ ਕਾਰਵਾਈ? ਸਿਰਫ ਸਿਕਾਇਤ ਕਰਦੇ ਹਾ ਤੇ ਸਿਕਾਇਤ ਤੇ ਕੋਈ ਕਾਰਵਾਈ ਨਹੀ ਹੁੰਦੀ।

ਰਾਸ਼ਨ ਵਾਲਾ ਸਰੇਆਮ ਰਾਸ਼ਨ ਚੋਰੀ ਕਰਦਾ ਹੈ। ਤੁਸੀ ਉਸ ਦਾ ਕੁਝ ਵਿਗਾੜ ਸਕਦੇ ਹੋ?ਨਹੀ ਕਿਉਕਿ ਅਸੀ ਸਿਰਫ ਸਿਕਾਇਤ ਕਰਦੇ ਹਾ ਤੇ ਸਿਕਾਇਤ ਤੇ ਕੋਈ ਕਾਰਵਾਈ ਨਹੀ ਹੁੰਦੀ।

ਇਸ ਤਰਾ ਤੁਸੀ ਠਾਣੇ ਵਿਚ ਰਿਪੋਰਟ ਕਰਨ ਜਾਦੇ ਹੋ ਤੇ ਠਾਣੇਦਾਰ ਰਿਪੋਰਟ ਨਹੀ ਲਿਖਦਾ,ਉਲਟਾ ਤੁਹਾਡੇ ਖਿਲਾਫ ਮੁਕਦਮਾਂ ਦਰਜ ਕਰ ਦਿੰਦਾ ਹੈ। ਤੁਸੀ ਉਸ ਦਾ ਕੁਝ ਵਿਗਾੜ ਸਕਦੇ ਹੋ?

ਸੋ ਅਸੀ ਕਹਿ ਸਕਦੇ ਹਾ ਕਿ ਸਾਡਾ ਸਰਕਾਰੀ ਕਰਮਚਾਰੀਆਂ ਉੱਪਰ ਕੋਈ ਕਾਬੂ ਨਹੀ ਹੈ।

ਅਸੀ ਟੈਕਸ ਦਿੰਦੇ ਹਾ,ਇਸ ਦੇਸ ਦਾ ਗਰੀਬ ਤੋ ਗਰੀਬ ਆਦਮੀ ਵੀ ਟੈਕਸ ਦਿੰਦਾ ਹੈ।ਇਥੋ ਤੱਕ ਕਿ ਇੱਕ ਭਿਖਾਰੀ ਵੀ ਟੈਕਸ ਦਿੰਦਾ ਹੈ।ਕਿਉਕਿ ਜਦੋ ਉਹ ਬਾਜਾਰ ਵਿਚੋ ਸਾਬਣ ਖਰੀਦਦਾ ਹੈ ਤਾ ਉਸ ਤੇ ਸੇਲ ਟੈਕਸ ਦਿੰਦਾ ਹੈ।ਅਕਸਾਈਜ਼ ਡਿਉਟੀ ਦਿੰਦਾ ਹੈ ਹੋਰ ਪਤਾ ਨਹੀ ਕਿੰਨੇ ਟੈਕਸ ਦਿੰਦਾ ਹੈ।ਇਹ ਸਾਰੇ ਟੈਕਸਾਂ ਦਾ ਪੈਸਾ ਸਾਡਾ ਹੈ।

ਕਿਹਾ ਜਾਦਾ ਹੈ ਕਿ 70% ਅਬਾਦੀ ਸਿਰਫ 20 ਰੁਪਏ ਵਿਚ ਦਿਹਾੜੀ ਗੁਜਾਰਦੀ ਹੈ। ਜੇ ਇੱਕ ਪਰਵਾਰ ਵਿਚ 5 ਜੀਅ ਹਨ ਤਾ ਮਾਸਿਕ ਖਰਚ 3000 ਰੁਪਏ ਹੈ। ਜੇ ਸਾਰੇ ਕਿਸਮ ਦੇ ਟੈਕਸ ਜੋੜ ਲਏ ਜਾਣ ਤਾ 10% ਬਣ ਜਾਦਾ ਹੈ । ਇਸ ਹਿਸਾਬ ਵਿਚ ਇੱਕ ਗਰੀਬ ਪਰਵਾਰ 3600 ਰੁਪਏ ਸਲਾਨਾ ਟੈਕਸ ਦਿੰਦੇ ਹਨ। ਜੇ ਇੱਕ ਪਿੰਡ ਵਿਚ 1000 ਪਰਿਵਾਰ ਰਹਿ ਰਹੇ ਹਨ ।ਸਾਰੇ ਰਲ ਮਿਲ ਕੇ 36 ਲੱਖ ਰੁਪਏ ਦਾ ਟੈਕਸ ਸਲਾਨਾ ਦਿੰਦੇ ਹਨ।ਪਿਛਲੇ 10 ਸਾਲ ਵਿਚ ਪਿੰਡ ਸਾਢੇ 3 ਕਰੋੜ ਦਾ ਟੈਕਸ ਸਰਕਾਰ ਨੂੰ ਟੈਕਸ ਦੇ ਚੁੱਕੇ ਹਨ।

ਜਿਨਾ ਵੀ ਟੈਕਸ ਸਾਥੋ ਸਰਕਾਰ ਇਕਠਾ ਕਰਦੀ ਹੈ।ਅਸੀ ਉਸ ਪੈਸੇ ਦੇ ਮਾਲਕ ਹਾ,ਤੇ ਇਹ ਸਾਰੇ ਸਰਕਾਰੀ ਕਰਮਚਾਰੀ,ਸਰਕਾਰੀ ਅਧਕਾਰੀ,ਨੇਤਾ,ਸਾਡੇ ਨੋਕਰ ਹਨ।ਸਾਡੇ ਪੈਸਿਆ ਨਾਲ ਇਹਨਾਂ ਨੂੰ ਤਨਖਾਹ ਮਿਲਦੀ ਹੈ।ਸਾਡੇ ਪੈਸਿਆ ਨਾਲ ਹੀ ਬੰਗਲੇ,ਨੋਕਰ,ਲਾਲ ਬੱਤੀਆਂ ਵਾਲੀਆਂ ਕਾਰਾਂ,ਏਅਰਕੰਡੀਸਨ ਚੱਲਦੇ ਹਨ।

ਇਹ ਸਾਰੇ ਅੱਖਾਂ ਦਿਖਾਉਦੇ ਹਨ।ਸਾਡਿਆਂ ਪੈਸਿਆਂ ਨਾਲ ਤਨਖਾਹ ਲੈਣ ਵਾਲਿਆਂ ਤੇ ਸਾਡੀ ਚੱਲਦੀ ਨਹੀ ਹੈ।ਸਾਡੇ ਨੋਕਰਾਂ ਤੇ ਹੀ ਸਾਡੀ ਨਹੀ ਚੱਲਦੀ।ਅਧਿਆਪਕ ਦਾ ਕੁਝ ਨਹੀ ਕਰ ਸਕਦੇ,ਸਰਕਾਰੀ ਡਾਕਟਰ ਦਾ ਕੁਝ ਨਹੀ ਕਰ ਸਕਦੇ,ਠਾਣੇਦਾਰ ਦਾ ਕੁਝ ਨਹੀ ਕਰ ਸਕਦੇ।ਕਦੇ ਕੁਲੇਕਟਰ ਦੇ ਦਫਤਰ ਵਿਚ ਗਏ ਹੋ?ਉਸਨੂੰ ਮਿਲਨ ਦੀ ਕੋਸਿਸ ਕੀਤੀ ਹੈ? ਉਹ ਮਿਲਦਾ ਨਹੀ ਹੈ।ਉਹ ਸਾਡਾ ਨੋਕਰ ਹੈ ਸਾਨੂੰ ਅੱਖਾਂ ਦਿਖਾਉਦਾ ਹੈ।ਉਸਦਾ ਚਪੜਾਸੀ ਅੱਖਾਂ ਦਿਖਾਉਦਾ ਹੈ।ਸਾਰਿਆਂ ਕਰਮਚਾਰੀਆਂ ਉਪਰ ਜ਼ੋ ਸਾਡੇ ਪੈਸਿਆਂ ਨਾਲ ਤਨਖਾਹ ਲੈਦੇ ਹਨ ਉਹਨਾਂ ਤੇ ਸਾਡੀ ਚੱਲਦੀ ਨਹੀ ਹੈ।

## ਸਰਕਾਰੀ ਪੈਸਿਆਂ ਤੇ ਸਾਡਾ ਕੋਈ ਹੱਕ ਨਹੀ-

ਦੂਜਾ ਸਰਕਾਰੀ ਪੈਸਿਆਂ ਤੇ ਸਾਡਾ ਕੋਈ ਹੱਕ ਨਹੀ ਹੈ।ਇਹ ਸਾਰੇ ਦਾ ਸਾਰਾ ਪੈਸਾ ਕਿਵੇ ਵਰਤਿਆ ਜਾਣਾ ਚਾਹੀਦਾ ਹੈ?ਕਿਥੇ ਵਰਤਿਆ ਜਾਣਾ ਚਾਹੀਦਾ?ਸਾਡੀਆਂ ਕੀ ਜਰੂਰਤਾਂ ਹਨ ਸਾਨੂੰ ਪੁਛਿਆ ਹੀ ਨਹੀ ਜਾਦਾ?
ਦਿੱਲੀ ਵਿਚ ਸਰਕਾਰ ਨੇ ਕਾਮਨਵੈਲਥ ਖੇਡਾਂ ਦੇ ਨਾਮ ਤੇ 70 ਹਜਾਰ ਕਰੋੜ ਰੁਪਏ ਫੂਕ ਦਿੱਤੇ।ਬਹੁਤ ਸਾਰੀਆਂ ਸੜਕਾਂ ਨੂੰ ਤੋੜ ਕਿ ਦੁਬਾਰਾ ਬਣਾਇਆ ਗਿਆ,ਫੁੱਟ-ਪਾਥਾਂ ਨੂੰ ਤੋੜ ਕੇ ਦੁਬਾਰਾ ਬਣਾਇਆ ਗਿਆ।ਕਈ ਅਖਬਾਰਾਂ ਵਿਚ ਖਬਰ ਆਈ ਕਿ ਸਰਕਾਰ ਨੇ 400 ਕਰੋੜ ਰੁਪਏ ਦੇ ਫੁੱਟ-ਪਾਥ ਤੋੜ ਕਿ ਦੁਬਾਰਾ ਬਣਾਏ।

ਦੂਜੇ ਪਾਸੇ ਦਿੱਲੀ ਨਗਰ ਨਿਗਮ ਦੇ ਸਫਾਈ ਕਰਮਚਾਰੀਆਂ ਨੂੰ 3-3 ਮਹੀਨਿਆਂ ਤੋ ਤਨਖਾਹ ਨਹੀ ਮਿਲੀ।ਠੇਕੇਦਾਰਾਂ ਨੂੰ 5-5 ਸਾਲਾਂ ਤੋ ਪੈਸਿਆਂ ਦਾ ਭੁਗਤਾਨ ਨਹੀ ਹੋਇਆ।ਪਰ ਦਿੱਲੀ ਨਗਰ ਨਿਗਮ ਦੀ ਛੱਤ ਤੇ ਹੈਲੀ ਪੈਡ ਬਣਾਇਆ ਜਾ ਰਿਹਾ ਹੈ।ਤਾ ਕਿ ਲੀਡਰਾਂ ਦੇ ਹੈਲੀਕਪਟਰ ਉਥੇ ਉੱਤਰ ਸਕਣ।

ਜਦੋ ਉਸੇ ਸਰਕਾਰ ਕੋਲ ਅਸੀ ਕੋਈ ਸਮਸਿਆਂ ਲੈ ਕਿ ਜਾਦੇ ਹਾ ਤਾ ਸਰਕਾਰ ਕਹਿ ਦਿੰਦੀ ਹੈ ਕਿ ਸਰਕਾਰ ਕੋਲ ਪੈਸੇ ਨਹੀ ਹੈ।ਸੁੰਦਰ ਨਗਰੀ ਦੀ ਉਦਾਹਰਣ ਲੈ ਲਵੋ,ਸੁੰਦਰ ਨਗਰ ਦਿੱਲੀ ਦਾ ਝੁੱਗੀ ਝੌਪੜੀ ਵਾਲਾ ਇਲਾਕਾ ਹੈ।ਇਥੇ ਲੋਕਾਂ ਕੋਲ ਪੀਣ ਲਈ ਪਾਣੀ ਨਹੀ ਹੈ।ਲੋਕਾਂ ਕੋਲ ਸਰਕਾਰੀ ਸਕੂਲ ਨਹੀ ਹੈ।ਸੀਵਰ ਸਿਸਟਮ ਨਹੀ ਹੈ।ਜਦੋ ਵੀ ਸਰਕਾਰ ਦੇ ਕੋਲ ਜਾਦੇ ਹਾ ਤਾ ਸਰਕਾਰ ਕਹਿੰਦੀ ਹੈ ਕਿ ਉਸ ਕੋਲ ਪੈਸੇ ਨਹੀ ਹਨ।ਲੇਕਿਨ ਸਰਕਾਰ ਨੇ ਕੁਝ ਸਾਲ ਪਹਿਲਾ ਇਸ ਇਲਾਕੇ ਵਿਚ 60 ਲੱਖ ਰੁਪਏ ਦੇ ਫੁਹਾਰੇ ਲਵਾਏ ਹਨ।ਇਥੋ ਦੇ ਲੋਕਾਂ ਕੋਲ ਤਾ ਪੀਣ ਲਈ ਪਾਣੀ ਨਹੀ ਹੈ।ਸਰਕਾਰ ਨੇ ਫੁਹਾਰੇ ਲੁਆਏ ਹਨ।ਇਹ ਕਿਹੋ ਜਿਹਾ ਮਜਾਕ ਹੈ?ਉਹ ਫੁਹਾਰੇ ਇਕ ਵੀ ਦਿਨ ਨਹੀ ਚੱਲੇ ਕਿਉਕਿ ਉਸ ਇਲਾਕੇ ਵਿਚ ਪਾਣੀ ਨਹੀ ਹੈ।ਜਿਸ ਦਿਨ ਉਦਘਾਟਨ ਸੀ ਉਸ ਦਿਨ ਵੀ ਨਹੀ ਚੱਲੇ ਕਿਉਕਿ ਪਾਣੀ ਨਹੀ ਆਇਆ।

ਇਥੋ ਪਤਾ ਲੱਗਦਾ ਕਿ ਸਰਕਾਰ ਕੋਲ ਪੈਸਾ ਤਾ ਹੈ ਪਰ ਇਸ ਦੀ ਵਰਤੋ ਗਲਤ ਚੀਜਾ ਤੇ ਹੁੰਦੀ ਹੈ।ਉਹਨਾਂ ਚੀਜਾ ਤੇ ਜਿਨਾਂ ਦੀ ਜਰੂਰਤ ਹੀ ਨਹੀ ਹੈ।

ਪਿੰਡ ਦੀ ਉਦਾਹਰਣ ਲੈ ਲਵੋ ਪਿੰਡਾਂ ਵਿਚ ਲੋਕਾਂ ਦੀ ਸਮਸਿਆਂ ਤਾ ਹੋਰ ਹੁੰਦੀ ਹੈ ਲੇਕਿਨ ਪੈਸਾ ਹੋਰ ਸਕੀਮਾਂ ਅਧੀਨ

ਭੇਜਿਆ ਜਾਦਾ ਹੈ । ਦਿੱਲੀ ਤੇ ਬਾਕੀ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਬੈਠ ਕੇ 120 ਕਰੋੜ ਜਨਤਾ ਦੀਆਂ ਸਮਸਿਆਂਵਾਂ ਦਾ ਫੈਸਲਾ ਕੀਤਾ ਜਾਦਾ ਹੈ।ਸਾਡੀਆਂ ਜਰੂਰਤਾਂ ਕੀ ਹਨ?ਸਾਡੇ ਇਲਾਕੇ ਵਿਚ ਪੈਸਾ ਕਿਵੇ ਤੇ ਕਿਥੇ ਵਰਤਿਆ ਜਾਣਾ ਹੈ?ਵੱਖ ਵੱਖ ਸਕੀਮਾਂ ਬਣਦੀਆਂ ਹਨ ਜਿਵੇ ਬੁਢਾਪਾ ਪੈਨਸਨ,ਵਿਧਵਾ ਪੈਨਸਨ,ਨਰੇਗਾ,ਰਾਸਨ ਆਦਿ ਬਾਰੇ ਦਿੱਲੀ ਭੂਪਾਲ,ਲਖਨਊ ਵਿਚ ਬੈਠ ਕਿ ਅਫਸਰ ਤੇ ਨੇਤਾ ਫੈਸਲਾ ਕਰਦੇ ਹਨ।

ਅਸੀ ਪੱਛਮੀ ਬੰਗਾਲ ਦੇ ਖਜੂਰੀ ਪਿੰਡ ਵਿਚ ਗਏ।ਉਥੇ ਦੇ ਸਰਪੰਚ ਨੇ ਦੱਸਿਆਂ ਕਿ ਉਸਦੇ ਕੋਲ 6 ਕਰੋੜ ਰੁਪਏ ਸਰਕਾਰ ਵੱਲੋ ਆਏ ਹਨ। ਉਸ 6 ਕਰੋੜ ਵਿਚੋ 20 ਲੱਖ ਰੁਪਏ ਖਰਚ ਕਰਕੇ ਸਕੂਲ ਨਹੀ ਬਣਵਾ ਸਕਦੇ ਕਿਉਕਿ ਇਹ ਪੈਸਾ-ਟਾਈਡ-ਫੰਡ ਹੈ । ਸਾਰੇ ਦਾ ਸਾਰਾ ਪੈਸਾ ਕਿਸੇ ਨਾ ਕਿਸੇ ਸਕੀਮ ਵਿਚ ਬੰਨਿਆਂ ਹੋਇਆ ਹੈ।ਐਨੇ ਪੈਸੇ ਵਿਧਵਾ ਪੈਨਸਨ ਲਈ, ਐਨੇ ਪੈਸੇ ਇੰਦਰਾ ਵਿਕਾਸ ਲਈ, ਐਨੇ ਪੈਸੇ ਵਿਚ ਇਹ ਹੋਵੇਗਾ।

ਸਾਡੀਆਂ ਜਰੂਰਤਾਂ ਕੁਝ ਹੋਰ ਹੁੰਦੀਆਂ ਹਨ।ਅਸੀ ਪੈਸੇ ਨਾਲ ਨਵੇ ਡਾਕਟਰ ਲਗਾਉਣਾ ਚਾਹੁੰਦੇ ਹਾ,ਪੈਸਾ ਖੇਤੀਬਾੜੀ ਤੇ ਖਰਚਣਾ ਹੁੰਦਾ ਪਰ ਸਾਰੇ ਦਾ ਸਾਰਾ ਪੈਸਾ ਦਿੱਲੀ ਤੋ ਤਹਿ ਹੋ ਕਿ ਆਉਦਾ ਹੈ ਕਿ ਪੈਸਾ ਕਿਥੇ ਖਰਚਣਾ ਹੈ।

ਅਸੀ ਉੜੀਸਾ ਦੇ ਇਕ ਪਿੰਡ ਵਿਚ ਗਏ ਤਾ ਸਰਪੰਚ ਨੇ ਦੱਸਿਆ ਕਿ ਪਿੰਡ ਵਿਚ ਹੈਜੇ ਨਾਲ 63 ਪਰਵਾਰ ਪੀੜਿਤ ਹਨ ਅਸੀ ਉਹਨਾਂ ਦੇ ਇਲਾਜ ਲਈ ਨਜਦੀਕ ਹਸਪਤਾਲ ਬਣਾਉਣਾ ਚਾਹੁੰਦੇ ਹਾ ਜੋ ਹਸਪਤਾਲ ਨੇੜੇ ਹੈ ਉਹ 15 ਕਿਲੋਮੀਟਰ ਦੂਰ ਹੈ।ਪਿੰਡ ਦੀ ਪੰਚਾਇਤ ਦੇ ਕੋਲ 6 ਲੱਖ ਰੁਪਈਆਂ ਹੈ।ਲੇਕਿਨ ਸਾਰਾ ਪੈਸਾ ਟਾਈਡ ਫੰਡ ਵਿਚ ਹੈ।ਉਸ ਵਿਚੋ ਤਾ ਅਸੀ ਕੋਈ ਗੱਡੀ ਵੀ ਕਿਰਾਏ ਤੇ ਨਹੀ ਲੈ ਸਕਦੇ।ਤਾ ਜੋ ਅਸੀ ਪੀੜਿਤ ਲੋਕਾਂ ਨੂੰ ਹਸਪਤਾਲ ਪਹੁੰਚਾ ਸਕਦੇ 7 ਵਿਅਕਤੀਆਂ ਦੀ ਰਸਤੇ ਵਿਚ ਹੀ ਮੌਤ ਹੋ ਗਈ।ਇਹ ਪੈਸਾ ਕਿਸ ਕੰਮ ਆਇਆਂ ਜਿਸ ਨਾਲ ਅਸੀ ਆਪਣੇ ਲੋਕਾਂ ਦੀ ਜਾਨ ਵੀ ਨਾ ਬਚਾ ਸਕੇ !

ਇਕ ਹੋਰ ਉਦਾਹਰਣ ਹੈ।ਇਕ ਵਾਰ ਦਿੱਲੀ ਬੈਠੇ ਕਿਸੇ ਅਫਸਰ ਨੂੰ ਸੁਪਨਾ ਆਇਆ ਉਸਨੇ ਸੁਪਨੇ ਵਿਚ ਦੇਖਿਆ ਅਗਰ ਹਰੇਕ ਪਿੰਡ ਦੇ ਵਸਨੀਕ ਆਪਣੇ ਆਪਣੇ ਪਿੰਡ ਵਿਚ ਪਾਣੀ ਇਕਠਾ ਕਰਨਾ ਸੁਰੂ ਕਰ ਦੇਣ ਤਾ ਸਾਡੇ ਦੇਸ ਦੀ ਪਾਣੀ ਦੀ ਸਮੱਸਿਆਂ ਹੱਲ ਹੋ ਸਕਦੀ ਹੈ।ਬੱਸ ਇਕ ਫੁਰਮਾਨ ਜਾਰੀ ਹੋ ਗਿਆ -ਸਾਡਾ ਪਿੰਡ ਸਾਡਾ ਪਾਣੀ-ਜੋ ਪਿੰਡ ਆਪਣੇ ਆਪਣੇ ਸਿਵਲ ਢਾਂਚੇ ਬਣਾ ਕਿ ਆਪਣੇ ਪਿੰਡ ਵਿਚ ਪਾਣੀ ਇਕਠਾ ਕਰਕੇ ਉਸ ਨੂੰ ਵਰਤੋ ਵਿਚ ਲਿਆਵੇਗਾ ਉਸ ਪਿੰਡ ਨੂੰ ਸਰਕਾਰ ਵੱਲੋ 60 ਹਜਾਰ ਤੋ 1 ਲੱਖ ਤੱਕ ਦਿੱਤੇ ਜਾਣਗੇ।ਦਿੱਲੀ ਵਿਚ ਯੋਜਨਾ ਬਣੀ ਫਿਰ ਰਾਜਧਾਨੀ ਤੋ ਹੁੰਦੀ ਹੋਈ,ਜਿਲਾ

ਕੁਲੈਕਟਰ ਦੇ ਪਾਸ।ਪਿੰਡ ਦੇ ਸਰਪੰਚ ਨੇ ਪਿੰਡ ਦਾ ਇਕਠ ਕਰ ਲਿਆ ਕਿ ਅਜਿਹੀ ਸਕੀਮ ਆਈ ਹੈ ਕਿ ਸਾਰੇ ਪਿੰਡ ਦਾ ਪਾਣੀ ਪਿੰਡ ਵਿਚ ਹੀ ਇਕਠਾ ਕਰਨ ਦੀ ਤਿਆਰੀ ਕਰਨੀ ਹੈ।ਇਸ ਲਈ ਸਾਨੂੰ 1 ਲੱਖ ਰੁਪਿਆਂ ਮਿਲੇਗਾ ਤੁਸੀ ਆਪਣੀ ਸਲਾਹ ਦੇਵੋ।ਇਹ ਸੁਣ ਕਿ ਸਾਰੇ ਹੀ ਹੱਸਣ ਲੱਗੇ ਕਿਉਕਿ ਇਹ ਪਿੰਡ ਹੜਾਂ ਨਾਲ ਪ੍ਰਵਾਵਿਤ ਸੀ ਲੋਕ ਪਿੰਡ ਵਿਚ ਪਾਣੀ ਇਕਠਾ ਨਹੀ ਕਰਨਾ ਚਹੁੰਦੇ ਸਗੋ ਪਿੰਡ ਵਿਚੋ ਬਾਹਰ ਕੱਢਣਾ ਚਾਹੁੰਦੇ ਸਨ।

ਇਹੋ ਜਿਹੀਆਂ ਸਕੀਮਾਂ ਦਿੱਲੀ ਤੋ ਬਣ ਕੇ ਆਉਦੀਆਂ ਹਨ।ਸਾਰੇ ਦੇਸ ਦੀਆਂ ਸਮਸਿਆਂ ਦਾ ਹੱਲ ਇਕੋ ਜਿਹੀਆਂ ਸਕੀਮਾਂ ਨਾਲ ਨਹੀ ਨਿਕਲ ਸਕਦਾ।ਮੇਰਾ ਤਾ ਇਹ ਵਿਚਾਰ ਹੈ ਕਿ ਦੇਸ ਦੀਆਂ ਸਮਸਿਆਂ ਦਾ ਹੱਲ ਦਿੱਲੀ ਵਿਚ ਬੈਠ ਕਿ ਬਣਾਈਆਂ ਸਕੀਮਾਂ ਨਹੀ ਕੱਢ ਸਕਦੀਆਂ।ਕਿਉਕਿ ਵੱਖ ਵੱਖ ਪਿੰਡਾਂ ਦੀ ਸਥਿਤੀ ਵੀ ਭਿੰਨ ਭਿੰਨ ਹੁੰਦੀ ਹੈ।ਉਹਨਾਂ ਨੂੰ ਦਿੱਲੀ ਵਿਚ ਬੈਠ ਕਿ ਨਹੀ ਸਮਝ ਸਕਦੇ।

## ਬੀ.ਪੀ.ਐਲ. ਦੀ ਰਾਜਨੀਤੀ-

ਇਕ ਹੋਰ ਗੱਲ ਹੈ ਕਿ ਜਿਨੀਆਂ ਵੀ ਸਕੀਮਾਂ ਬਣਦੀਆਂ ਹਨ ਉਹਨਾਂ ਨੇ ਲੋਕਾਂ ਨੂੰ ਭਿਖਾਰੀ ਬਣਾ ਦਿੱਤਾ ਹੈ।ਜਿਨਾਂ ਵਿਚੋ ਬਹੁਤੀਆਂ ਗਰੀਬ ਅਤੇ ਗਰੀਬੀ ਦੇ ਨਾਮ ਤੇ ਬਣਦੀਆਂ ਹਨ। ਬੀ.ਪੀ.ਐਲ. ਦੇ ਨਾਮ ਤੇ ਬਣਦੀਆਂ ਹਨ।ਇਸ ਬੀ.ਪੀ.ਐਲ. ਦੀ ਰਾਜਨੀਤੀ ਨੂੰ ਸਾਨੂੰ ਸਮਝਣਾ ਪੈਣਾ

ਬੀ.ਪੀ.ਐਲ. ਨੀਤੀਆਂ ਦਿੱਲੀ ਵਿਚ ਇਸ ਲਈ ਬਣਾਈਆਂ ਜਾਦੀਆਂ ਹਨ ਤਾ ਜੋ ਸੱਤਾਧਾਰੀ ਪਾਰਟੀ ਨੂੰ ਵੋਟਾਂ ਮਿਲ ਸਕਣ ।ਕਿਹਾ ਜਾਦਾ ਹੈ ਕਿ ਇਹ ਗਰੀਬਾਂ ਦੀ ਪਾਰਟੀ ਹੈ।ਇਸ ਲਈ ਗਰੀਬਾਂ ਲਈ ਨੀਤੀਆਂ ਬਣਾਈਆਂ ਜਾ ਰਹੀਆ ਹਨ। ਨੀਤੀਆਂ ਗਰੀਬਾਂ ਲਈ ਕਹਿ ਕਿ ਬਣਾਈਆਂ ਜਾਦੀਆਂ ਹਨ।ਨੀਤੀਆਂ ਬਣਾਉਣ ਵਾਲਿਆਂ ਨੂੰ ਵੀ ਪਤਾ ਹੁੰਦਾ ਹੈ।ਜਿਨਾ ਲਈ ਇਹ ਨੀਤੀਆਂ ਬਣ ਰਹੀ ਹਨ ਉਹਨਾਂ ਤੱਕ ਤਾ ਇੱਕ ਪੈਸਾ ਵੀ ਨਹੀ ਪਹੁੰਚਣਾ।ਇਹ ਕੇਵਲ ਇਕ ਦਿਖਾਵਾ ਹੀ ਹੈ।

ਅਸੀ ਦੇਸ ਦੀ ਰਾਸਟਰੀ ਪਾਰਟੀ ਦੇ ਇਕ ਵੱਡੇ ਲੀਡਰ ਨੂੰ ਮਿਲੇ ਤੇ ਉਸ ਨੂੰ ਕਿਹਾ ਕਿ- ਤੁਸੀ ਸਾਰੀਆਂ ਸਕੀਮਾਂ ਦਿੱਲੀ ਵਿਚ ਬੈਠ ਕਿ ਬਣਾਉਣੀਆਂ ਬੰਦ ਕਰ ਦਿਉ ਤੇ ਸਿੱਧਾ ਪੈਸਾ ਪਿੰਡਾ ਨੂੰ ਭੇਜਣਾ ਸੁਰੂ ਕਰ ਦਿਉ।ਹਰੇਕ ਪਿੰਡ ਦੇ ਲੋਕ ਇਹ ਫੈਸਲਾ ਕਰਨ ਕਿ ਉਹਨਾਂ ਨੂੰ ਕੀ ਚਾਹੀਦਾ ਹੈ।ਤਾ ਉਸ ਨੇ ਕਿਹਾ ਕਿ-ਆਪ ਨੂੰ ਪਤਾ ਹੈ ਕਿ ਇਕ ਇਕ ਯੋਜਨਾ ਦੇ ਦੁਆਲੇ ਕਿੰਨੇ ਮੱਗਰਮੱਛ ਬੈਠੇ ਹਨ?ਜੇ ਅਸੀ ਨੀਤੀਆਂ ਬਣਾਉਣੀਆਂ ਬੰਦ ਕਰ ਦਿੱਤੀਆਂ ਤਾ ਸਾਡੀ ਪਾਰਟੀ ਦੀ ਸਰਕਾਰ ਟੁੱਟ

ਜਾਵੇਗੀ।ਬਾਕੀ ਪਾਰਟੀਆਂ ਸਮਰਥਣ ਵਾਪਿਸ ਲੈ ਲੈਣਗੀਆਂ।ਇਸ ਦਾ ਮਤਲਬ ਉਸ ਨੂੰ ਪਤਾ ਹੈ ਕਿ ਇਹ ਪੈਸਾ ਗਰੀਬਾਂ ਤੱਕ ਨਾ ਹੀ ਪਹੁੰਚ ਰਿਹਾ ਹੈ ਤੇ ਨਾ ਹੀ ਪਹੁੰਚੇਗਾ।ਫਿਰ ਇਹ ਕਿਉ ਯੋਜਨਾ ਬਣਾ ਰਹੇ ਹਨ? ਨੀਤੀਆਂ ਇਸ ਲਈ ਬਣਾ ਰਹੇ ਹਨ ਕਿ ਉਹਨਾਂ ਨੇ ਚੋਰੀ ਕਰਨੀ ਹੈ। ਉਹ ਇਸ ਤਰਾ ਦੀਆਂ ਨੀਤੀਆਂ ਬਣ ਕੇ ਇਹ ਸਿੱਧ ਕਰਦੇ ਹਨ ਕਿ ਉਹ ਗਰੀਬਾਂ ਦੀ ਸਰਕਾਰ ਹੈ,ਦੂਜਾ ਇਹ ਵੀ ਪਤਾ ਹੈ ਕਿ ਇਹ ਪੈਸਾ ਵੀ ਆਪਣੀ ਜੇਬ ਵਿਚ ਆ ਜਾਣਾ ਹੈ ਜਿਸ ਨਾਲ ਇਕ ਤਾ ਵੋਟਾਂ ਮਿਲਣਗੀਆਂ ਦੂਸਰਾ ਚੋਰੀ ਕਰਨ ਦਾ ਮੌਕਾ ਵੱਖਰਾ

ਉਧਰ ਇਹਨਾਂ ਨੀਤੀਆਂ ਦਾ ਪਿੰਡਾਂ ਦੇ ਲੋਕਾਂ ਤੇ ਬਹੁਤ ਹੀ ਮਾੜਾ ਅਸਰ ਪੈ ਰਿਹਾ ਹੈ। ਜਦੋ ਵੀ ਕਿਸੇ ਪਿੰਡ ਵਿਚ ਜਾਵੋ ਤਾ ਲੋਕ ਘੇਰ ਲੈਣਗੇ ਤੇ ਪਹਿਲੀ ਮੰਗ ਇਹ ਹੋਵੇਗੀ ਕਿ ਸਾਹਿਬ ਮੇਰਾ ਨਾਮ ਬੀ.ਪੀ.ਐਲ. ਵਿਚ ਨਹੀ ਹੈ ਮੇਰਾ ਨਾਮ ਬੀ.ਪੀ.ਐਲ. ਦੀ ਲਿਸਟ ਵਿਚ ਪਵਾ ਦਿਉ। ਬੀ.ਪੀ.ਐਲ. ਦਾ ਕੀ ਮਤਲਬ ਹੁੰਦਾ ਹੈ? ਬੀ.ਪੀ.ਐਲ. ਦਾ ਮਤਲਬ ਹੁੰਦਾ ਹੈ ਭਿਖਾਰੀ।ਇਸ ਦਾ ਮਤਲਬ ਇਕ ਆਦਮੀ ਇਹ ਕਹਿ ਰਿਹਾ ਕਿ ਉਸਦੇ ਕੋਲ ਕੁਝ ਨਹੀ ਹੈ।ਪੈਸਾ ਨਹੀ,ਘਰ ਬਾਰ ਨਹੀ ਹੈ ਇਹ ਸਮਾਜ ਮੇਰੀ ਮਦਦ ਕਰੇ।ਇਸ ਦੇਸ ਦੀ ਬਦਨਸੀਬੀ ਦੇਖੋ ਹਰੇਕ ਆਦਮੀ ਚਾਹੁੰਦਾ ਹੈ ਕਿ ਮੈਨੂੰ ਭਿਖਾਰੀ ਬਣਾ ਦਿਉ।ਮੈਨੂੰ ਭਿਖਾਰੀਆਂ ਦੀ ਲਿਸਟ ਵਿਚ ਪਾ ਦਿਉ।ਦੌੜ ਲੱਗੀ ਹੋਈ ਹੈ,ਮੰਗਤੇ ਬਣਨ ਲਈ ਅਜਿਹਾ ਦੇਸ ਕਿਵੇ ਤਰੱਕੀ ਕਰ ਸਕਦਾ ਹੈ?ਕਦੇ ਤਰੱਕੀ ਕਰੇਗਾ?

ਮੈ ਸਾਰੇ ਦੇਸ ਵਿਚ ਬਹੁਤ ਘੁੰਮਿਆਂ ਹਾ ਇਕ ਵੀ ਆਦਮੀ ਅਜਿਹਾ ਨਹੀ ਮਿਲਿਆ ਜਿਹੜਾ ਕਹੇ ਕਿ ਮੈ ਕਦੇ ਬੀ.ਪੀ.ਐਲ. ਦੀ ਲਿਸਟ ਵਿਚ ਹੁੰਦਾ ਸੀ ਹੁਣ ਆਪਣੇ ਪੈਰਾਂ ਤੇ ਖੜਾ ਹੋ ਗਿਆ ਹਾ ਮੇਰਾ ਨਾ ਹੁਣ ਬੀ.ਪੀ.ਐਲ. ਦੀ ਲਿਸਟ ਵਿਚੋ ਕੱਢ ਦਿਉ ਇਹ ਸਾਰੀਆਂ ਯੋਜਨਾਵਾਂ ਲੋਕਾਂ ਦੀ ਮਾਨਸਿਕਤਾ ਨੂੰ ਬਰਬਾਦ ਕਰ ਰਹੀਆਂ ਹਨ।

ਪਹਿਲੀ ਗੱਲ ਇਹ ਸਮਝੋ ਕਿ ਸਾਡਾ ਸਰਕਾਰੀ ਕਰਮਚਾਰੀਆਂ ਤੇ ਕੋਈ ਹੁਕਮ ਨਹੀ ਹੈ ਦੂਸਰਾਂ ਸਰਕਾਰੀ ਫੰਡਾਂ ਨੂੰ ਮਰਜੀ ਨਾਲ ਨਹੀ ਵਰਤ ਸਕਦੇ।

## ਸਰਕਾਰੀ ਨੀਤੀਆਂ ਅਤੇ ਕਾਨੂੰਨਾਂ ਤੇ ਕੋਈ ਕਾਬੂ ਨਹੀ-

ਸਾਡੀ ਸਰਕਾਰ ਬਹੁਤ ਕਾਨੂੰਨ ਬਣਾਉਦੀ ਹੈ।ਬਹੁਤ ਨੀਤੀਆਂ ਬਣਾਉਦੀ ਹੈ।ਇਹ ਸਾਰੇ ਕਾਨੂੰਨ ਬਣਨ ਨਾਲ ਨੀਤੀਆਂ

ਬਣਨ ਨਾਲ ਸਾਨੂੰ ਕੋਈ ਫਰਕ ਨਹੀ ਪੈਦਾ

ਇਸ ਕਿਤਾਬ ਦੇ ਪਹਿਲੇ ਕਾਂਡ ਵਿਚ ਇਸ ਦਾ ਜਿਕਰ ਕੀਤਾ ਸੀ ਕਿ ਕਿਵੇ ਸਾਡੀ ਸਰਕਾਰ ਸੰਸਦ ਵਿਚ ਇਹੋ ਜਿਹੇ ਕਾਨੂੰਨ ਬਣਾਉਦੀ ਹੈ।ਜੋ ਵਿਦੇਸ਼ੀ ਕੰਪਨੀਆਂ,ਵਿਦੇਸ਼ੀ ਸਰਕਾਰਾਂ ਦੇ ਪ੍ਰਭਾਵ ਵਿਚ ਆ ਕਿ ਬਣਾਏ ਜਾਦੇ ਹਨ।ਇਸ ਦੇਸ ਦੇ ਲੋਕਾਂ ਦੀ ਜ਼ਿਦਗੀਆਂ ਨੂੰ ਕੋਡੀਆਂ ਦੇ ਭਾਅ ਦਾਅ ਤੇ ਲਾ ਦਿੱਤਾ ਜਾਦਾ ਹੈ।

ਜੋ ਵੋਟ ਪਾਉਦੇ ਹਨ ਸਰਕਾਰ ਚੁਣਦੇ ਹਨ ਉਹਨਾਂ ਨੂੰ ਸਰਕਾਰ ਪੁਛਦੀ ਨਹੀ ਹੈ ਕਿ ਉਹਨਾਂ ਨੂੰ ਕਿਹੋ ਜਿਹੇ ਕਾਨੂੰਨ ਚਾਹੀਦੇ ਹਨ। ਕਾਨੂੰਨ ਬਣਾਉਣ ਤੋ ਪਹਿਲਾ ਸਰਕਾਰ ਵਿਦੇਸ਼ੀ ਸਰਕਾਰਾਂ ਨੂੰ ਕੰਪਨੀਆਂ ਨੂੰ ਜਰੂਰ ਪੁਛਦੀ ਹੈ।

ਤੀਸਰੀ ਗੱਲ ਇਹ ਸਾਹਮਣੇ ਆ ਗਈ ਹੈ ਕਿ ਸਾਡੇ ਦੇਸ ਦੀ ਸੰਸਦ ਤੇ ਵਿਧਾਨ ਸਭਾਵਾਂ ਤੇ ਲੋਕਾਂ ਦਾ ਕਿਸੇ ਤਰਾ ਦਾ ਕੋਈ ਵੀ ਹੱਕ ਨਹੀ ਹੈ।

## ਕੁਦਰਤੀ ਸੋਮਿਆਂ ਤੇ ਕੋਈ ਹੱਕ ਨਹੀ :

ਸਾਡਾ ਸਾਡੇ ਦੇਸ ਦੇ ਕੁਦਰਤੀ ਸੋਮਿਆਂ ਤੇ ਕੋਈ ਹੱਕ ਨਹੀ ਹੈ।ਸਾਡੇ ਜਿਨੇ ਵੀ ਕੁਦਰਤੀ ਖਣਿਜ ਪਦਾਰਥ ਜਿਵੇ ਕਿ ਪਾਣੀ,ਜੰਗਲ,ਜ਼ਮੀਨ,ਖਣਿਜ ਪਦਾਰਥ ਉਹ ਵੀ ਲੋਕਾਂ ਤੋ ਖੋਹ ਕਿ ਵਿਦੇਸ਼ੀ ਕੰਪਨੀਆਂ ਦਿੱਤਾ ਜਾ ਰਿਹਾ ਹੈ।

## ਜ਼ਮੀਨ-

ਇਸ ਸਮੇ ਸਾਰੇ ਦੇਰ ਵਿਚ ਹੀ ਜ਼ਮੀਨਾਂ ਦੀ ਐਕਿਉਰਮੈਂਟ ਨੂੰ ਲੈ ਕਿ ਅੱਗ ਲੱਗੀ ਹੋਈ ਹੈ।ਲਗਭਗ ਹਰੇਕ ਸੁਬੇ ਵਿਚ 3-4 ਜਗਾਂਹ ਜ਼ਮੀਨਾਂ ਦੀ ਐਕਿਉਰਮੈਂਟ ਨੂੰ ਲੈ ਕਿ ਲੋਕਾਂ ਦੇ ਘੋਲ ਚੱਲ ਰਹੇ ਹਨ ਲੋਕਾਂ ਦੀ ਮਰਜੀ ਦੇ ਖਿਲਾਫ ਜ਼ਮੀਨਾਂ ਦੀ ਐਕਿਉਰਮੈਂਟ ਕੀਤੀ ਜਾ ਰਹੀ ਹੈ।ਜ਼ਮੀਨਾਂ ਦੇ ਹੱਕਾਂ ਨੂੰ ਲੈ ਕੇ ਲੋਕਾਂ ਦੀ ਮੁਢਲੀ ਸੋਚ ਕੀ ਹੈ।

1. ਕਈ ਕਿਸਾਨਾ ਦਾ ਕਹਿਣਾ ਹੈ ਕਿ ਅਸੀ ਜ਼ਮੀਨ ਵੇਚਣੀ ਨਹੀ ਹੈ।ਲੋਕਾਂ ਨੂੰ ਸਮਝ ਕਿ ਜਿਨਾਂ ਯੋਜਨਾਵਾਂ ਲਈ ਜ਼ਮੀਨ ਖੋਹੀ ਜਾ ਰਹੀ ਹੈ ਉਹ ਲੋਕ ਦੇ ਹਿੱਤਾਂ ਲਈ ਕਿਵੇ ਹੈ?ਸਰਕਾਰਾਂ ਲੋਕਾਂ ਨੂੰ ਇਹ ਸਮਝਾਉਣ ਵਿਚ ਨਾਕਾਮਯਾਬ ਰਹੀ ਹੈ।ਬਹੁਤ ਜਗਾਂਹ ਤੇ ਇਹ ਜ਼ਮੀਨਾਂ ਦੀ ਐਕਿਉਰਮੈਂਟ ਕੰਪਨੀਆਂ ਨੂੰ ਦੇਣ ਲਈ ਕੀਤੀ ਜਾ ਰਹੀ ਹੈ।ਇਹ ਗੱਲ ਲੋਕਾਂ ਦੀ ਸਮਝ ਤੋ ਪਰੇ ਹੈ ਕਿ ਉਹਨਾਂ ਦੁਬਾਰਾ ਚੁਣੀ ਹੋਈ ਸਰਕਾਰ ਲੋਕਾਂ ਦੇ ਵਿਰੋਧ ਦੇ ਬਾਵਜੂਦ ਕੁਝ ਕੰਪਨੀਆਂ ਦਾ ਫਾਇਦਾ ਕਰਨ ਲਈ ਕਿਉ ਵੇਚ ਰਹੀ ਹੈ?

2. ਕਈਆਂ ਦਾ ਕਹਿਣਾ ਹੈ ਕਿ ਅਸੀ ਜ਼ਮੀਨ ਮਹਿੰਗੀ ਵੇਚਣੀ ਹੈ।ਜਿਸ ਭਾਅ ਤੇ ਕਿਸਾਨਾ ਤੋ ਜ਼ਮੀਨ ਖੋਹੀ ਜਾਦੀ ਹੈ।ਉਹ ਬਹੁਤ ਘੱਟ ਹੈ।ਤਕਰੀਬਨ ਬਹੁਤ ਸਾਰੇ ਘੋਲਾਂ ਵਿਚ ਕਿਸਾਨਾ ਤੇ ਸਰਕਾਰ ਵਿਚ ਜ਼ਮੀਨਾਂ ਦੀ ਕੀਮਤ ਨੂੰ ਲੈ ਕਿ ਝਗੜਾ ਚੱਲ ਰਿਹਾ ਹੈ।ਤੇ ਪੈਸਾ ਵੀ ਕਈ ਕਿਸਤਾ ਵਿਚ ਮਿਲਦਾ ਹੈ।

3. ਕਈ ਆਦਿਵਾਸੀ ਇਲਾਕੇ ਜਿਥੇ ਜ਼ਮੀਨਾਂ ਦੀ ਐਕਿਉਰਮੈਂਟ ਕੀਤੀ ਗਈ ਹੈ।ਉਥੇ ਕਿਸਾਨਾ ਨੂੰ 1-2 ਲੱਖ ਮਿਲ ਵੀ ਗਏ ਹਨ ਤੇ ਉਹਨਾਂ ਦੀ ਜ਼ਿਦਗੀ ਵਧੀਆਂ ਚੱਲਣ ਵਾਲੀ ਨਹੀ ਹੈ।ਇਕ ਦੋ ਲੱਖ ਨਾਲ ਉਹਨਾਂ ਦੀ ਜ਼ਿਦਗੀ ਨਹੀ ਗੁਜਰ ਜਾਵੇਗੀ,ਇਹਨਾਂ ਕਿਸਾਨਾ ਨੂੰ ਸਰਕਾਰ ਜ਼ਮੀਨਾਂ ਖੋਹ ਕਿ ਭੁੱਖਮਰੀ ਵੱਲ ਧੱਕ ਰਹੀ ਹੈ।

4. ਜਦੋ ਪਿੰਡਾਂ ਦੇ ਪਿੰਡ ਸਾਰੇ ਹੀ ਜ਼ਮੀਨਾਂ ਦੀ ਐਕਿਉਰਮੈਂਟ ਹੋ ਜਾਦੀ ਹੈ ਤਾ ਜ਼ਮੀਨਾਂ ਵਾਲਿਆਂ ਤਾ ਪੈਸੇ ਮਿਲ ਜਾਦੇ ਹਨ ਪਰ ਜ਼ੋ ਲੋਕ ਮਜਦੂਰੀ ਕਰਦੇ,ਦੁਕਾਨਾਂ ਚਲਾਉਦੇ ਸਨ ਉਹਨਾਂ ਨੂੰ ਕੁਝ ਵੀ ਨਹੀ ਮਿਲਦਾ,ਉਹ ਬੇਰੁਜਗਾਰ ਹੋ ਜਾਦੇ ਹਨ।

5. ਇਹ ਜ਼ੋ ਵੱਖ ਵੱਖ ਯੋਜਨਾਵਾਂ ਦੇ ਲਈ ਕੀਤਾ ਜਾ ਰਿਹਾ ਹੈ,ਉਸਦੇ ਬਦਲੇ ਕੰਪਨੀਆਂ ਨੂੰ ਮੋਟਾ ਮੁਨਾਫਾ ਹੁੰਦਾ ਤੇ ਅਫਸਰਾਂ ਤੇ ਨੇਤਾਵਾਂ ਨੂੰ ਮੋਟੀ ਰਿਸਵਤ,ਕਿਸਾਨਾ ਨੂੰ ਬੇਰੁਜਗਗਾਰੀ,ਬੇਜ਼ਮੀਨਿਆਂ ਨੂੰ ਭੁੱਖਮਰੀ,ਸਰਕਾਰ ਲੋਕਾਂ ਨੂੰ ਦੱਸੇ ਤਾ ਸਹੀ ਇਹ ਲੋਕਾਂ ਦੇ ਹਿੱਤ ਵਿਚ ਕਿਵੇ ਹੈ।

ਅੱਜ ਵੀ ਸਾਨੂੰ ਇਹ ਜ਼ਮੀਨਾਂ ਦੀ ਐਕਿਉਰਮੈਂਟ ਨੂੰ ਸਮਜਣ ਦੀ ਜਰੂਜਤ ਹੈ।ਮੰਨ ਲਵੋ ਕੋਈ ਕੰਪਨੀ ਸਾਡੇ ਪਿੰਡ ਵਿਚ ਕੋਈ ਫੈਕਟਰੀ ਲਾਉਣਾ ਚਾਹੁੰਦੀ ਹੈ।ਉਹ ਜਾਦੀ ਹੈ ਰਾਜ ਸਰਕਾਰ ਦੇ ਕੋਲ ਉਥੇ ਬੈਠਾ ਕੋਈ ਅਫਸਰ ਜਾ ਨੇਤਾ ਪੈਸੇ ਖਾ ਕੇ ਮਨਜ਼ੂਰੀ ਦੇ ਦਿੰਦਾ ਹੈ ਕਿ ਜਾਉ ਉਸ ਪਿੰਡ ਵਿਚ ਜਾ ਕੇ ਫੈਕਟਰੀ ਲਗਾ ਸਕਦੇ ਹੋ।ਉਸਤੋ ਬਾਅਦ ਸਰਕਾਰੀ ਤਾਕਤ ਵਰਤ ਕੇ,ਪੁਲਿਸ ਨੂੰ ਵਰਤ ਕਿ ਲੋਕਾਂ ਨੂੰ ਬੇਦਖਲ ਕਰ ਦਿੱਤਾ ਜਾਦਾ ਹੈ।ਉਹਨਾਂ ਤੋ ਜ਼ਮੀਨ ਖੋਹ ਕਿ ਕੋਡੀਆਂ ਦੇ ਭਾਅ ਕੰਪਨੀਆਂ ਨੂੰ ਦੇ ਦਿੱਤੀ ਜਾਦੀ ਹੈ। ਕਿਉਕਿ ਰਾਜ ਸਰਕਾਰ ਨੇ ਕਿਸੇ ਤੋ ਰਿਸਵਤ ਲਈ ਹੈ।

ਸਪੈਸ਼ਲ ਇਕਨਾਮਿਕ ਜ਼ੋਨ ਬਣਾ ਕੇ ਇਸ ਦੇਸ ਦੇ ਬੁਹਤ ਲੋਕਾਂ ਦੀ ਜ਼ਮੀਨ ਖੋਹ ਲਈ ਹੈ।ਕੀ ਤੁਹਾਨੂੰ ਪਤਾ ਹੈ ਕਿ ਕੇਦਰ ਸਰਕਾਰ ਵਿਚ ਇਕ ਘੰਟੇ ਦੀ ਮੀਟਿੰਗ ਵਿਚ 30-30 ਪ੍ਰਜੈਕਟ ਪਾਸ ਕਰ ਦਿੱਤੇ ਜਾਦੇ ਹਨ?ਇਕ ਪ੍ਰੋਜੈਕਟ ਇਤਨਾ ਵੱਡਾ ਹੁੰਦਾ ਹੈ,ਉਸ ਤੇ ਸਿਰਫ 2 ਮਿੰਨਟ ਦੀ ਚਰਚਾ ਕਰਕੇ ਕਿਵੇ ਪਾਸ ਕੀਤਾ ਜਾ ਸਕਦਾ ਹੈ ? ਪਾਸ ਕਰਨਾ ਤਾ ਸਿਰਫ ਇਕ ਦਿਖਾਵਾ ਹੈ।ਪਾਸ ਕਰਨ ਦੇ ਨਾਮ ਤੇ ਪੈਸੇ ਖਾਧੇ ਜਾਦੇ ਹਨ।ਜਿਸ ਕੰਪਨੀ ਤੋ ਪੈਸਾ ਆ ਗਿਆ ਉਸਦਾ ਪ੍ਰੋਜੈਕਟ 2 ਮਿੰਨਟ ਵਿਚ ਪਾਸ ਹੋ ਗਿਆ।ਜਿਸ ਦੀ ਰਿਸਵਤ ਨਹੀ ਆਈ ਉਸਦਾ ਪ੍ਰੋਜੈਕਟ ਲਟਕਾ ਦਿੱਤਾ ਜਾਦਾ ਹੈ।

ਲੋਕਾਂ ਦਾ ਆਪਣੀਆਂ ਜ਼ਮੀਨਾਂ ਤੇ ਕੋਈ ਹੱਕ ਨਹੀ ਹੈ।

## ਖਣਿਜ-

ਸਾਡੇ ਦੇਸ ਦੇ ਖਣਿਜ ਪਦਾਰਥਾਂ ਦੀਆਂ ਖਾਣਾਂ ਨੂੰ ਨਿੱਜੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਤੇ ਵੇਚਿਆਂ ਜਾਂ ਠੇਕੇ ਤੇ ਦਿੱਤਾ ਜਾ ਰਿਹਾ ਹੈ।ਸਾਡੇ ਦੇਸ ਵਿਚ ਬਹੁਤ ਖਣਿਜ ਪਦਾਰਥ ਨਿਕਲਦੇ ਹਨ,ਜਿਵੇ ਲੋਹਾ,ਕੋਇਲਾ,ਬੈਕਸਾਈਟ ਆਦਿ।ਇਹ ਇਕ ਦਿਨ ਵਿਚ ਪੈਦਾ ਨਹੀ ਹੁੰਦੇ,ਇਸ ਲਈ ਹਜਾਰਾਂ ਸਾਲਾਂ ਦੀ ਜਰੂਰਤ ਹੁੰਦੀ ਹੈ।ਸਰਕਾਰ ਇਹਨਾਂ ਨੂੰ ਅਮੀਰ ਘਰਾਣਿਆਂ ਕੋਲ ਆਨੇ ਦੁਆਨੀ ਵਿਚ ਵੇਚੀ ਜਾ ਰਹੀ ਹੈ।ਨਿੱਜੀ ਕੰਪਨੀਆਂ ਇਹਨਾਂ ਨੂੰ ਦੇਸ ਦੇ ਭਲੇ ਲਈ ਨਹੀ ਵਰਤਦੀਆਂ।ਇਹ ਨਿੱਜੀ ਕੰਪਨੀਆਂ ਇਹਨਾਂ ਨੂੰ ਅੰਤਰਰਾਸਟਰੀ ਮੰਡੀ ਵਿਚ ਮਹਿੰਗੇ ਭਾਅ ਵੇਚ ਕਿ ਮੋਟਾ ਮੁਨਾਫਾ ਕਮਾਉਦੀਆਂ ਹਨ।

ਜਿਵੇ ਲੋਹੇ ਦੀਆਂ ਖਾਣਾਂ ਲੈਣ ਲਈ ਸਰਕਾਰ ਨੇ ਸਿਰਫ 27 ਰੁਪਏ ਪ੍ਰਤੀ ਟਨ ਰਿਆਲਟੀ ਲਈ ਹੈ।ਉਸੇ ਲੋਹੇ ਨੂੰ ਇਹ ਕੰਪਨੀਆਂ ਅੰਤਰਰਾਸਟਰੀ ਮੰਡੀ ਵਿਚ 6000 ਰੁਪਏ ਦੇ ਹਿਸਾਬ ਨਾਲ ਵੇਚਦੀਆਂ ਹਨ। (ਖਾਣ ਵਿਚੋ ਲੋਹਾ ਕੱਢ ਕਿ ਉਸਦੀ ਸਫਾਈ ਕਰਨ ਤੇ ਸਿਰਫ 300 ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਖਰਚ ਆਉਦਾ ਹੈ। ) ਕੀ ਇਹ ਸਿੱਧੀ ਦੇਸ ਦੀ ਪੂੰਜੀ ਦੀ ਲੁੱਟ ਨਹੀ ਹੈ?

ਜਿਸ ਤੇਜੀ ਨਾਲ ਦੇਸ ਦੀਆਂ ਖਾਣਾਂ ਵਿਚੋ ਖਣਿਜ ਕੱਢੇ ਜਾ ਰਹੇ ਹਨ।ਉਸ ਹਿਸਾਬ ਨਾਲ ਤਾ ਇਹ ਬਹੁਤ ਜਲਦੀ ਹੀ ਖਣਿਜ ਖਤਮ ਹੋ ਜਾਣਗੇ।ਜਿਵੇ ਬਹੁਤ ਸਾਲ ਪਹਿਲਾ ਗੋਆ ਤੋ ਬਹੁਤ ਵੱਡੀ ਮਾਤਰਾ ਵਿਚ ਲੋਹਾ ਜਪਾਨ ਨੂੰ ਭੇਜਿਆਂ ਜਾਦਾ ਸੀ।ਸੁਣਨ ਵਿਚ ਆਇਆ ਹੈ ਕਿ ਗੋਆ ਦਾ ਸਾਰਾ ਵਧੀਆ ਲੋਹਾ ਖਤਮ ਹੀ ਹੋ ਗਿਆ ਹੈ।ਕਰਨਾਟਕਾ ਦੇ ਬੀਲਾਡੇਲਾ ਦਾ ਲੋਹਾ ਸਾਰੇ ਸੰਸਾਰ ਵਿਚ ਮਸਹੂਰ ਹੈ। ਇਹ ਲੋਹਾ ਨੇਤਾਵਾਂ ਤੇ ਕੰਪਨੀਆਂ ਦੀ ਮਿਲੀ ਭੁਗਤ ਨਾਲ ਐਨੀ ਤੇਜੀ ਨਾਲ ਕੱਢਿਆ ਜਾ ਰਿਹਾ ਹੈ ਕਿ ਉਹ ਆਉਣ ਵਾਲੇ 25 ਸਾਲਾਂ ਵਿਚ ਖਤਮ ਹੋ ਜਾਵੇਗਾ।ਇਥੋ ਲੋਹਾ ਚੀਨ ਨੂੰ ਭੇਜਿਆ ਜਾਦਾ ਹੈ।ਚੀਨ ਵਿਚ ਆਪ ਵੀ ਲੋਹੇ ਦੀਆਂ ਖਾਣਾਂ ਹਨ ਪਰ ਚੀਨ ਉਹਨਾਂ ਨੂੰ ਨਹੀ ਛੇੜਦਾ ਸਾਇਦ ਜਦੋ ਸਾਰੇ ਸੰਸਾਰ ਦਾ ਲੋਹਾ ਖਤਮ ਹੋ ਗਿਆ ਫਿਰ ਆਪਣੀਆਂ ਖਾਣਾਂ ਦੀ ਖੁਦਾਈ ਕਰੇਗਾ

ਜਾਹਿਰ ਹੈ ਕਿ ਦੇਸ ਦੇ ਖਣਿਜ ਕੇਦਰ ਤੇ ਰਾਜ ਸਰਕਾਰਾਂ ਦੇ ਲੀਡਰਾਂ,ਅਫਸਰਾਂ ਦੇ ਹੱਥਾਂ ਵਿਚ ਸੁਰੱਖਿਅਤ ਨਹੀ ਹਨ।ਇਹ ਪਾਰਟੀਆਂ,ਲੀਡਰ ਪੂਰੇ ਦੇਸ ਨੂੰ ਵੇਚਕੇ ਖਾ ਜਾਣਗੇ।

ਦੂਸਰੀ ਗੱਲ ਇਹਨਾਂ ਕੰਪਨੀਆਂ ਨੂੰ ਪਰਮਿਟ ਦਿੱਤੇ ਜਾਦੇ ਹਨ,ਤਾਂ ਜੋ ਲੋਕ ਉਥੇ ਰਹਿ ਰਹੇ ਹਨ ਉਹਨਾਂ ਨੂੰ ਉਜਾੜਿਆ ਜਾਦਾ ਹੈ।ਉੜੀਸਾ,ਝਾਰਖੰਡ,ਛੱਤੀਸਗੱੜ ਦੀਆਂ ਸਰਕਾਰਾਂ ਖਾਣਾਂ ਦੇ ਲਈ ਬਹੁਤ ਸਾਰੇ ਕਾਨੂੰਨ ਵੱਖ ਵੱਖ ਕੰਪਨੀਆਂ ਨਾਲ ਸਾਇਨ ਕਰ ਚੁੱਕੀ ਹੈ।ਜਿਸ ਦੇ ਲਈ ਕਈ ਲੱਖ ਏਕੜ ਜਮੀਨ ਆਦਿਵਾਸੀਆਂ ਤੇ ਖੋਹਕੇ ਇਹਨਾ ਕੰਪਨੀਆਂ ਨੂੰ ਦਿਤੀ ਜਾ ਰਹੀ ਹੈ। ਉੜੀਸਾ,ਝਾਰਖੰਡ,ਛੱਤੀਸਗੱੜ ਦੇ ਅਨੇਕ ਇਲਾਕਿਆਂ ਵਿਚ ਲੋਕਾਂ ਤੇ ਪੁਲਿਸ ਵਿਚ ਯੁੱਧ ਦਾ ਮੈਦਾਨ ਬਣ ਗਿਆ ਹੈ।ਇਸ ਦੇ ਕਾਰਣ ਇਹਨਾਂ ਇਲਾਕਿਆਂ ਵਿਚ ਨਕਸਲਵਾਦ ਨੂੰ ਵਡਾਵਾ ਮਿਲ ਰਿਹਾ ਹੈ।ਆਦਿਵਾਸੀਆਂ ਦੀਆਂ ਜਮੀਨਾਂ ਨੂੰ ਕੌਡੀਆਂ ਦੇ ਭਾਅ ਖੋਹ ਕੇ ਇਹ ਕੰਪਨੀਆਂ ਨੂੰ ਦੇ ਦਿੱਤੀ ਜਾਦੀ ਹੈ।ਇਹਨਾਂ ਖਾਣਾਂ ਤੋ ਇਹ ਕੰਪਨੀਆਂ ਭਾਰੀ ਮੁਨਾਫਾ ਕਮਾਉਦੀਆਂ ਹਨ।ਲੇਕਿਨ ਆਦਿਵਾਸੀ ਬੇਰੁਜਗਾਰੀ ਤੇ ਭੁੱਖਮਰੀ ਦਾ ਸਿਕਾਰ ਹੋ ਜਾਦੇ ਹਨ।ਉਹਨਾਂ ਦੇ ਸਮਾਜ ਟੁੱਟ ਜਾਦੇ ਹਨ।

ਤੀਸਰੀ ਗੱਲ ਇਹ ਕੰਪਨੀਆਂ ਖਣਿਜ ਕੱਢਣ ਦੇ ਲਈ ਕੋਈ ਵੀ ਸੰਜਮ ਨਹੀ ਵਰਤਦੀ।ਇਹ ਖਣਿਜ ਕੱਢਣ ਦੇ ਨਾਲ ਵਾਤਾਵਰਣ ਵੀ ਖਰਾਬ ਹੁੰਦਾ ਹੈ।ਜਿਸਦਾ ਖਮਿਆਜਾ ਆਸ ਪਾਸ ਰਹਿਣ ਵਾਲੇ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ।ਜਦੋ ਲੋਕ ਸਕਾਇਤਾਂ ਕਰਦੇ ਹਨ ਤਾ ਸਰਕਾਰੀ ਅਫਸਰ ਰਿਸਵਤ ਖਾ ਕੇ ਲੋਕਾਂ ਦੀਆਂ ਸਕਾਇਤਾਂ ਨੂੰ ਅਣਦੇਖਾ ਕਰ ਦਿੰਦੇ ਹਨ।

ਜਿਵੇ ਰਾਂਚੀ ਦੇ ਵਿਚ ਇਕ ਪਿੰਡ ਹੈ। ਉਥੇ ਓ.ਐਨ.ਜੀ.ਸੀ. ਦੇ ਤੇਲ ਕੱਢਣ ਦੇ ਕੁਝ ਖੂਹਾਂ ਵਿਚੋ ਇਕ ਵਾਰ ਮੀਥੈਨ ਗੈਸ ਲੀਕ ਹੋਣ ਲੱਗੀ।ਇਸ ਤਰਾ ਦੇ ਹਾਦਸੇ ਆਸ ਪਾਸ ਦੇ ਪਿੰਡਾਂ ਵਿਚ ਹੋ ਚੁੱਕੇ ਸਨ। ਜਦੋ ਮੀਥੈਨ ਗੈਸ ਆਸੇ ਪਾਸੇ ਚਾਰੇ ਪਾਸੇ ਵਾਤਾਵਰਣ ਵਿਚ ਲੀਕ ਹੋ ਜਾਦੀ ਹੈ।ਤਾ ਤੁਸੀ ਕਿਤੇ ਵੀ ਅੱਗ ਨਹੀ ਬਾਲ ਸਕਦੇ।ਜਿਵੇ ਹੀ ਤੀਲੀ ਬਾਲੀ ਜਾਵੇਗੀ ਪੂਰੇ ਵਾਤਾਵਰਣ ਵਿਚ ਅੱਗ ਭੜਕ ਉਠੇਗੀ।ਲੋਕ ਬਹੁਤ ਹੀ ਪਰੇਸਾਨ ਹੋ ਗਏ ਉਹਨਾ ਦੇ ਕੋਲ ਕੋਈ ਚਾਰਾ ਨਹੀ ਸੀ।ਉਹ ਓ.ਐਨ.ਜੀ.ਸੀ. ਦੇ ਖਿਲਾਫ ਕੁਝ ਨਹੀ ਸੀ ਕਰ ਸਕਦੇ।ਉਹਨਾਂ ਨੇ ਕੁਲੇਕਟਰ ਨੂੰ ਸਿਕਾਇਤ ਕੀਤੀ,ਕੁਲੇਕਟਰ ਨੇ ਕਿਹਾ ਕਿ ਅਸੀ ਕਾਰਵਾਈ ਕਰ ਕਹੇ ਹਾ,ਕੁਲੇਕਟਰ ਨੇ ਇਉ ਕੰਮ ਚਲਾਉ ਤਰੀਕੇ ਨਾਲ ਗੱਲ ਕੀਤੀ ਜਿਵੇ ਕਿ ਕੁਝ ਹੋਇਆ ਹੀ ਨਹੀ ਹੁੰਦਾ।ਉਸ ਨੇ ਕਿਹਾ ਕੇ ਇਸ ਇਲਾਕੇ ਵਿਚ ਮੀਥੈਨ ਗੈਸ ਦਾ ਰਿਸਣਾ ਤਾ ਆਮ ਹੀ ਗੱਲ ਹੈ।ਲੋਕਾਂ ਨੂੰ ਇਸ ਨੂੰ ਸਹਿਣ ਕਰਨਾ ਹੀ ਪਵੇਗਾ।ਕੁਲੇਕਟਰ ਨੂੰ ਗੈਸ ਦੇ ਰਿਸਣ ਨਾਲ ਕੋਈ ਫਰਕ ਨਹੀ ਪੈਣਾ ਕਿਉਕਿ ਉਸਦੀ ਜ਼ਿੰਦਗੀ ਤਾ ਬਹੁਤ ਹੀ ਸੰਚਾਰੂ ਢੰਗ ਨਾਲ ਚੱਲ ਰਹੀ ਹੈ।ਲੋਕਾਂ ਦਾ ਦੇਸ ਦੇ ਖਣਿਜਾਂ ਤੇ ਉਹਨਾ ਦੀ ਖੁੱਲ ਲੁੱਟ ਤੇ ਖਾਣਾ ਦੁਆਰਾ ਫੈਲ ਰਹੇ ਪ੍ਰਦੂਸਨ ਨੂੰ ਰੋਕਣ ਦੇ ਲਈ ਕੁਝ ਨਹੀ ਕਰ ਸਕਦੇ।

## ਜੰਗਲ:

ਬੀਰ ਸਿੰਘ ਮਰਕਮ ਛੱਤੀਸਗੜ ਦੇ ਬਸਤਰ ਜਿਲੇ ਦੇ ਇਕ ਪਿੰਡ ਦਾ ਰਹਿਣ ਵਾਲਾ ਆਦਿਵਾਸੀ ਹੈ।ਜੰਗਲ ਦੇ ਇਕ ਛੋਟੇ ਜਿਹੇ ਜਮੀਨ ਦੇ ਟੁੱਕੜੇ ਤੇ ਮੱਕੀ ਦੀ ਫਸਲ ਬੀਜਦਾ ਸੀ,ਇਸਦੇ ਨਾਲ ਉਸਦੇ ਪਰਿਵਾਰ ਦਾ ਰੋਟੀ ਪਾਣੀ ਚੱਲਦਾ ਸੀ। 1998 ਵਿਚ ਜੰਗਲਾਤ ਮਹਿਕਮੇ ਵਾਲੇ ਬੀਜ ਸਿੰਘ ਤੇ ਉਸ ਪਿੰਡ ਦੇ 75 ਲੋਕਾਂ ਨੂੰ ਗ੍ਰਿਫਤਾਰ ਕਰਕੇ ਲੈ ਗਏ ਤੇ ਜੰਗਲ ਦੀ ਜਮੀਨ ਤੇ ਨਜਾਇਜ ਕਬਜਾ ਕਰਨ ਦੇ ਦੋਸ ਵਿਚ ਜੇਲ ਭੇਜ ਦਿੱਤਾ।

ਜੇਲ ਤੋ ਰਿਹਾ ਹੋਣ ਤੋ ਬਾਅਦ ਕੁਝ ਸਾਲ ਬੀਰ ਸਿੰਘ ਮਰਕਮ ਨੂੰ ਘੱਟੋ ਘੱਟ 20 ਵਾਰ ਅਦਾਲਤ ਵਿਚ ਜਾਣਾ ਪਿਆ।ਅਦਾਲਤ ਪਿੰਡ ਤੇ 30 ਕਿਲੋਮੀਟਰ ਦੂਰ ਸੀ।ਹਰੇਕ ਕੋਰਟ ਦੀ ਪੇਸੀ ਨੇ ਉਸਦੀ ਕਮਰ ਤੋੜ ਦਿੱਤੀ।ਅਖੀਰ

ਵਿਚ ਸਾਰੇ ਖਰਚ ਤੇ ਕੋਰਟ ਦਾ ਜੁਰਮਾਨਾ ਆਦਿ ਚੁਕਾਨ ਦੇ ਲਈ ਉਸ ਨੂੰ ਆਪਣੇ ਬਲਦ ਵੇਚਣੇ ਪਏ ਬੀਰ ਸਿੰਘ ਮਰਕਮ ਵਰਗੇ ਕਰੋੜਾ ਅਜਿਹਾਂ ਆਦਿਵਾਸੀ ਹਨ ਜਿਨਾ ਨਾਲ ਭਾਰਤ ਦੀ ਅਜਾਦੀ ਨੇ ਬਹੁਤ ਹੀ ਕੋਝਾਂ ਮਜਾਕ ਕੀਤਾ ਹੈ। 1947 ਤੱਕ ਅੰਗਰੇਜ਼ਾ ਨੇ ਜਦੋ ਜਦੋ ਵੀ ਇਸ ਆਦਿਵਾਸੀ ਇਲਾਕੇ ਤੇ ਕਬਜਾ ਕਰਨ ਦੀ ਕੋਸਿਸ ਕੀਤੀ ਉਹਨਾਂ ਨੂੰ ਮੂੰਹ ਦਾ ਖਾਣੀ ਪਈ ਤਾ ਅੰਗਰੇਜ਼ਾਂ ਨੇ ਇਸ ਆਦਿਵਾਸੀ ਇਲਾਕੇ ਨੂੰ ਸਿਧਾ ਆਪਣੇ ਕਬਜੇ ਤੋ ਬਾਹਰ ਰੱਖਣ ਦਾ ਐਲਾਨ ਕਰ ਦਿੱਤਾ।ਸਾਰੇ ਭਾਰਤ ਵਿਚ ਲਾਗੂ ਹੋਣ ਵਾਲੇ ਕਾਨੂੰਨ ਇਹਟਾ ਅਦਿਵਾਸੀਆਂ ਤੇ ਲਾਗੂ ਨਹੀ ਸੀ ਹੁੰਦੇ।ਅੰਗਰੇਜਾ ਦੇ ਜਮਾਨੇ ਵਿਚ ਇਹਨਾਂ ਆਦਿਵਾਸੀਆਂ ਦੇ ਇਲਾਕੇ ਨੂੰ ਜਿਥੇ ਅੰਗਰੇਜੀ ਕਾਨੂੰਨ ਲਾਗੂ ਅਹੀ ਸੀ ਹੁੰਦਾ ਉਸ ਇਲਾਕੇ ਨੂੰ ਐਕਸਕਲੂਡਿਡ ਏਰੀਆਂ ਕਿਹਾ ਜਾਦਾ ਸੀ,ਅਰਥਾਤ ਇਹ ਇਲਾਕਾ ਅੰਗਰੇਜੀ ਸਤਾ ਤੋ ਕਾਫੀ ਹੱਦ ਤੱਕ ਬਾਹਰ ਸੀ।

1950 ਵਿਚ ਭਾਰਤ ਦਾ ਸੰਵਿਧਾਨ ਬਣਿਆ ਤਾ ਸਾਰੇ ਭਾਰਤੀ ਕਾਨੂੰਨ ਸਾਰੇ ਆਦਿਵਾਸੀਆਂ ਤੇ ਇਲਾਕਿਆਂ ਤੇ ਲਾਗੂ ਕਰ ਦਿੱਤੇ।ਜਿਸ ਜਮੀਨ ਤੇ ਆਦਿਵਾਸੀ ਸਦੀਆਂ ਤੋ ਰਹਿ ਰਹੇ ਸਨ ਉਸ ਜਮੀਨ ਦੀ ਮਾਲਕੀਅਤ ਦਿਖਾਉਣ ਦੇ ਲਈ ਉਹਨਾ ਦੇ ਕੋਲ ਕੋਈ ਕਾਗਜ ਨਹੀ ਸੀ।ਬਾਹਰਲੇ ਲੋਕਾਂ ਨੇ ਇਸ ਦਾ ਫਾਇਦਾ ਉਠਾਇਆ ਤੇ ਧੋਖੇ ਨਾਲ ਉਹਨਾਂ ਦੀਆਂ ਜਮੀਨਾਂ ਖੋਹਣ ਲੱਗੇ।ਇਸ ਤਰਾ ਜਿਹਨਾ ਆਦਿਵਾਸੀਆਂ ਦੀ ਉਪਜੀਵਕਾਂ ਇਹਨਾ ਜੰਗਲਾਂ ਤੇ ਹੀ ਸੀ।ਕਈ ਆਦਿਵਾਸੀ ਤਾ ਇਹਨਾ ਜੰਗਲਾ ਵਿਚ ਹੀ ਰਹਿੰਦੇ ਸਨ।ਇਹਨਾਂ ਸਾਰਿਆਂ ਜੰਗਲਾਂ ਨੂੰ ਹੀ ਸਰਕਾਰੀ ਸੰਪਤੀ ਘੋਸਿਤ ਕਰ ਦਿੱਤਾ। ਅਚਾਨਕ ਹੀ ਇਹ ਆਦਿਵਾਸੀ ਆਪਣੇ ਹੀ ਘਰ ਵਿਚ,ਆਪਣੀ ਹੀ ਜਮੀਨ ਤੇ ਆਪਣੇ ਹੀ ਜੰਗਲਾਂ ਵਿਚ ਗੁਨਾਹਗਾਰ ਹੋ ਗਏ।ਜੰਗਲਾਤ ਮਹਿਕਮੇ ਦੇ ਕਰਮਚਾਰੀ ਉਹਨਾ ਨੂੰ ਤਰਾ ਤਰਾ ਨਾਲ ਤੰਗ ਕਰਨ ਲੱਗ ਪਏ ਸਨ।

ਜੰਗਲਾਤ ਮਹਿਕਮੇ ਦੇ ਕਰਮਚਾਰੀ ਇਥੋ ਤੱਕ ਕਿ ਇਕ ਛੋਟੇ ਤੋ ਛੋਟਾ ਕਰਮਚਾਰੀ ਵੀ ਆਦਿਵਾਸੀਆਂ ਨੂੰ ਆਕੇ ਪਰੇਸਾਨ ਕਰਦੇ ਹਨ।ਹਾਲਾਕਿ ਇਹ ਆਦਿਵਾਸੀ ਸਦੀਆਂ ਤੋ ਹੀ ਇਹਨਾਂ ਜੰਗਲਾਂ ਵਿਚ ਰਹਿੰਦੇ ਹਨ।ਲੇਕਿਨ ਉਹਨਾਂ ਦੇ ਕੋਲ ਇਹਨਾਂ ਜਮੀਨਾਂ ਦੇ ਕਾਗਜ ਨਹੀ ਹਨ।ਉਹਨਾ ਵੱਲੋ ਇਹਨਾ ਜਮੀਨਾਂ ਤੇ ਨਜਾਇਜ ਕਬਜਾ ਕੀਤਾ ਮੰਨਿਆ ਜਾਦਾ ਹੈ।ਅਧਿਕਾਰੀ ਆਕੇ ਉਹਨਾਂ ਲੋਕਾਂ ਨੂੰ ਖੇਤ ਵਾਹੁਣ ਤੇ ਰੋਕਦੇ ਹਨ,ਲੱਕੜਾਂ ਲੈਣ ਤੋ ਰੋਕਦੇ ਹਨ,ਪੱਤੇ ਤੇ ਫਲ ਨਹੀ ਤੋੜਨ ਦਿੰਦੇ,ਪਸੂ ਨਹੀ ਚਰਨ ਦਿੰਦੇ।ਹਾਥੀਆਂ ਨੂੰ ਲਿਆਕੇ ਉਹਨਾਂ ਦੀਆਂ ਫਸਲਾਂ ਨੂੰ ਤਬਾਹ ਕਰ ਦਿੱਤਾ ਜਾਦਾ ਹੈ।ਕਿੱਕਰਾਂ ਬੀਜ ਚਾਰੇ ਪਾਸੇ ਬੀਜਕੇ ਜਮੀਨਾਂ ਨੂੰ ਬਰਬਾਦ ਕਰ ਦਿੱਤਾ ਜਾਦਾ ਹੈ।ਲੋਕਾਂ ਨੂੰ ਕੁਟਿਆ ਜਾਦਾ ਹੈ।ਗ੍ਰਿਫਤਾਰ ਕੀਤਾ ਜਾਦਾ ਹੈ।ਉਹਨਾਂ ਦੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਜਾਦੀਆਂ ਹਨ। ਜੰਗਲਾਤ ਮਹਿਕਮੇ ਦੇ ਕਰਮਚਾਰੀ ਇਕ ਤਰਾ ਨਾਲ ਆਪਣੀ ਡਿਊਟੀ ਨਿਭਾਅ ਰਹੇ ਹਨ ਜੰਗਲਾਂ ਦੀ ਰਾਖੀ ਕਰਦੇ ਹਨ।

ਇਕ ਪਾਸੇ ਦਹ ਆਦਿਵਾਸੀਆਂ ਨੂੰ ਜੰਗਲਾਂ ਤੋ ਬੇਦਖਲ ਕੀਤਾ ਜਾ ਰਿਹਾ ਹੈ।ਦੂਸਰੇ ਪਾਸੇ ਜੰਗਲਾਤ ਮਹਿਕਮੇ ਦੇ ਕਰਮਚਾਰੀ,ਠੇਕੇਦਾਰ,ਨੇਤਾ ਮਿਲਕੇ ਜੰਗਲਾਂ ਨੂੰ ਸਰੇਆਮ ਲੁੱਟ ਰਹੇ ਹਨ।ਜੋ ਜੰਗਲ ਆਦਿਵਾਸੀਆਂ ਲੋਕਾਂ ਦੇ ਸਗੰਠਣਾਂ ਵਿਚ ਸਦੀਆਂ ਤੋ ਸਰੁਖਿਅਤ ਸਨ,ਉਹੀ ਜੰਗਲ ਅਜ ਜੰਗਲ ਵਿਭਾਗ ਦੇ ਅਧੀਨ ਆਉਣ ਤੋ ਬਾਅਦ ਖਤਮ ਹੁੰਦੇ ਜਾ ਰਹੇ ਹਨ,ਆਦਿਵਾਸੀਆਂ ਦੇ ਨਾਲ ਹੋ ਰਹੇ ਇਸ ਅਨਿਆ ਤੇ ਜੰਗਲਾਂ ਦੀ ਹੋ ਰਹੀ ਲੁੱਟ ਦੀਆਂ ਉਦਾਹਰਣਾਂ ਇਹ ਦੇਖੋ

1. ਹਰ ਸਾਲ ਸਰਕਾਰ ਜੰਗਲਾਂ ਵਿਚੋ ਤੇਂਦੂ ਪੱਤਾ ਕੱਢਣ ਦੇ ਲਈ ਠੇਕਾ ਦਿੰਦੀ ਹੈ।ਇਕ ਠੇਕੇਦਾਰ ਨੂੰ 1500 ਤੋ 5000 ਤੱਕ ਬੋਰੇ ਕੱਢਣ ਦਾ ਠੇਕਾ ਮਿਲਦਾ ਹੈ।ਠੇਕਾ ਤਾ ਇਨੇ ਦਾ ਹੀ ਮਿਲਦਾ ਹੈ।ਪਰ ਜੰਗਲਾਤ ਮਹਿਕਮੇ ਦੇ ਅਧਿਕਾਰੀਆਂ ਨੂੰ ਰਿਸਵਤ ਦੇ ਕੇ ਅਸਲ ਵਿਚ ਕਿੰਨਾ ਕੱਢਦੇ ਹਨ।ਇਹ ਕਿਸੇ ਨੂੰ ਨਹੀ ਪਤਾ।ਇਕ ਛੋਟੇ ਤੋ ਛੋਟਾ ਠੇਕ।ਦਾਰ ਵੀ ਇਕ ਸਾਲ ਵਿਚ 15 ਲੱਖ ਤੋ ਜਿਆਦਾ ਕਮਾ ਲੈਦਾ ਹੈ।ਪਰ ਉਹ ਆਦਿਵਾਸੀਆਂ ਨੂੰ 30 ਪੈਸੇ ਪ੍ਰਤੀ ਬੰਢਲ ਤੋ ਵੀ ਘੱਟ ਦਿੰਦਾ ਹੈ।ਜੋ ਬਾਅਦ ਵਿਚ ਨਕਸਲਵਾੜੀਆਂ ਨੇ ਇਕ ਰੁਪਏ ਪ੍ਰਤੀ ਬੰਡਲ ਕੀਤਾ ਗਿਆ ਸੀ।

2. ਸਰਕਾਰ ਪੇਪਰ ਮਿਲਾਂ ਨੂੰ ਬਹੁਤ ਹੀ ਸਸਤੇ ਭਾਅ ਤੇ ਕਈ ਕਈ ਲੱਖ ਟਨ ਬਾਂਸ ਕੱਢਣ ਦੇ ਲਈ ਇਜਾਜਤ ਦਿੰਦੀ ਹੈ। ਤੇ ਮਿੱਲ ਵਾਲੇ ਉਹਨਾਂ ਆਦਿਵਾਸੀਆਂ ਨੂੰ ਇੱਕ ਬੰਡਲ ਦੇ 10 ਤੋ 20 ਪੈਸੇ ਮਜਦੂਰੀ ਦਿੰਦੇ ਹਨ।ਖੁਦ ਭਾਰੀ ਮੁਨਾਫਾ ਕਮਾਉਦੇ ਹਨ।

ਸਾਡੇ ਦੇਸ ਵਿਚ ਜੰਗਲਾਂ ਨੂੰ ਨੇਤਾ,ਅਫਸਰ,ਠੇਕੇਦਾਰ ਰਲਮਿਲ ਕੇ ਲੁੱਟ ਰਹੇ ਹਨ।ਲੋਕਾਂ ਦਾ ਇਸ ਲੁੱਟ ਨੂੰ ਰੋਕਣ ਲਈ ਕੁਝ ਨਾ ਕਰ ਸਕਣ ਲਈ ਮਜਬੂਰ ਹਨ।

## ਪਾਣੀ:

ਦੇਸ ਦੇ ਕਈ ਸਹਿਰਾਂ ਵਿਚ ਪਾਣੀ ਦੀ ਵਿਵਸਥਾ ਵਿਦੇਸੀ ਕੰਪਨੀਆਂ ਨੂੰ ਵੇਚੀ ਜਾ ਰਹੀ ਹੈ।ਦਿੱਲੀ ਦੀ ਸਰਕਾਰ ਪਾਣੀ ਵਿਵਸਥਾ ਨੂੰ ਕੁਝ ਵਿਦੇਸੀ ਕੰਪਨੀਆਂ ਨੂੰ ਵੇਚਣ ਜਾ ਰਹੀ ਸੀ।ਜਿਸ ਨੂੰ ਲੋਕਾਂ ਦੇ ਅੰਦੋਲਨ ਤੋ ਬਾਅਦ ਉਹਨਾਂ ਨੂੰ ਰੁਕਣਾ ਪਿਆ।

ਸਾਡੇ ਦੇਸ ਵਿਚ ਨਦੀਆਂ ਤੱਕ ਵੇਚਿਆ ਜਾ ਰਿਹਾ ਹੈ।ਛੱਤੀਸਗੜ ਵਿਚ ਤਾ ਪੂਰੀ ਦੀ ਪੂਰੀ ਸਿਵਨਾਥ ਨਦੀ ਹੀ ਇਕ ਕੰਪਨੀ ਨੂੰ ਵੇਚ ਦਿੱਤੀ ਹੈ।ਅਗਰ ਕਿਸੇ ਵਿਅਕਤੀ ਨੂੰ ਕਿਸੇ ਵੀ ਕੰਮ ਦੇ ਲਈ ਨਦੀ ਦੇ ਪਾਣੀ ਨੂੰ ਇਸਤੇਮਾਲ ਕਰਨਾ ਹੋਵੇਗਾ-ਸੰਚਾਈ ਦੇ ਲਈ,ਪੀਣ ਦੇ ਲਈ,ਕਪੜੇ ਧੋਣ ਦੇ ਲਈ ਤਾ ਕੰਪਨੀ ਦੀ ਮਰਜੀ ਤੋ ਬਗੈਰ ਨਹੀ ਕਰ ਸਕਣਗੇ

ਦੇਸ ਦੀ ਲੱਗਭਗ ਸਾਰੀਆਂ ਨਦੀਆਂ ਤੇ ਬੰਨ ਮਾਰੇ ਗਏ ਹਨ।ਗੰਗਾ ਤੇ ਐਨੇ ਬੰਨ ਮਾਰੇ ਗਏ ਹਨ ਕਿ ਦੱਸਦੇ ਹਨ ਕਿ ਗੰਗਾ ਆਪਣਾ ਅਸਲੀ ਰੂਪ ਹੀ ਨਹੀ ਬੱਚੇਗਾ।ਗੰਗਾ ਇਕ ਬੰਨਾਂ ਵਿਚ ਬਹਿਣ ਵਾਲੀ ਧਾਰਾ ਰਹਿ ਗਈ ਹੈ।ਅਸੀ ਸਹਿਮਤ ਹੀ ਕਿ ਦੇਸ ਦੇ ਵਿਚ ਬਿਜਲੀ ਦੀ ਜਰੂਰਤ ਹੈ।ਪਰ ਕੀ ਅਸੀ ਇਸ ਨੂੰ ਨਿਕਾਰ ਦੇਈਏ ਕਿ ਦੇਸ ਨੂੰ ਨਦੀਆਂ ਦੀ ਵੀ ਜਰੂਰਤ ਹੈ?ਕਈ ਦੇਸਾਂ ਵਿਚ ਰਾਸਟਰੀ ਨਦੀਆਂ ਦੇ ਕੁਦਰਤੀ ਬਹਾਉ ਲਈ ਇਕ ਕਾਨੂੰਨੀ ਸਰੁਖਿਆ ਪ੍ਰਾਪਤ ਹੈ।ਸਾਡੇ ਦੇਸ ਵਿਚ ਅਜਿਹਾ ਨਹੀ ਹੈ। ਪਿਛਲੇ ਕੁਝ ਸਾਲਾ ਵਿਚ ਜਿਸ ਤੇਜੀ ਨਾਲ ਹਰ ਨਦੀ ਤੇ ਬੰਨ ਮਾਰਣ ਦੇ ਲਈ ਠੇਕੇ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਗਏ ਹਨ ਉਸ ਤੋ ਲੱਗਦਾ ਹੈ ਕਿ ਸਰਕਾਰ ਵਿਚ ਬੈਠੇ ਨੇਤਾਵਾਂ,ਅਫਸਰਾਂ ਨੂੰ ਬਿਜਲੀ ਉਤਪਾਦਨ ਦੀ ਘੱਟ ਤੇ ਠੇਕੇ ਤੋ ਮਿਲਨ ਵਾਲੀ ਰਿਸਵਤ ਕਮਾਉਣ ਦੀ ਜਿਆਦਾ ਦੌੜ ਲੱਗੀ ਹੋਈ ਹੈ।ਇਸ ਹਿਸਾਬ ਨਾਲ ਕੁਝ ਹੀ ਸਾਲਾ ਵਿਚ ਸਾਰੀਆਂ ਨਦੀਆਂ ਹੀ ਗੰਦੇ ਨਾਲਿਆਂ ਵਿਚ ਬਦਲ ਜਾਣਗੀਆਂ

ਇਹ ਸਾਰੀਆਂ ਉਦਾਹਰਣਾਂ ਤੋ ਇਕ ਗੱਲ ਤਾ ਸਾਫ ਹੋ ਗਈ ਹੈ ਕਿ ਇਹਨਾਂ ਪਾਰਟੀਆਂ,ਨੇਤਾਵਾਂ ਅਫਸਰਾਂ ਦੇ ਹੱਥਾਂ ਵਿਚ ਦੇਸ ਦੇ ਕੁਦਰਤੀ ਸੋਮੇ ਸਰੁਖਿਅਤ ਨਹੀ ਹਨ।ਜਲਦੀ ਹੀ ਕੁਝ ਨਾ ਕੀਤਾ ਗਿਆ ਤਾ ਇਹ ਲੋਕ ਮਿਲਕੇ ਸਾਰਾ ਕੁਝ ਵੇਚ ਦੇਣਗੇ

## ਕੀ ਇਹੀ ਲੋਕਤੰਤਰ ਹੈ ?

ਤਾ ਇਸ ਤੋ ਜਾਹਿਰ ਹੈ ਕਿ ਇਸ ਪੂਰੀ ਦੀ ਪੂਰੀ ਵਿਵਸਥਾ ਤੇ ਸਾਡਾ ਕੋਈ ਕੰਟਰੋਲ ਨਹੀ ਹੈ।ਹਰ ਸਰਕਾਰੀ ਕਰਮਚਾਰੀਆਂ ਦਾ ਕੁਝ ਨਹੀ ਕਰ ਸਕਦੇ।ਸਰਕਾਰੀ ਫੰਡ ਤੇ ਸਾਡਾ ਕੋਈ ਕੰਟਰੋਲ ਨਹੀ ਹੈ।ਸਰਕਾਰੀ ਨੀਤੀਆਂ ਤੇ ਸਾਡਾ ਕੋਈ ਕੰਟਰੋਲ ਨਹੀ ਹੈ।ਕਾਨੂੰਨ ਬਣਾਉਣ ਤੇ ਸਾਡਾ ਕੋਈ ਕੰਟਰੋਲ ਨਹੀ ਹੈ।ਵਿਧਾਨ ਸਭਾਵਾਂ ਤੇ ਸੰਸਦ ਤੇ ਸਾਡਾ ਕੋਈ ਕੰਟਰੋਲ ਨਹੀ ਹੈ।ਪਾਣੀ,ਜੰਗਲ,ਜਮੀਨ ਸਮੇਤ ਜਿੰਨੇ ਵੀ ਕੁਦਰਤੀ ਸੋਮੇ ਹਨ,ਉਹਨਾਂ ਨੂੰ ਵੇਚਿਆ ਜਾ ਰਿਹਾ ਹੈ।ਇਸ ਤੇ ਸਾਡਾ ਕੋਈ ਕੰਟਰੋਲ ਨਹੀ ਹੈ।ਇਕ ਦਿਨ ਇਹ ਸਾਰੀਆਂ ਪਾਰਟੀਆਂ ਤੇ ਨੇਤਾ ਰਲ ਮਿਲਕੇ ਦੇਸ ਨੂੰ ਵੇਚ ਦੇਣਗੇ

ਕੀ ਇਹੀ ਲੋਕਤੰਤਰ ਹੈ ? ਕੀ ਇਸ ਨੂੰ ਲੋਕਤੰਤਰ ਕਹਾਗੇ ਕਿ 5 ਸਾਲ ਵਿਚ 1 ਵਾਰ ਵੋਟ ਪਾਉ ਤੇ ਉਸਦੇ ਬਾਅਦ ਆਪਣੀ ਜਿੰਦਗੀ ਉਹਨਾਂ ਨੇਤਾਵਾਂ ਤੇ ਅਫਸਰਾਂ ਦੇ ਕੋਲ ਗਹਿਣੇ ਰੱਖ ਦੇਈਏ।

ਇਹ ਲੋਕਤੰਤਰ ਨਹੀ ਹੈ।ਜਰੂਰ ਕਿਤੇ ਨਾ ਕਿਤੇ ਗੜਵੜ ਹੈ।ਸਾਡੇ ਦੇਸ ਵਿਚ ਇਹ ਸਮਸਿਆ ਹੈ ਕੇ ਸਾਡੇ ਦੇਸ ਵਿਚ ਲੋਕਤੰਤਰ ਨਹੀ ਹੈ।

ਸਾਨੂੰ ਲੋਕਤੰਤਰ ਚਾਹੀਦਾ ਹੈ। ਹੁਣ 5 ਸਾਲ ਵਿਚ ਇਕ ਵਾਰ ਵੋਟ ਪਾਉਣ ਵਾਲੀ ਨੀਤੀ ਨਹੀ ਚੱਲੇਗੀ।ਹੁਣ ਸਿੱਧੀ ਸਿੱਧੀ ਲੋਕਾਂ ਨੂੰ ਸੱਤਾ ਵਿਚੋ ਹਿੱਸੇਦਾਰੀ ਚਹੀਦੀ ਹੈ।ਜਨਤਾ ਫੈਸਲੇ ਕਰੇ ਤੇ ਨੇਤਾ ਤੇ ਅਫਸਰ ਉਸ ਨੂੰ ਲਾਗੂ ਕਰਨ।

# ਬੀਤੇ ਸਮੇ ਦੀ ਗੱਲ.......................................................................................

ਜਦੋ ਅਸੀ ਇਸ ਤਰਾ ਦੀਆਂ ਗੱਲਾਂ ਕਰਦੇ ਹਾ ਤਾ ਬਹੁਤ ਲੋਕ ਕਹਿੰਦੇ ਹਨ ਕਿ ਇਸ ਤਰਾ ਜਨਤਾ ਕਿਵੇ ਫੈਸਲਾ ਕਰੇਗੀ?ਉਹ ਤਾ ਆਪਸ ਵਿਚ ਲੜੇਗੀ।ਜਨਤਾ ਫੈਸਲਾ ਨਹੀ ਕਰ ਸਕਦੀ।

ਇਸ ਦੇਸ ਦੀ ਜਨਤਾ ਸਦੀਆਂ ਤੋ ਫੈਸਲਾ ਕਰਦੀ ਆਈ ਹੈ।ਇਹ ਦੁੱਖ ਦੀ ਗੱਲ ਹੈ ਕਿ ਅਸੀ ਆਪਣੇ ਦੇਸ ਦੀ ਸੰਸਕ੍ਰਿਤੀ ਭੁੱਲਦੇ ਜਾਦੇ ਹਾ।ਭਾਰਤ ਨੇ ਲੋਕਤੰਤਰ ਕਿਥੋ ਸਿਖਿਆ ਹੈ?ਬਹੁਤ ਲੋਕਾਂ ਦਾ ਕਹਿਣਾ ਹੈ ਕਿ ਅਸੀ ਲੋਕਤੰਤਰ ਅਮਰੀਕਾ ਤੇ ਸਿਖਿਆ ਹੈ।ਕਈ ਲੋਕ ਕਹਿੰਦੇ ਹਨ ਕਿ ਅਸੀ ਲੋਕਤੰਤਰ ਇਗਲੈਡ ਤੋ ਸਿਖਿਆ ਹੈ।ਸੱਚੀ ਗੱਲ ਇਹ ਹੈ ਕਿ ਲੋਕਤੰਤਰ ਤਾ ਭਾਰਤ ਵਿਚ ਬੁੱਧ ਦੇ ਜਮਾਨੇ ਤੋ ਚੱਲਿਆ ਆਉਦਾ ਹੈ। ਬੁੱਧ ਦੇ ਜਮਾਨੇ ਦਾ ਲੋਕਤੰਤਰ ਅੱਜ ਦੇ ਲੋਕਤੰਤਰ ਤੋ ਸਕਤੀਸਾਲੀ ਸੀ।ਜੋ ਕਿ ਦੁਨੀਆ ਦਾ ਸਭ ਤੋ ਪਹਿਲਾ ਲੋਕਤੰਤਰ ਸੀ।ਭਾਵੇ ਉਹਨਾ ਦਿਨਾਂ ਵਿਚ ਰਾਜੇ ਦਾ ਪੁੱਤਰ ਹੀ ਰਾਜਾ ਬਣਦਾ ਸੀ।ਰਾਜੇ ਦੀ ਚੋਣ ਨਹੀ ਸੀ ਹੁੰਦੀ।ਲੇਕਿਨ ਰਾਜੇ ਦੀ ਚਲਦੀ ਨਹੀ ਸੀ।ਸਾਰੇ ਫੈਸਲੇ ਪਿੰਡਾਂ ਦੀਆ ਪੰਚਾਇਤਾਂ ਕਰਦੀਆਂ ਸਨ।ਜੋ ਪਿੰਡ ਦੀ ਪੰਚਾਇਤ ਕਹਿੰਦੀ ਸੀ,ਜਿਸ ਪਿੰਡ ਦੇ ਲੋਕ ਫੈਸਲੇ ਕਰਦੇ ਸਨ।ਰਾਜਾ ਨੂੰ ਉਹੀ ਫੈਸਲੇ ਮੰਨਣੇ ਪੈਦੇ ਸਨ। ਅੱਜ ਅਸੀ 5 ਸਾਲ ਲਈ ਰਾਜੇ ਦੀ ਚੋਣ ਕਰਦੇ ਹਾ ਲੇਕਿਨ ਸਾਡੀ ਚੱਲਦੀ ਨਹੀ ਹੈ।ਉਹਨਾਂ ਦਿਨਾਂ ਵਿਚ ਰਾਜਾ ਚੁਣਦੇ ਨਹੀ ਸਨ ਪਰ ਜਨਤਾ ਦੀ ਚੱਲਦੀ ਸੀ।

ਉਹਨਾਂ ਦਿਨਾਂ ਦੀ ਇੱਕ ਘਟਨਾ ਹੈ ਕਿ-ਵਿਸ਼ਾਲੀ ਦਾ ਇੱਕ ਰਾਜਾ ਹੁੰਦਾ ਸੀ।ਇਕ ਦਿਨ ਰਾਜੇ ਦੀ ਸਭਾ ਚੱਲ ਰਹੀ ਸੀ।ਸਾਰੇ ਪਿੰਡ ਦੇ ਲੋਕ ਤੇ ਰਾਜਾ ਬੈਠਾ ਸੀ।ਕੁਝ ਲੋਕਾਂ ਨੇ ਇਕ ਲੜਕੀ ਵੱਲ ਇਸਾਰਾ ਕਰਕੇ ਕਿਹਾ ਕਿ ਤੂੰ ਸਾਡੇ ਸਾਰੇ ਪਿੰਡ ਦੀ ਬਹੂ ਬਣ ਜਾ।ਲੜਕੀ ਨੇ ਕਿਹਾ ਕਿ- ਠੀਕ ਹੈ ਪਿੰਡ ਦੀ ਬਹੂ ਬਣਨ ਲਈ ਤਿਆਰ ਹਾ ਪਰ ਮੇਰੀ ਇਕ ਸਰਤ ਹੈ,ਮੈਨੂੰ ਰਾਜੇ ਦਾ ਰਾਜਮਹਿੱਲ ਚਾਹੀਦਾ ਹੈ।ਅਗਰ ਤੁਸੀ ਰਾਜਮਹਿੱਲ ਦੇ ਦੇਵੋ ਤਾ ਮੈ ਪਿੰਡ ਦੀ ਬਹੂ ਬਣਨ ਲਈ ਤਿਆਰ ਹਾ।ਉਥੇ ਹੀ ਪ੍ਰਸਤਾਵ ਰੱਖਿਆ ਜਾਦਾ ਹੈ ਕਿ ਅੱਜ ਤੋ ਰਾਜਮਹਿੱਲ ਇਸ ਲੜਕੀ ਦਾ ਹੈ।ਜੋ ਕਿ ਪੰਚਾਇਤ ਨੇ ਪਾਸ ਕਰ ਦਿੱਤਾ ਕਿ ਅੱਜ ਤੋ ਇਹ ਰਾਜਮਹਿੱਲ ਲੜਕੀ ਦਾ ਹੈ। ਇਸ ਤੇ ਰਾਜੇ ਨੇ ਵਿਰੋਧ ਕੀਤਾ ਤਾ ਪੰਚਾਇਤ ਨੇ ਕਿਹਾ ਕਿ ਇਹ ਆਪਦਾ ਰਾਜਮਹਿੱਲ ਨਹੀ ਹੈ।ਇਹ ਰਾਜਮਹਿੱਲ ਅਸੀ ਤੈਨੂੰ ਦਿੱਤਾ ਸੀ ਅਸੀ ਟੈਕਸ ਦਿੰਦੇ ਹਾ ਤਾ ਇਹ ਰਾਜਮਹਿੱਲ ਬਣਿਆ ਹੈ।ਅੱਜ ਦੇਸ ਦੀ ਜਨਤਾ ਤੁਹਾਡੇ ਤੋ ਲੈ ਕਿ ਇਸ ਲੜਕੀ ਨੂੰ ਦੇ ਰਹੀ ਹੈ।ਅਗਰ ਤੁਹਾਨੂੰ ਚਾਹੀਦਾ ਹੈ ਤਾ ਤੁਸੀ ਨਵਾ ਰਾਜਮਹਿੱਲ ਬਣਵਾ ਸਕਦੇ ਹੋ। ਰਾਜੇ ਨੂੰ ਰਾਜਮਹਿੱਲ ਉਸੇ ਵਕਤ ਖਾਲੀ ਕਰਕੇ ਲੜਕੀ ਨੂੰ ਦੇਣਾ ਪਿਆ ਤੇ ਆਪਣੇ ਲਈ ਦੂਸਰਾ ਰਾਜਮਹਿੱਲ ਬਣਾਉਣਾ ਪਿਆ।ਕਿਸੇ ਲੜਕੀ ਨੂੰ ਸਾਰੇ ਪਿੰਡ ਦੀ ਬਹੂ ਬਣਾਉਣਾ ਗਲਤ ਪ੍ਰਥਾ ਹੈ। ਇਥੇ ਇਹ

ਉਦਾਹਰਣ ਇਸ ਲਈ ਦਿੱਤੀ ਹੈ ਤਾ ਜੋ ਉਸ ਸਮੇ ਦੀ ਰਾਜਨੀਤੀ ਵਿਚ ਲੋਕਾਂ ਦੀ ਤਾਕਤ ਦਾ ਪਤਾ ਲੱਗ ਸਕੇ

ਸਾਡੇ ਦੇਸ ਦੀ ਰਾਸਟਰਪਤੀ ਐਡੇ ਵੱਡੇ ਬੰਗਲੇ ਵਿਚ ਰਹਿੰਦੀ ਹੈ। ਦਿੱਲੀ ਦੇ ਵਿਚਕਾਰ 340 ਏਕੜ ਜ਼ਮੀਨ ਦੇ ਵਿਚ ਰਾਸਟਰਪਤੀ ਦਾ ਬੰਗਲਾ ਹੈ।ਉਸੇ ਦਿੱਲੀ ਦੇ ਵਿਚ 40% ਅਬਾਦੀ ਝੁਗੀਆਂ ਝੌਪੜੀਆਂ ਦੇ ਵਿਚ ਕੀੜੇ ਮਕੌੜਿਆਂ ਵਾਗੂ ਰਹਿੰਦੇ ਹਨ।ਉਹਨਾਂ ਕੋਲ 2 ਗੱਜ਼ ਜ਼ਮੀਨ ਨਹੀ ਹੈ ਸੌਣ ਲਈ ਇੱਕ ਇੱਕ ਝੁੱਗੀ ਵਿਚ 10-10 ਲੋਕ ਫਸਕੇ ਸੌਦੇ ਹਨ। ਅਗਰ ਅਸੀ ਲੋਕ ਪ੍ਰਸਤਾਵ ਪਾਸ ਕਰ ਦੇਈਏ ਕਿ ਸਾਡੀ ਰਾਸ਼ਟਰਪਤੀ ਨੂੰ ਛੋਟੇ ਬੰਗਲੇ ਵਿਚ ਚੱਲੇ ਜਾਣਾ ਚਾਹੀਦਾ ਹੈ। ਤੁਹਾਡਾ ਕੀ ਖਿਆਲ ਹੈ ਕੀ ਉਹ ਜਾਵੇਗ ? ਬਿਲਕੁਲ ਨਹੀ ।

ਨਵੀ ਦਿੱਲੀ ਵਿਚ ਮੰਤਰੀ,ਸਰਕਾਰੀ ਅਫਸਰ ਬਹੁਤ ਵੱਡੇ ਵੱਡੇ ਘਰਾਂ ਵਿਚ ਇਕੱਲੇ ਰਹਿ ਰਹੇ ਹਨ।ਅਗਰ ਅਸੀ ਇਹਨਾਂ ਨੂੰ ਕਹੀਏ ਕਿ ਸਾਰੇ ਥੋੜਾ ਛੋਟੇ ਬੰਗਲਿਆਂ ਵਿਚ ਚੱਲੇ ਜਾਵੋ ਤਾ ਜੋ ਆਮ ਆਦਮੀਆਂ ਨੂੰ ਜ਼ਮੀਨ ਮਿਲ ਸਕੇ।ਉਹ ਚੱਲੇ ਜਾਣਗੇ ਨਹੀ ਕਦੇ ਵੀ ਨਹੀ।

ਉਹ ਲੋਕਤੰਤਰ ਸੀ ਜਦੋ ਲੋਕ ਮੱਤਾ ਪਾਸ ਕਰਕੇ ਰਾਜਮਹਿੱਲ ਖਾਲੀ ਕਰਵਾ ਸਕਦੇ ਸਨ, ਜਾ ਅੱਜ ਲੋਕਤੰਤਰ ਹੈ ਜਦੋ ਅਸੀ ਮੱਤਾ ਪਾਸ ਕਰਕੇ ਇਕ ਸੜਕ ਵੀ ਨਹੀ ਬਣਵਾ ਸਕਦੇ। ਸਕੂਲ ਦੇ ਅਧਿਆਪਕ ਨੂੰ ਨਹੀ ਠੀਕ ਕਰਵਾ ਸਕਦੇ , ਹਸਪਤਾਲ ਦੇ ਡਾਕਟਰ ਨੂੰ ਨਹੀ ਠੀਕ ਕਰਵਾ ਸਕਦੇ।

ਪਹਿਲਾ ਅਜਿਹੀ ਪ੍ਰਣਾਲੀ ਕੰਮ ਕਰਦੀ ਸੀ ਕਿ ਫੈਸਲੇ ਜਨਤਾ ਕਰਦੀ ਸੀ ਤੇ ਲਾਗੂ ਕਰਦਾ ਸੀ।ਇਸ ਤਰਾ ਦਾ ਰਾਜ ਸਾਡੇ ਦੇਸ ਵਿਚ 1860 ਤੱਕ ਚੱਲਦਾ ਰਿਹਾ ਹੈ।ਪਿੰਡ ਦੀ ਇਕਾਈ ਤੇ ਸਿੱਧਾ ਲੋਕਾਂ ਦਾ ਰਾਜ ਚੱਲਦਾ ਸੀ।ਪਿੰਡ ਦੀ ਪੰਚਾਇਤ ਹੀ ਤਹਿ ਕਰਦੀ ਸੀ ਕਿ ਪਿੰਡ ਦੀ ਸਿੰਚਾਈ ਦਾ ਪ੍ਰਬੰਧ ਕਿਵੇ ਹੋਵੇ,ਸਿਖਿਆ ਪ੍ਰਬੰਧ ਕਿਵੇ ਹੋਵੇ,ਸਕੂਲ ਕਿਵੇ ਚੱਲਣ ਇਹ ਫੈਸਲਾ ਪਿੰਡ ਦੇ ਲੋਕ ਕਰਦੇ ਸਨ,ਸਾਡੇ ਦੇਸ ਤੇ ਕਈ ਲੋਕਾਂ ਨੇ ਹਮਲੇ ਕੀਤੇ ਉਹਨਾਂ ਨੇ ਕੇਦਰ ਸਰਕਾਰ ਤੇ ਹੀ ਕਬਜਾ ਕੀਤਾ ਪੰਚਾਇਤ ਸਿਸਟਮ ਨੂੰ ਨਹੀ ਛੇੜਿਆ।ਕੇਦਰ ਵਿਚ ਬੈਠ ਕਿ ਪਿੰਡਾਂ ਤੇ ਟੈਕਸ ਵੱਧ ਕਰਨਾ ਹੈ ਜਾ ਘੱਟ ਕਰਨ ਬਾਰੇ ਹੀ ਫੈਸਲੇ ਕਰਦੇ ਸਨ।

1830 ਵਿਚ ਲਾਰਡ ਮੈਟ ਕਾਲਫ ਜੋ ਉਸ ਸਮੇ ਦੇ ਕਾਰਜਕਾਰਣੀ ਗਵਰਨਰ ਜਨਰਲ ਹੋਏ ਹਨ ਨੇ ਲਿਖਿਆਂ ਕਿ ਇਸ ਦੇਸ ਦੀ ਬੁਨਿਆਦ ਇਥੋ ਦੀਆਂ ਗਰਾਮ ਸਭਾਵਾਂ ਹਨ।ਇਥੋ ਦੇ ਲੋਕ ਮਿਲ ਕਿ ਫੈਸਲਾ ਲੈਦੇ ਹਨ ਤੇ ਉਸ ਨੂੰ ਲਾਗੂ ਕਰਦੇ ਹਨ। ਅੰਗਰੇਜਾਂ ਨੇ 1860 ਵਿਚ ਇਹ ਗਰਾਮ ਸਭਾਵਾਂ ਨੂੰ ਤੋੜਨ ਲਈ ਕਾਨੂੰਨ ਬਣਾਇਆਂ।ਕਿਉਕਿ ਉਹ ਸਮਝ ਗਏ ਸਨ ਕਿ ਜਦ ਤੱਕ ਗਰਾਮ ਸਭਾਵਾਂ ਨਹੀ ਤੋੜੀਆਂ ਜਾਣਗੀਆਂ ਤਦ ਤੱਕ ਅੰਗਰੇਜਾ ਦੀਆਂ ਜੜਾਂ ਇਸ ਦੇਸ ਵਿਚ ਨਹੀ ਲੱਗ ਸਕਦੀਆਂ,ਉਹਨਾਂ ਨੇ ਕਾਨੂੰਨ ਬਣਾ ਕੇ ਕੁਲੈਕਟਰ ਰਾਜ ਕਾਇਮ ਕੀਤਾ।ਸਾਰੇ ਅਧਿਕਾਰ ਪਹਿਲਾ ਜੋ ਲੋਕਾਂ ਦੇ ਕੋਲ ਸਨ, ਗਰਾਮ ਸਭਾਵਾਂ ਦੇ ਕੋਲ ਸਨ ਸਾਰੇ ਖੋਹ ਕਿ ਇਕ ਅੰਗਰੇਜ਼ ਕੁਲੈਕਟਰ ਨੂੰ ਦੇ ਦਿੱਤੇ।ਪਹਿਲਾ ਸਿੰਜਾਈ ਵਿਵਸਥਾ

ਲੋਕ ਚਲਾਉਂਦੇ ਸਨ, ਸਿੰਜਾਈ ਮਹਿਕਮਾਂ ਬਣਾ ਦਿੱਤਾ,ਪਹਿਲਾ ਸਿਖਿਆਂ ਵਿਵਸਥਾ ਲੋਕ ਚਲਾਉਂਦੇ ਸਨ ਸਿਖਿਆਂ ਮਹਿਕਮਾਂ ਬਣਾ ਦਿੱਤਾ।ਜ਼ਿੰਦਗੀ ਨਾਲ ਸਬੰਧਤ ਸਾਰੀਆਂ ਚੀਜਾ ਨਾਲ ਸਬੰਧਤ ਮਹਿਕਮੇ ਬਣਾ ਦਿੱਤੇ ਤੇ ਉਹਨਾਂ ਦੇ ਉਪਰ ਇਕ ਕੁਲੈਕਟਰ ਲਿਆ ਕਿ ਬਿਠਾ ਦਿੱਤਾ ਜੋ ਕਿ ਅੰਗਰੇਜ਼ ਅਫਸਰ ਹੁੰਦਾ ਸੀ।

ਦੇਸ ਦੀ ਮਾੜੀ ਕਿਸਮਤ 1947 ਨੂੰ ਜਦੋ ਦੇਸ ਅਜਾਦ ਹੋਇਆ ਤਾ ਦੇਸ ਦੇ ਲੋਕਾਂ ਤੋ ਜੋ ਹੱਕ ਖੋਹੇ ਗਏ ਸਨ ਉਹ ਵਾਪਸ ਨਹੀ ਕੀਤੇ ਗਏ। ਗਰਾਮ ਸਭਾਵਾਂ ਦੇ ਜੋ ਹੱਕ ਸਨ ਉਹ ਵਾਪਿਸ ਨਹੀ ਕੀਤੇ ਗਏ।ਸਿਰਫ ਅੰਗਰੇਜ਼ ਕੁਲੈਕਟਰ ਨੂੰ ਹਟਾ ਕਿ ਭਾਰਤੀ ਕੁਲੈਕਟਰ ਬਿਠਾ ਦਿੱਤਾ।ਬਾਕੀ ਸਾਰੀ ਦੀ ਸਾਰੀ ਵਿਵਸਥਾ ਅੰਗਰੇਜਾ ਦੀ ਲਾਗੂ ਰੱਖੀ ਹੋਈ ਹੈ।ਜਦੋ ਤੱਕ ਅਧਿਕਾਰ ਗਰਾਮ ਸਭਾਵਾਂ ਨੂੰ ਵਾਪਿਸ ਨਹੀ ਮਿਲਦੇ ਤਦ ਤੱਕ ਸੁਧਾਰ ਨਹੀ ਹੋ ਸਕਦਾ।ਉਦੋ ਤੱਕ ਅਜਾਦੀ ਨਹੀ ਆਵੇਗੀ।

# ਮੌਜੂਦਾ ਪੰਚਾਇਤੀ ਢਾਂਚਾ.......................................................................................

ਕਈ ਲੋਕ ਕਹਿੰਦੇ ਹਨ ਕਿ ਤੁਸੀ ਕੀ ਨਵਾ ਕਰ ਰਹੇ ਹੋ ? ਅੱਗੇ ਵੀ ਪੰਚਾਇਤਾਂ ਹੈ ਤਾ ਸਹੀ। ਪੰਚਾਇਤੀ ਰਾਜ ਵਿਵਸਥਾ ਦੇ ਕਰਕੇ ਸਿੱਧੀ ਜਨਤਾਂ ਦੀ ਹਿੱਸੇਦਾਰੀ ਹੈ।ਇਹ ਵਿਚਾਰ ਤਾ ਬਹੁਤ ਅੱਛਾ ਹੈ।ਅੰਗਰੇਜਾ ਤੋ ਪਹਿਲਾ ਵੀ ਅਜਿਹਾ ਹੁੰਦਾ ਸੀ।ਪਰ ਅਜਾਦੀ ਤੋ ਬਾਅਦ ਸਾਡੇ ਦੇਸ ਵਿਚ ਜੋ ਪੰਚਾਇਤੀ ਰਾਜ ਦੇ ਨਾਮ ਤੇ ਚੱਲ ਰਿਹਾ ਹੈ।ਉਸ ਵਿਚ ਪੰਚਾਇਤਾਂ ਨੂੰ ਸਿੱਧੇ ਰੂਪ ਵਿਚ ਅਧਿਕਾਰ ਦੇਣ ਦੀ ਬਜਾਏ,ਨੇਤਾਵਾਂ,ਤੇ ਅਫਸਰਾਂ ਨੂੰ ਭਿਰਸ਼ਟਾਚਾਰ ਕਰਨ ਲਈ ਨਵੇ ਮੌਕੇ ਦਿੱਤੇ ਗਏ ਹਨ।

ਪੰਚਾਇਤਾਂ ਰਾਜਪ੍ਰਬੰਧ ਦੀ ਅਹਿਮ ਕੜੀ ਹੋਣ ਕਰਕੇ ਰਾਜ ਸਰਕਾਰਾਂ,ਕੇਦਰ ਦੀਆਂ ਯੋਜਨਾਵਾਂ ਤੇ ਹੋਰ ਸੂਚਨਾਵਾਂ ਵਾਲੀ ਏਜ਼ੰਸੀ ਬਣ ਕਿ ਰਹਿ ਗਈਆਂ ਹਨ।ਜਿਆਦਾ ਯੋਜਨਾਵਾਂ ਦਿੱਲੀ ਜਾ ਰਾਜਾਂ ਦੀਆਂ ਰਾਜਧਾਨੀਆਂ ਵਿਚ ਬਣਾਈਆਂ ਜਾਦੀਆਂ ਹਨ। ਪੰਚਾਇਤਾਂ ਨੂੰ ਕੇਵਲ ਲਾਗੂ ਕਰਨ ਦੇ ਹੁਕਮ ਹੀ ਮਿਲਦੇ ਹਨ। ਪੰਚਾਇਤਾਂ ਦੀ ਪੂਰੇ ਪਿੰਡ ਦੀ ਮੀਟਿੰਗ ਤਾ ਕਦੇ ਹੀ ਹੁੰਦੀ ਹੈ।ਕਿਉਕਿ ਉਹ ਬਲਾਉਣ ਵਿਚ ਕਿਸੇ ਦੀ ਵੀ ਰੁਚੀ ਨਹੀ ਹੁੰਦੀ।ਇਸ ਮੀਟਿੰਗ ਵਿਚ ਲੋਕ ਆaਣ ਲਈ ਬਹੁਤ ਘੱਟ ਰੁੱਚੀ ਦਿਖਾਉਦੇ ਹਨ।ਕਿਉਕਿ ਉਹਨਾਂ ਦੀਆਂ ਮੰਗਾਂ ਤੇ ਕੋਈ ਕਾਰਵਾਈ ਨਹੀ ਹੁੰਦੀ।

ਸਾਡੇ ਪੰਚਾਇਤੀ ਰਾਜ ਵਿਚ ਬਹੁਤ ਕਮੀਆਂ ਹਨ।ਮੋਟੇ ਤੌਰ ਤੋ ਇਹਨਾਂ ਗੱਲਾਂ ਕਰਕੇ ਇਸ ਪ੍ਰਬੰਧ ਦਾ ਗੱਲ ਘੁੱਟਿਆ ਪਿਆ ਹੈ।

1. ਪੰਚਾਇਤਾਂ ਨੂੰ ਬਹੁਤ ਘੱਟ ਅਧਿਕਾਰ ਸ਼ਕਤੀਆਂ ਦਿੱਤੀਆਂ ਗਈਆਂ ਹਨ।

2. ਜੋ ਥੋੜੇ ਬਹੁਤੇ ਅਧਿਕਾਰ ਪੰਚਾਇਤਾਂ ਨੂੰ ਦਿੱਤੇ ਵੀ ਗਏ ਹਨ,ਉਹ ਵੀ ਸਿਰਫ ਸਰਪੰਚਾਂ ਤੱਕ ਹੀ ਸੀਮਿਤ ਹਨ।ਕਿਸੇ ਵੀ ਪੰਚਾਇਤ ਵਿਚ ਸਰਪੰਚ ਹੀ ਸਰਬ ਸਕਤੀਮਾਨ ਹੁੰਦਾ ਹੈ,ਸਾਰੇ ਫੈਸਲੇ ਸਰਪੰਚ ਹੀ ਕਰਦਾ ਹੈ।ਯਾਨੀ ਕਿ ਲੋਕਾਂ ਕੋਲ ਕੋਈ ਅਧਿਕਾਰ ਨਹੀ ਹੁੰਦਾ।ਮੌਜੂਦਾ ਪੰਚਾਇਤੀ ਢਾਚੇ ਵਿਚ ਪੰਚਾਇਤੀ ਰਾਜ ਕਾਨੂੰਨ ਅਨੁਸਾਰ ਗ੍ਰਾਮ ਸਭਾ ਕੇਵਲ ਸਰਪੰਚ ਨੂੰ ਸਲਾਹ ਹੀ ਦੇ ਸਕਦੀ ਹੈ।ਸਰਪੰਚ ਉਸ ਨੂੰ ਮੰਨੇ ਜਾ ਨਾ ਮੰਨੇ ਉਹ ਅਜਾਦ ਹੈ।

3. ਇਸੇ ਲਈ ਜਿਆਦਾਤਰ ਸਰਪੰਚ ਭਰਿਸ਼ਟ ਹੋ ਚੁੱਕੇ ਹਨ।ਜਦ ਵੀ ਉਹ ਭਰਿਸ਼ਟਾਚਾਰ ਕਰਦੇ ਹਨ ਤਾਂ ਲੋਕਾਂ ਨੂੰ ਉਸਦੇ ਖਿਲਾਫ ਕੋਈ ਵੀ ਕਾਰਵਾਈ ਕਰਨ ਦਾ ਕੋਈ ਵੀ ਅਧਿਕਾਰ ਨਹੀ ਹੈ।ਲੋਕ ਕੇਵਲ ਬੇਬੱਸ ਹੋ ਕੇ ਦੇਖਣ ਜੋਗੇ ਹੀ ਰਹਿ ਜਾਦੇ ਹਨ।

4. ਸਰਪੰਚ ਦੇ ਭਰਿਸ਼ਟ ਨਿਕੰਮੇ ਜਾ ਗੈਰ ਜੁੰਮੇਵਾਰਨਾ ਵਿਹਾਰ ਤੇ ਕਾਰਵਾਈ ਕਰਨ ਦਾ ਅਧਿਕਾਰ ਕੇਵਲ ਕੁਲੈਕਟਰ ਦੇ ਕੋਲ ਹੀ ਹੈ। ਕੁਲੈਕਟਰ ਹੀ ਕਿਸੇ ਸਰਪੰਚ ਦੇ ਖਿਲਾਫ ਕਾਰਵਾਈ ਕਰ ਸਕਦਾ ਹੈ। ਬੀ.ਡੀ.ੳ. ਸਰਪੰਚ ਨੂੰ ਬਰਖਾਸਤ ਵੀ ਕਰ ਸਕਦਾ ਹੈ।ਇਸ ਲਈ ਬਹੁਤੇ ਸਰਪੰਚ ਬੀ.ਡੀ.ੳ. ਤੋ ਡਰੇ ਰਹਿੰਦੇ ਹਨ।ਕਿਸੇ ਵੀ ਜਿਲੇ ਵਿਚ ਇਕ ਤਰਾ ਦਾ ਰਾਜ ਸਰਕਾਰ ਦਾ ਨੁਮਾਇੰਦਾ ਹੁੰਦਾ ਹੈ।ਜਿਵੇ ਰਾਜ ਸਰਕਾਰ ਵਿਚ ਗਵਰਨਰ ਕੇਦਰ ਸਰਕਾਰ ਦਾ ਨੁਮਾਇੰਦਾ ਹੁੰਦਾ ਹੈ।ਇਵੇ ਹੀ ਜਿਲੇ ਵਿਚ ਕੁਲੈਕਟਰ ਰਾਜ ਸਰਕਾਰ ਦਾ ਨੁੰਮਾਇਦਾ ਹੈ।ਇਹ ਚੰਗਾ ਹੈ ਕਿ ਗਵਰਨਰ ਦੇ ਕੋਲ ਰਾਜ ਸਰਕਾਰ ਵਿਚ ਦਸਤਖਤ ਕਰਨ ਦਾ ਕੋਈ ਅਧਿਕਾਰ ਨਹੀ ਹੈ।ਪਰ ਇਹ ਮੰਦਭਾਗਾ ਹੈ ਕਿ ਕੁਲੈਕਟਰ ਦੇ ਕੋਲ ਪੰਚਾਇਤ ਵਿਚ ਦਸਤਖਤ ਕਰਨ ਦਾ ਅਧਿਕਾਰ ਹੈ।ਰਾਜ ਸਰਕਾਰਾਂ ਕੁਲੈਕਟਰ ਦੇ ਜਰੀਏ ਆਪਣੀ ਮਰਜੀ ਨਾਲ ਦਸਤਖਤ ਕਰਵਾ ਰਹੀਆਂ ਹਨ।

ਆਓ ਦੇਖੀਏ ਪੰਚਾਇਤੀ ਰਾਜ ਵਿਵਸਥਾਂ ਦੇ ਕੰਮਾਂ ਦੀਆਂ ਹੋਰ ਉਦਾਹਰਣਾਂ:

## ਪਿੰਡ ਭੌੜਸੀ ਦੀ ਉਦਾਹਰਣ

ਕਿਸੇ ਵੀ ਪਿੰਡ ਦੇ ਲੋਕਾਂ ਨੂੰ ਪਾਣੀ ਦੀ ਜਰੂਰਤ ਹੁੰਦੀ ਹੈ,ਮਿੱਟੀ ਦੀ ਜਰੂਰਤ ਹੁੰਦੀ ਹੈ।ਫਸਲ ਦੀ ਜਰੂਰਤ ਹੁੰਦੀ

ਹੈ।ਸਿੰਜਾਈ ਜਰੂਰਤ ਹੁੰਦੀ ਹੈ।ਹਰ ਚੀਜ ਦੀ ਜਰੂਰਤ ਹੁੰਦੀ ਹੈ।ਲੇਕਿਨ ਸਰਕਾਰ ਦੇ ਸਿੰਜਾਈ ਮਹਿਕਮੇ ਨੂੰ ਇਸ ਨਾਲ ਕੋਈ ਮਤਲਬ ਨਹੀ ਕਿ ਮਿੱਟੀ ਦਾ ਕੀ ਹੋਵੇਗਾ?ਮਿੱਟੀ ਵਾਲੇ ਵਿਭਾਗ ਨੂੰ ਇਸ ਨਾਲ ਕੋਈ ਮਤਲਬ ਨਹੀ ਕਿ ਪਾਣੀ ਦਾ ਕੀ ਹੋਵੇਗਾ?ਪਾਣੀ ਵਾਲੇ ਵਿਭਾਗ ਨੂੰ ਇਸ ਨਾਲ ਕੋਈ ਮਤਲਬ ਨਹੀ ਕਿ ਦਰਖਤਾਂ ਦਾ ਕੀ ਹੋਵੇਗਾ?ਦਰਖਤਾਂ ਵਾਲੇ ਵਿਭਾਗ ਨੂੰ ਇਸ ਨਾਲ ਕੋਈ ਮਤਲਬ ਨਹੀ ਕਿ ਦੂਸਰਿਆਂ ਵਿਭਾਗਾਂ ਦਾ ਕੀ ਹੋਵੇਗਾ?ਸਾਰਿਆਂ ਵਿਭਾਗਾਂ ਦੇ ਸਲਾਨਾ ਨਿਸ਼ਾਨੇ ਹੁੰਦੇ ਹਨ ਸਾਰੇ ਵਿਭਾਗ ਉਹਨਾਂ ਨੂੰ ਪੂਰੇ ਕਰਨ ਵਿਚ ਲੱਗੇ ਹੋਏ ਹਨ।

ਦਿੱਲੀ ਦੇ ਕੋਲ ਹਰਿਆਣਾ ਦੇ ਵਿਚ ਇਕ ਪਿੰਡ ਹੈ ਭੌੜਸੀ ਜੰਗਲਾਤ ਮਹਿਕਮੇ ਨੂੰ ਹੁਕਮ ਮਿਲਿਆ ਕਿ ਇਸ ਪਿੰਡ ਵਿਚ ਉਹਨਾਂ ਨੇ ਦਰਖਤ ਲਾਉਣੇ ਹਨ।ਇਸ ਪਿੰਡ ਵਿਚ ਦਰਖਤਾਂ ਦੀ ਗਿਣਤੀ ਬਹੁਤ ਘੱਟ ਹੈ।ਉਹਨਾਂ ਨੇ ਜਿਆਦਾ ਦਰਖਤ ਲਾਉਣ ਲਈ ਹੈਲੀਕਾਪਟਰ ਤੋ ਹੀ ਪੂਰੇ ਇਲਾਕੇ ਵਿਚ ਕਿਕਰ ਦੇ ਬੀਜ ਖਿਲਾਰ ਦਿੱਤੇ।ਇਸ ਤਰਾ ਚਾਰੇ ਪਾਸੇ ਹੀ ਕਿਕਰਾਂ ਦੇ ਬੂਟੇ ਉਗ ਆਏ।ਕਿਕਰ ਦੇ ਬੀਜ ਇਸ ਲਈ ਖਿਲਾਰੇ ਸਨ ਕਿ ਇਹ ਬੂਟੇ ਜਲਦੀ ਉਗ ਆਉਦੇ ਹਨ।ਇਸ ਇਲਾਕੇ ਵਿਚ ਕਿਕਰਾਂ ਦਾ ਜਾਲ ਫੈਲ ਗਿਆ।ਪਰ ਇਹਨਾਂ ਕਿਕਰਾਂ ਨੇ ਸਾਰਾ ਪਾਣੀ ਹੀ ਬਰਬਾਦ ਕਰ ਦਿੱਤਾ।ਕਿਉਕਿ ਕਿਕਰਾਂ ਦੇ ਬੂਟੇ ਬਹੁਤ ਪਾਣੀ ਖਿਚਦੇ ਹਨ।ਇਸ ਨਾਲ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ।ਕਰਨ ਫਾਇਦਾ ਤੁਰੇ ਸੀ ਹੋ ਨੁਕਸਾਨ ਗਿਆ।ਇਹ ਹੈ ਸਾਡੀ ਪੰਚਾਇਤੀ ਰਾਜ ਵਿਵਸਥਾ।ਸਾਡੇ ਇਲਾਕੇ ਵਿਚ ਕਿਹੜੇ ਕਿਹੜੇ ਬੂਟੇ ਲਾਉਣੇ ਚਾਹੀਦੇ ਹਨ ਇਸਦਾ ਫੈਸਲਾ ਲੋਕ ਕਰਨ ਨਾ ਕਿ ਪੰਚਾਇਤ

## ਕਟੂਮਬਾਕਸ ਵਿਚ ਸਹਿਰ ਦਾ ਕੂੜਾ:

ਮਦਰਾਸ ਦੇ ਕੋਲ ਇਕ ਪਿੰਡ ਹੈ ਕਟੂਮਬਾਕਸ।ਮਦਰਾਸ ਦੇ ਆਸ ਪਾਸ ਦੇ 6 ਸਹਿਰਾਂ ਦਾ ਕੂੜਾ ਸਿੱਟਣ ਲਈ ਜਗਾਹ ਭਾਲੀ ਜਾ ਰਹੀ ਸੀ,ਅਚਾਨਕ ਸਰਕਾਰ ਦੀ ਬੁਰੀ ਨਜਰ ਇਸ ਪਿੰਡ ਦੀ 100 ਏਕੜ ਖਾਲੀ ਸਾਮਲਾਟ ਤੇ ਜਾ ਪਈ ਜਿਥੇ ਪਿੰਡ ਦੇ 5000 ਪਸੂ ਚਰਦੇ ਸਨ।ਇਥੋ ਦੇ ਕੁਲੈਕਟਰ ਦੇ ਹੁਕਮ ਤੇ 70 ਏਕੜ ਤੇ ਕਬਜਾ ਕਰ ਲਿਆ ਤਾ ਜੋ 6 ਸਹਿਰਾਂ ਦਾ ਕੂੜਾ ਸਿੱਟਿਆ ਜਾ ਸਕੇ।ਇਸ ਨਾਲ ਪਿੰਡ ਦੇ ਲੋਕ ਬਹੁਤ ਹੀ ਗੁਸੇ ਹੋਏ।ਉਹਨਾਂ ਨੂੰ ਫਿਕਰ ਹੋ ਗਿਆ ਕਿ ਸਾਡੇ ਪਿੰਡ ਦੇ ਪਸੂ ਕਿਥੇ ਚਰਨਗੇ ? ਦੂਜੀ ਗੱਲ ਇਹ ਕਿ ਸਹਿਰਾਂ ਦਾ ਕੂੜਾ ਪਿੰਡ ਵਿਚ ਕਿਉ ਸਿਟਿਆ ਜਾਵੇ ? ਲੋਕਾਂ ਨੂੰ ਬਿਨਾ ਪੁਛੇ ਹੀ ਕੁਲੈਕਟਰ ਨੇ ਜ਼ਮੀਨ ਤੇ ਕਬਜਾ ਕਿਉ ਕੀਤਾ ਹੈ।ਲੋਕਾਂ ਨੇ ਅਦਾਲਤ ਦਾ ਬੂਹਾ ਖੜਕਾਇਆਂ ਲੇਕਿਨ ਅਦਾਲਤ ਵਿਚ ਵੀ ਲੋਕ ਹਾਰ ਗਏ । ਕਿਉਕਿ ਕਾਨੂੰਨ ਕੁਲੈਕਟਰ ਨੂੰ ਇਸ ਤਰਾ ਕਰਨ

ਦਾ ਅਧਿਕਾਰ ਦਿੰਦਾ ਹੈ।

ਕੀ ਇਹ ਪੰਚਾਇਤੀ ਰਾਜ ਹੈ ? ਇਥੇ ਨਾ ਪੰਚਾਇਤਾਂ ਨੂੰ,ਨਾ ਸਰਪੰਚ ਨੂੰ ਕੋਈ ਅਧਿਕਾਰ ਹੈ,ਨਾ ਲੋਕਾਂ ਨੂੰ ਕੋਈ ਅਧਿਕਾਰ ਹੈ।ਇਸ ਮੌਜੂਦਾ ਪੰਚਾਇਤ ਰਾਜ ਵਿਚ ਕੁਲੈਕਟਰ ਤੇ ਸਰਕਾਰ ਮਿਲਕੇ ਪਿੰਡ ਦੇ ਲੋਕਾਂ ਤੇ ਪੰਚਾਇਤ ਦੀ ਮਰਜੀ ਦੇ ਖਿਲਾਫ ਜ਼ਮੀਨ ਖੋਹ ਸਕਦੇ ਹਨ,ਆਸ ਪਾਸ ਦਾ ਕੂੜਾ ਸਾਡੀ ਮਰਜੀ ਤੋ ਬਿਨਾ ਸਿੱਟ ਸਕਦੇ ਹਨ!

## ਨਰੇਗਾ ਦਾ ਮਜਾਕ:

ਅੱਜ ਸਾਰੇ ਦਾ ਸਾਰਾ ਪੈਸਾ ਉਪਰ ਤੇ ਹੇਠਾਂ ਤੱਕ ਆਉਦਾ ਹੈ।ਉਹ ਪੈਸਾ ਹੇਠਾ ਪਹੁੰਚਦਾ ਹੀ ਨਹੀ ਹੈ।ਹਰ ਅਧਿਕਾਰੀ ਉਸ ਨੂੰ ਆਪਣੇ ਪੱਧਰ ਤੱਕ ਹੀ ਵਰਤਣਾ ਚਾਹੁੰਦਾ ਹੈ।ਜਿਵੇ ਨਰੇਗਾ ਦੇ ਕਾਨੂੰਨ ਦੇ ਅਨੁਸਾਰ ੪% ਪੈਸਾ ਕੰਨਟੀਨਜੰਸੀ ਦਾ ਹੁੰਦਾ ਹੈ।ਮਤਲਬ ਕਿ ਇਹ ਪੈਸਾ ਨਰੇਗਾ ਦੇ ਪ੍ਰੋਜੈਕਟ ਨਾਲ ਕੰਮ ਕਰਨ ਵਾਲੀਆਂ ਔਰਤਾਂ,ਬੱਚਿਆਂ ਦੇ ਲਈ ਸੁਬਿਧਾਂ ਕੇਦਰ ਬਣਾਇਆ ਜਾਵੇ।ਜਿਥੇ ਪਾਣੀ ਤੇ ਹੋਰ ਸਹੂਲਤਾਂ ਮਹੱਈਆਂ ਕਰਵਾਈਆਂ ਜਾਣ ਇਸ ਦੇ ਲਈ ਇਹ ੪% ਪੈਸਾ ਕੰਨਟੀਨਜੈਸੀ ਦੇ ਨਾ ਤੇ ਮਜਦੂਰਾਂ ਦੇ ਭਲੇ ਲਈ ਹੁੰਦਾ ਹੈ।

ਲੇਕਿਨ ਕਈ ਜਗਾਹ ਤੇ ਕੁਲੈਕਟਰਾਂ ਦੀ ਮਨਮਰਜੀ ਹੁੰਦੀ ਹੈ।ਇਹ ਪੈਸਾ ਥੱਲੇ ਪਿੰਡਾਂ ਤੱਕ ਨਹੀ ਦਿੱਤਾ ਜਾਦਾ।ਉਤਰ ਪ੍ਰਦੇਸ ਦੇ ਇਕ ਜਿਲੇ ਵਿਚ ਨਰੇਗਾ ਦੇ ਪੈਸਾ ਕੁਲੈਕਟਰ ਨੇ ਹੀ ਰਖ ਲਿਆ।ਉਸ ਜਿਲੇ ਦੇ ਜਿਨੇ ਵੀ ਪਿੰਡ ਸਨ ਉਹਨਾਂ ਦੇ ਲਈ ਕੁਲੈਕਟਰ ਨੇ ਅਲਮਾਰੀਆਂ ਖਰੀਦ ਲਈਆਂ,ਦਰੀਆ ਖਰੀਦ ਲਈਆਂ ਤੇ ਸਾਰੇ ਪਿੰਡਾਂ ਨੂੰ ਵੰਡ ਦਿੱਤੀਆਂ।ਹਾਲਾਂ ਕਿ ਕਾਨੂੰਨ ਇਸ ਪੈਸੇ ਨੂੰ ਖਰਚਣ ਦਾ ਅਧਿਕਾਰ ਸਿਰਫ ਗ੍ਰਾਮ ਸਭਾ ਨੂੰ ਹੀ ਦੇਦਾ ਹੈ।ਪਰ ਪੈਸਾ ਉਪਰ ਤੋ ਹੇਠਾਂ ਆਉਦਾ ਹੈ।ਇਸ ਲਈ ਅਧਿਕਾਰੀ ਇਸ ਨੂੰ ਮਨਮਰਜੀ ਨਾਲ ਖਰਚ ਕਰਦੇ ਹਨ।ਕਾਨੂੰਨ ਦੀ ਗੱਲ ਕਰਨੀ ਤਾ ਗਲਤ ਹੈ ਲੋਕਾਂ ਦੇ ਕੋਲ ਇਹਨਾਂ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਕਰਨ ਦਾ ਕੋਈ ਕਟਰੋਲ ਨਹੀ ਹੈ।ਉਹਨਾਂ ਦੀ ਗੁੰਡਾਗਰਦੀ ਦੇ ਖਿਲਾਫ ਕੁਝ ਕਰ ਸਕਣ।

## ਝਾੜੂ ਵੀ ਨਹੀ ਖਰੀਦ ਸਕਦੀਆਂ ਪੰਚਾਇਤਾਂ:

ਕਾਨੂੰਨ ਵਿਚ ਲਿਖਿਆ ਹੈ ਕਿ ਜੇ ਕੋਈ ਸਰਪੰਚ ਠੀਕ ਕੰਮ ਨਹੀ ਕਰੇਗਾ ਤਾ ਉਹ ਮੀਟਿੰਗ ਵਿਚ ਨਹੀ ਆ ਸਕਦਾ। ਅਗਰ ਭਰਿਸ਼ਟਚਾਰ ਕਰੇਗਾ ਤਾ ਉਸਦੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਕਲੈਕਟਰ ਨੂੰ ਹੈ। ਉਸਦੀ ਜਾਂਚ ਕਰ ਸਕਦਾ ਹੈ।ਉਸ ਨੂੰ ਹਟਾ ਸਕਦਾ ਹੈ।ਇਕ ਕਲੈਕਟਰ ਦੇ ਅਧਿਕਾਰ ਵਿਚ 1000-2000 ਪਿੰਡ ਆਉਦੇ ਹਨ।ਉਸ ਨੂੰ ਕਿਵੇ ਪਤਾ ਹੈ ਕਿ ਕੋਈ ਸਰਪੰਚ ਠੀਕ ਕੰਮ ਕਰ ਰਿਹਾ ਹੈ ਕਿ ਨਹੀ।ਇਸ ਦਾ ਪਤਾ ਲੋਕਾਂ ਨੂੰ ਹੋਵੇਗਾ ਜਾ ਕੁਲੈਕਟਰ ਨੂੰ ?ਇਹ ਲੋਕਾਂ ਨੂੰ ਹੀ ਪਤਾ ਹੁੰਦਾ ਹੈ ਕਿ ਕੌਣ ਕੰਮ ਕਰਦਾ ਹੈ।ਉਸਦੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਲੋਕਾਂ ਨੂੰ ਨਹੀ ਹੈ।ਕੁਲੈਕਟਰ ਨੂੰ ਅਧਿਕਾਰ ਦਿੱਤਾ ਹੈ,ਇਹ ਤਾ ਹੋਇਆ ਹੀ ਹੋਇਆ ਕਈ ਭਰਿਸਟ ਕੁਲੈਕਟਰਾਂ ਨੇ ਸਰਪੰਚਾ ਤੋ ਮਹੀਨਾ ਮੰਗਣਾ ਸੁਰੂ ਕਰ ਦਿੱਤਾ।ਜੋ ਸਰਪੰਚਾਂ ਨੇ ਮਹੀਨਾ ਦੇਣ ਤੇ ਨਾਹ ਕਰ ਦਿੱਤੀ ਉਹਨਾਂ ਦੇ ਖਿਲਾਫ ਫਰਜੀ ਜਾਂਚ ਸੁਰੂ ਕਰ ਦਿੱਤੀ ਜਾਦੀ ਹੈ।ਫਰਜੀ ਜਾਂਚ ਦੀ ਧਮਕੀ ਦੇ ਕੇ ਜਾ ਜਾਂਚ ਸੁਰੂ ਕਰਕੇ ਗਲਤ ਕੰਮ ਕਰਵਾਉਣ ਲਈ ਦੁਬਾਉ ਪਾਇਆ ਜਾਦਾ ਹੈ।

ਇਕ ਉਦਾਹਰਣ ਨਾਲ ਪਤਾ ਲੱਗ ਜਾਵੇਗਾ ਕਿ ਪੰਚਾਇਤੀ ਰਾਜ ਕਿਵੇ ਕੰਮ ਕਰਦਾ ਹੈ । ਕਿਵੇ ਪੰਚਾਇਤੀ ਰਾਜ ਵਾਗੂ ਰਾਜ ਸਰਕਾਰਾਂ ਸਰਪੰਚਾਂ ਦੀ ਦੁਰਵਰਤੋ ਕਿਵੇ ਕਰਦੀ ਹੈ।ਕਿਉਕਿ ਸਰਪੰਚਾਂ ਦੀ ਧੌਣ ਸਰਕਾਰ ਦੇ ਹੱਥਾਂ ਵਿਚ ਹੁੰਦੀ ਹੈ। ਸਰਪੰਚ , ਮੁਖੀਆਂ , ਪ੍ਰਧਾਨ ਗਲਤ ਕੰਮ ਕਰਨ ਲਈ ਮਜਬੂਰ ਹੁੰਦਾ ਹੈ।

ਉੱਤਰ ਪ੍ਰਦੇਸ ਦੀ ਰਾਜ ਸਰਕਾਰ ਨੇ ਇਕ ਠੇਕੇਦਾਰ ਨੂੰ ਸਾਰੇ ਰਾਜ ਦੇ ਪਿੰਡਾਂ ਦੀ ਸਫਾਈ ਦਾ ਸਮਾਨ ਪਹੁੰਚਾਣ ਦਾ ਠੇਕਾ ਦੇ ਦਿੱਤਾ , ਠੇਲੀ , ਫਾਉੜਾ , ਨਾਲੀ ਸਾਫ ਕਰਨ ਲਈ ਤੱਸਲਾ ਆਦਿ।ਉਸ ਠੇਕੇਦਾਰ ਨੂੰ ਕਿਹਾ ਕਿ ਇਹ ਸਰਪੰਚਾਂ ਨੂੰ ਜਾ ਕੇ ਦੇ ਆਵੋ।ਜਦੋ ਉਹ ਠੇਕੇਦਾਰ ਪਿੰਡਾਂ ਵਿਚ ਸਰਪੰਚਾਂ ਨੂੰ ਸਮਾਨ ਦੇਣ ਜਾ ਰਿਹਾ ਸੀ ਤਾ ਉਹ ਸਮਾਨ ਸਰਪੰਚ ਦੇ ਘਰ ਦੇ ਬਾਹਰ ਸੁੱਟ ਦਿੰਦਾ ਸੀ।ਬੀ.ਡੀ.ਓ. ਦੇ ਦਫਤਰ ਵਿਚੋ ਸਰਪੰਚਾਂ ਨੂੰ ਫੋਨ ਆਉਦਾ ਹੈ ਕਿ ਭੁਗਤਾਨ ਕਰ ਦਿਉ।ਸਰਪੰਚਾਂ ਨੂੰ ਭੁਗਤਾਨ ਕਰਨਾ ਪੈਦਾ ਹੈ ਨਹੀ ਉਸਦੇ ਖਿਲਾਫ ਝੂਠੀ ਕਾਰਵਾਈ ਸੁਰੂ ਕਰ ਦਿੱਤੀ ਜਾਦੀ।

ਕਾਗਜਾਂ ਵਿਚ ਇਹ ਦਿਖਾਇਆ ਕਿ ਇਹ ਸਮਾਨ ਸਰਪੰਚ ਨੇ ਖਰੀਦਿਆਂ ਹੈ।ਰਾਜ ਸਰਕਾਰ ਨੇ ਗੈਰ ਕਾਨੂੰਨੀ ਢੰਗ ਨਾਲ ਸਾਰੇ ਸਮਾਨ ਦਾ ਠੇਕਾ ਇਕੋ ਠੇਕੇਦਾਰ ਨੂੰ ਸਪਲਾਈ ਕਰਨ ਦਾ ਹੁਕਮ ਦੇ ਦਿੱਤਾ ਅਤੇ ਸਰਪੰਚ ਨੂੰ ਫੋਨ ਕਰਕੇ ਕਹਿ

ਦਿੱਤਾ ਕਿ ਉਹ ਸਮਾਨ ਲੈ ਕੇ ਭੁਗਤਾਨ ਕਰ ਦੇਣ

ਉੱਚ ਸਿਖਿਆ ਵਿਭਾਗ ਵਿਚ ਇਹੀ ਹੋ ਰਿਹਾ ਹੈ। ਉੱਚ ਸਿਖਿਆ ਵਿਭਾਗ ਵਿਚ ਵੀ ਸਮਾਨ ਖਰੀਦਣ ਦਾ ਅਧਿਕਾਰ ਪੰਚਾਇਤਾਂ ਨੂੰ ਹੈ।ਲੇਕਿਨ ਉਥੇ ਵੀ ਗੁੰਡਾਗਰਦੀ ਚੱਲਦੀ ਹੈ। ਉੱਚ ਸਿਖਿਆ ਵਿਭਾਗ ਦਾ ਪੈਸਾ ਹਰੇਕ ਪਿੰਡ ਦੀ ਗ੍ਰਾਮ ਸਿਖਿਆ ਵਿਧੀ ਦੇ ਸਪੁਰਦ ਕਰ ਦਿੱਤਾ ਜਾਦਾ ਹੈ।ਲੇਕਿਨ ਉੱਤਰ ਪ੍ਰਦੇਸ ਦੇ ਕੁਝ ਜਿਲਿਆ ਵਿਚ ਦੇਖਿਆ ਗਿਆ ਹੈ ਕਿ ਜਿਲਾ ਅਫਸਰ ਨੇ ਇਕ ਠੇਕੇਦਾਰ ਨੂੰ ਸਾਰਾ ਸਮਾਨ ਸਪਲਾਈ ਕਰਨ ਤੇ ਸਕੂਲਾਂ ਦੀ ਬਿਜਲੀ ਠੀਕ ਕਰਨ ਦਾ ਠੇਕਾ ਦੇ ਦਿਤਾ , ਉਹ ਸਕੂਲਾਂ ਵਿਚ ਜਾਦਾ ਹੈ ਕੁਝ ਨਹੀ ਕਰਦਾ ਘਟੀਆਂ ਕੰਮ ਕਰਦਾ ਹੈ ਘਟਿਆ ਮਾਲ ਸਪਲਾਈ ਕਰਦਾ , ਫੇਰ ਪਿੰਡ ਦੇ ਸਰਪੰਚ ਨੂੰ ਫੋਨ ਤੇ ਕਹਿ ਦਿਤਾ ਜਾਂਦਾ ਇਸਦਾ ਭੁਗਤਾਨ ਕਰਦੋ ! ਇਸ ਤਰ੍ਹਾਂ ਰਾਜ ਸਰਕਾਰ ਤੇ ਜਿਲ੍ਹਾਂ ਪੱਧਰ ਤੇ ਅਧਿਕਾਰੀਆ ਦੀ ਦਾਦਾਗਿਰੀ ਪਿੰਡ ਦੇ ਸਰਪੰਚ ਤੇ ਚਲਦੀ ਹੈ

## ਪੰਚਾਇਤ ਮੁਖੀ - ਪੰਚਾਇਤ ਦਾ ਜਾਂ ਰਾਜ ਸਰਕਾਰ ਦਾ :

ਕਾਨੂੰਨ ਵਿਚ ਇਹ ਲਿਖਿਆ ਹੈ ਕਿ ਪੰਚਾਇਤ ਜਾ ਪਿੰਡ ਵਿਚ ਜਿਨੇ ਵੀ ਕਰਮਚਾਰੀ ਹਨ।ਉਹਨਾਂ ਦੀ ਨਿਯੁਕਤੀ ਰਾਜ ਸਰਕਾਰ ਵੱਲੋ ਕੀਤੀ ਜਾਵੇਗੀ, ਪੰਚਾਇਤ ਕੀ ਕੰਮ ਕਰੇਗੀ ਇਸ ਦਾ ਫੈਸਲਾ ਵੀ ਰਾਜ ਸਰਕਾਰ ਕਰੇਗੀ।ਸਾਡੇ ਪਿੰਡ ਦੀ ਪੰਚਾਇਤ ਦੀ ਨਿਯੁਕਤੀ ਅਸੀ ਚੰਗੀ ਤਰਾ ਨਾਲ ਕਰ ਸਕਦੇ ਹਾ ਜਾ ਰਾਜ ਸਰਕਾਰ?ਉਸਨੂੰ ਕੀ ਕੰਮ ਕਰਨੇ ਚਾਹੀਦੇ ਹਨ?ਰਾਜ ਸਰਕਾਰ ਨੂੰ ਕੀ ਪਤਾ ਹੈ ਕਿ ਪਿੰਡ ਨੂੰ ਕੀ ਚਾਹੀਦਾ ਹੈ?

## ਬੈਕ ਵਰਡ ਰੀਜਨ  ਗ੍ਰਾਟ ਫੰਡ ਦਾ ਕਿਸਾ-

ਕੇਂਦਰ ਸਰਕਾਰ ਦੀ ਪੱਛੜੇ ਇਲਾਕੇ ਦੇ ਲੋਕਾਂ ਲਈ ਇਕ ਯੋਜਨਾ ਹੈ ਜਿਸ ਨੂੰ ਬੈਕ ਵਰਡ ਰੀਜਨ ਗ੍ਰਾਟ ਫੰਡ ਕਿਹਾ ਜਾਦਾ ਹੈ।ਇਸ ਯੋਜਨਾ ਦੇ ਅਧੀਨ ਸਭ ਤੇ ਪੱਛੜੇ ਹੋਏ ਜਿਲੇ ਨੂੰ ਕੇਂਦਰ ਸਰਕਾਰ ਫੰਡ ਦੇਵੇਗੀ।ਯੋਜਨਾ ਵਿਚ ਕਿਹਾ ਗਿਆ ਹੈ ਕਿ ਉਸ ਜਿਲੇ ਦੇ ਸਾਰੇ ਪਿੰਡਾਂ ਤੇ ਗ੍ਰਾਮ ਸਭਾਵਾਂ ਦੇ ਲਈ ਯੋਜਨਾ ਬਣਾਈ ਜਾਵੇਗੀ।ਉਹਨਾਂ ਪਿੰਡਾਂ ਦੇ ਲੋਕਾਂ ਦੀਆਂ ਕੀ ਜਰੂਰਤਾਂ ਹਨ?ਉਸ ਫੰਡ ਵਿਚੋ ਸਿਰਫ ਉਹੀ ਕੰਮ ਕੀਤੇ ਜਾਣਗੇ ਜੋ ਗ੍ਰਾਮ ਸਭਾ ਵੱਲੋ ਪਾਸ ਕੀਤੇ ਜਾਣਗੇ।

ਦੇਸ ਵਿਚ ਲੱਗਭਗ 250 ਅਜਿਹੇ ਅਜਿਹੇ ਜਿਲੇ ਹਨ।ਜਿਥੇ ਇਹ ਯੋਜਨਾ ਚਲ ਰਹੀ ਹੈ।ਹਰਿਆਣੇ ਦੇ ਦੋ ਜਿਲੇ ਸਰਸਾ

ਤੇ ਮਹਿੰਦਰਗੜ ਹਨ ਜਿਥੇ ਇਹ ਸਕੀਮ ਚੱਲ ਰਹੀ ਹੈ।ਜਦੇ ਅਸੀ ਉਹਨਾਂ ਜਿਲਿਆਂ ਵਿਚ ਗਏ ਤਾ ਸਾਨੂੰ ਪਤਾ ਲੱਗਿਆ ਕਿ ਉਹਨਾਂ ਜਿਲਿਆਂ ਦੇ ਕਈ ਪਿੰਡਾਂ ਵਿਚ ਗ੍ਰਾਮ ਸਭਾਵਾਂ ਹੈ ਹੀ ਨਹੀ।ਬਿਨਾ ਗ੍ਰਾਮ ਸਭਾਵਾਂ ਦੇ ਇਸ ਫੰਡ ਦਾ ਕਿਵੇ ਪ੍ਰਯੋਗ ਕੀਤਾ ਜਾ ਰਿਹਾ ਹੈ।ਪੜਤਾਲ ਕਰਨ ਤੇ ਪਤਾ ਲੱਗਿਆ ਕਿ ਇਹ ਪੈਸਾ ਕੁਲੈਕਟਰ ਦੇ ਅਕਾਊਂਟ ਵਿਚ ਆਉਦਾ ਹੈ।ਕਾਨੂੰਨ ਇਹ ਕਹਿੰਦਾ ਹੈ ਕਿ ਪੈਸਾ ਜੋ ਗ੍ਰਾਮ ਸਭਾਵਾ ਯੋਜਨਾ ਬਣਾ ਕੇ ਭੇਜਗੀ ਉਸ ਤੇ ਖਰਚ ਕੀਤੇ ਜਾਣਗੇ ਕੁਲੈਕਟਰ ਉਸ ਦੇ ਹਿਸਾਬ ਨਾਲ ਹੀ ਪੈਸਾ ਵਰਤ ਸਕੇਗਾ।

ਜਿਵੇ ਕਿ ਕੁਲੈਕਟਰ ਨੇ ਫੈਸਲਾ ਕਰਨਾ ਹੈ ਕਿ 100 ਸਕੂਲ ਬਣਨਗੇ ਫਿਰ ਇਕ ਠੇਕੇਦਾਰ ਨੂੰ ਬੁਲਾ ਕੇ ਸਕੂਲ ਬਣਾਉਣ ਲਈ ਕਹਿ ਦਿੰਦਾ ਹੈ।ਫਿਰ 100 ਪਿੰਡਾਂ ਦੇ ਸਰਪੰਚਾਂ ਨੂੰ ਬੁਲਾ ਕਿ ਕਿਹਾ ਜਾਦਾ ਹੈ ਕਿ ਗ੍ਰਾਮ ਸਭਾਵਾਂ ਦੇ ਨਾਮ ਤੇ ਫਰਜੀ ਪ੍ਰਸਤਾਵ ਲੈ ਆਉ ਕਿ ਸਾਡੇ ਪਿੰਡ ਵਿਚ ਗ੍ਰਾਮ ਸਭਾ ਸਕੂਲ ਬਣਾਉਣਾ ਚਾਹੁੰਦੀ ਹੈ।

ਕਈ ਵੱਡੇ ਵੱਡੇ ਨੇਤਾਂ ਵੀ ਕੁਲੈਕਟਰਾਂ ਤੇ ਦਬਾਅ ਪਾ ਕੇ ਬੈਕ ਵਰਡ ਰੀਜਨ ਗ੍ਰਾਂਟ ਫੰਡ ਵਿਚੋ ਆਪਣੀ ਮਰਜੀ ਦੇ ਕੰਮ ਕਰਵਾ ਲੈਦੇ ਹਨ। ਕੁਲੈਕਟਰਾਂ ਤੇ ਦਬਾਅ ਪਾ ਕੇ ਆਪਣੀ ਜਮੀਨ ਦੇ ਕੋਲ ਅਨੇਕਾਂ ਕੰਮ ਕਰਵਾ ਲੈਦੇ ਹਨ।

ਸਰਸਾ ਜਿਲੇ ਦੇ ਕੁਝ ਮੁੰਡਿਆਂ ਨੇ 18 ਪਿੰਡਾਂ ਵਿਚ ਆਪਣੇ ਯਤਨਾਂ ਸਦਕਾ ਗ੍ਰਾਮ ਸਭਾ ਬਣਾ ਕਿ ਅਸਲਾ ਪ੍ਰਸਤਾਵ ਪਾਸ ਕਰਵਾ ਕਿ ਉਪਰ ਭੇਜੇ।ਇਸ ਯੋਜਨਾ ਵਿਚ ਸਾਫ ਲਿਖਿਆ ਹੈ ਕਿ ਗ੍ਰਾਮ ਸਭਾ ਯੋਜਨਾ ਬਣਾਉਣਗੀ ਤੇ ਕੁਲੇਕਟਰ ਪਾਸ ਕਰਕੇ ਫੰਡ ਦੇਵੇਗਾ।ਇਸ ਦੇ ਬਾਵਜੂਦ ਸਰਸਾ ਜਿਲੇ ਦੇ ਕੁਲੇਕਟਰ ਨੇ ਇਕ ਸਾਲ ਤੋ ਜਿਆਦਾ ਸਮਾਂ ਬੀਤ ਜਾਣ ਤੇ 18 ਪਿੰਡਾਂ ਵਿਚ ਗ੍ਰਾਮ ਸਭਾਵਾਂ ਵੱਲੋ ਪਾਸ ਕੀਤੇ ਪ੍ਰਸਤਾਵਾਂ ਨੂੰ ਮਨਜੂਰੀ ਨਹੀ ਦਿੱਤੀ ।

## ਸਿੱਟਾ:

ਦੇਸ ਭਰ ਵਿਚ ਬਹੁਤ ਸਾਰੀਆਂ ਉਦਾਹਰਣਾਂ ਹਨ,ਅੱਜ ਵੀ ਪੰਚਾਇਤੀ ਰਾਜ ਪ੍ਰਬੰਧ ਵਿਚ ਕਿਸੇ ਤਰਾ ਵੀ ਪ੍ਰਸਾਸਣ ਤੇ ਅਧਕਾਰੀਆਂ ਵਾਗੂੰ ਲੋਕਾਂ ਦੇ ਕੰਟਰੋਲ ਵਿਚ ਨਹੀ ਹੈ।ਲੋਕਾਂ ਨੂੰ ਸੱਤਾ ਦੇਣ ਦੇ ਲਈ ਰਾਜ ਸਰਕਾਰ ਕੁਲੈਕਟਰ,ਸਰਪੰਚ ਦੀ ਤਾਕਤ ਕਾਨੂੰਨ ਰਾਹੀ ਆਮ ਲੋਕਾਂ ਤੇ ਗ੍ਰਾਮ ਸਭਾ ਨੂੰ ਦੇਣੀ ਹੋਵੇਗੀਕਾਰ ਵੱਲੋ ਫੋਨ ਤੇ ਕਿਹਾ ਜਾਦਾ ਹੈ ਕਿ ਭੁਗਤਾਨ ਕਰ ਦਿਉ।ਜਿਲਾ ਅਫਸਰਾਂ ਦੀ ਦਾਦਾਗਿਰੀ ਇਸ ਤਰਾ ਸਰਪੰਚਾਂ ਤੇ ਚੱਲਦੀ ਹੈ।

# ਹੋਰ ਦੇਸਾਂ ਦੇ ਉਦਾਹਰਣ.............................................................................

ਮੈ ਹੋਰ ਵੀ ਕਈ ਦੇਸਾਂ ਦੇ ਸੰਵਧਾਨਕ ਅਵਸਥਾ ਦਾ ਅਧਿਐਨ ਕੀਤਾ ਹੈ I ਅਮਰੀਕਾ ਵਿਚ ਕੀ ਹੁੰਦਾ ਹੈ , ਬਰਾਜ਼ੀਲ ਵਿਚ ਕੀ ਹੁੰਦਾ ਹੈ , ਸਵਿਟਜਰਲੈਂਡ ਵਿਚ ਕੀ ਹੁੰਦਾ ਹੈ ? ਇਹਨਾਂ ਵਿਚ ਕਈ ਸਫਲ ਤੇ ਬੇਹਤਰ ਸੰਵਿਧਾਨਕ ਢਾਂਚੇ ਆਪਣੇ ਵਧੀਆਂ ਨਤੀਜੇ ਦੇ ਰਹੇ ਹਨ|

## ਅਮਰੀਕਾ- ਵਾਲਮਾਰਟ ਹਾਰ ਗਿਆ:

ਅਮਰੀਕਾ ਵਿਚ ਸਥਾਨਕ ਪੱਧਰ , ਸਹਿਰੀ ਪੱਧਰ , ਮਿਊਨਸਿਪੈਲਟੀ ਪੱਧਰ ਤੇ ਕਾਊਟੀ ਪੱਧਰ ਤੇ ਕੋਈ ਵੀ ਨਿਰਣਾ ਲੋਕਾਂ ਦੀ ਮਰਜੀ ਤੇ ਬਗੈਰ ਨਹੀ ਹੁੰਦਾ।ਕਈ ਸਹਿਰਾਂ ਵਿਚ ਹਰ ਹਫਤੇ ਮੀਟਿੰਗ ਹੁੰਦੀ ਹੈ I ਜਿਵੇ ਮਿਡਲ ਟਾਊਨ ਇਕ ਸਹਿਰ ਹੈ I ਉਸਦੀ ਵੈਬ ਸਾਇਟ ਤੇ ਜਾ ਕੇ ਪਤਾ ਲੱਗਦਾ ਹੈ ਕਿ ਹਰ ਸੋਮਵਾਰ ਦੀ ਸਾਮ ਨੂੰ 5 ਵਜੇ ਲੋਕਾਂ ਦੀ ਮੀਟਿੰਗ ਹੁੰਦੀ ਹੈ।ਲੋਕਾਂ ਨੂੰ ਟਾਊਨ ਹਾਲ ਵਿਚ ਸੱਦਿਆ ਜਾਦਾ ਹੈ।ਲੋਕ ਆਉਦੇ ਹਨ ਤੇ ਲੋਕ ਫੈਸਲੇ ਕਰਦੇ ਹਨ।ਉਸੇ ਹਿਸਾਬ ਨਾਲ ਸਹਿਰ ਦੀ ਕਾਰਵਾਈ ਚੱਲਦੀ ਹੈ|

ਜਿਵੇ ਵਾਲਮਾਰਟ ਅਮਰੀਕਾ ਦੀ ਕੰਪਨੀ ਹੈ।ਉਹ ਭਾਰਤ ਆਉਣਾ ਚਾਹੁੰਦੀ ਹੈ।ਬਹੁਤ ਸਾਰੇ ਲੋਕਾਂ ਨੂੰ ਇਹ ਲੱਗਦਾ ਹੈ ਕਿ ਜੇ ਇਹ ਭਾਰਤ ਵਿਚ ਆ ਗਏ ਤਾ ਭਾਰਤ ਵਿਚ ਬੇਰੁਜਗਾਰੀ ਫੈਲ ਜਾਵੇਗੀ| ਬੇਰੁਜਗਾਰੀ ਫੈਲੇਗੀ ਜਾ ਨਹੀ ਫੈਲੇਗੀ ਇਹ ਇਕ ਅਲੱਗ ਮੁੱਦਾ ਹੈ।ਜਦੋ ਉਹ ਸਾਡੇ ਦੇਸ ਵਿਚ ਆਉਣਾ ਚਾਹੁੰਦੀ ਹੈ ਤਾ ਇਸ ਦਾ ਫੈਸਲਾ ਕੌਣ ਕਰਦਾ ਹੈ ਕਿ ਉਹਨਾਂ ਨੂੰ ਦੇਸ ਵਿਚ ਆਉਣ ਦੇਣਾ ਚਾਹੀਦਾ ਹੈ ਜਾ ਨਹੀ।ਇਹ ਫੈਸਲਾ ਸਾਡੇ ਦੇਸ ਦੇ ਸਿਰਫ ਦੋ ਆਦਮੀ ਹੀ ਲੈਦੇ ਹਨ ਇਕ ਦੇਸ ਦਾ ਪ੍ਰਧਾਨ ਮੰਤਰੀ,ਵਪਾਰ ਮੰਤਰੀ ਸਾਨੂੰ ਤਾ ਪੁਛਿਆ ਹੀ ਨਹੀ ਜਾਦਾ।ਜਦੇ ਕਿ ਬੇਰੁਜਗਾਰ ਤਾ ਅਸੀ ਹੀ ਹੋਣਾ ਹੈ।ਗਰੀਬ ਅਸੀ ਹੋਣਾ ਹੈ।ਫਿਰ ਵੀ ਸਾਨੂੰ ਨਹੀ ਪੁਛਿਆ ਜਾਦਾ|

ਇਹ ਕੰਪਨੀ ਅਮਰੀਕਾ ਦੇ ਔਰਗਨ ਸਟੇਟ ਵਿਚ ਇਕ ਦੁਕਾਨ ਖੋਲਣਾ ਚਾਹੁੰਦੀ ਸੀ।ਸਾਰੇ ਘਰਾਂ ਵਿਚ ਇਕ ਨੋਟਿਸ

ਭੇਜਿਆ ਗਿਆ ਕਿ ਸਾਡੇ ਸਹਿਰ ਵਿਚ ਵਾਲਮਾਰਟ ਦੀ ਦੁਕਾਨ ਖੁਲਣਾ ਚਾਹੁੰਦੀ ਹੈ।ਸਾਨੂੰ ਇਹ ਖੋਲਣ ਦੇਣੀ ਚਾਹੀਦੀ ਹੈ ਜਾ ਨਹੀ।ਤੁਸੀ ਇਸ ਦਿਨ ਇਸ ਸਮੇ ਟਾਊਨ ਹਾਲ ਵਿਚ ਆਉ ਤੇ ਦੱਸੋ ਕਿ ਵਾਲ ਮਾਰਟ ਨੂੰ ਇਜਾਜਤ ਦਿੱਤੀ ਜਾਵੇ ਜਾ ਨਾ।ਲੋਕ ਟਾਊਨ ਹਾਲ ਵਿਚ ਪਹੁੰਚੇ,ਇਕਠੇ ਹੋਏ ਤੇ ਕਿਹਾ ਕਿ ਸਾਨੂੰ ਵਾਲਮਾਰਟ ਨਹੀ ਚਾਹੀਦਾ।ਅਗਰ ਵਾਲਮਾਰਟ ਆਇਆ ਤਾ ਬਾਕੀ ਦੀਆਂ ਸਾਰੀਆ ਕਿਰਾਏ ਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ।ਵਾਲਮਾਰਟ ਆਪਣੇ ਹੀ ਦੇਸ ਵਿਚ ਦੁਕਾਨ ਖੋਲ ਨਹੀ ਸਕੀ।ਜਦੋ ਉਹ ਕੰਪਨੀ ਭਾਰਤ ਵਿਚ ਆਉਦੀ ਹੈ ਤਾ ਸਾਨੂੰ ਪੁਛਿਆ ਨਹੀ ਜਾਦਾ

## ਬਰਾਜ਼ੀਲ-ਗਲੀਆਂ ਵਿਚ ਤਿਆਰ ਹੁੰਦਾ ਬਜ਼ਟ -

ਬਰਾਜ਼ੀਲ ਦੀ ਉਦਾਹਰਣ ਲੈਦੇ ਹਾ। ਬਰਾਜ਼ੀਲ ਦਾ ਇਕ ਸਹਿਰ ਹੈ ਪੋਤੋ ਅਲੈਗਰੋ। ਇਸ ਸਹਿਰ ਦੀ 30-40 % ਅਬਾਦੀ ਝੁੱਗੀਆਂ ਵਿਚ ਰਹਿੰਦੀ ਹੈ। 1990 ਵਿਚ ਪੋਤੋ ਅਲੈਗਰੋ ਵਿਚ ਕਾਮਿਆਂ ਦੀ ਸਰਕਾਰ ਆਈ ਉਹਨਾਂ ਦਿਨਾਂ ਵਿਚ ਇਹਨਾਂ ਝੁੱਗੀ ਬਸਤੀਆਂ ਵਿਚ ਨਾ ਸੜਕਾਂ ਸੀ ,ਨਾ ਪਾਣੀ ਦਾ ਪ੍ਰਬੰਧ ਸੀ,ਨਾ ਸੀਵਰ ਕੁਨੈਕਸਨ ਸੀ ਬਹੁੱਤ ਸਾਰੇ ਲੋਕ ਅਨਪੜ ਸਨ।ਉਸ ਪਾਰਟੀ ਨੇ ਆ ਕਿ ਫੈਸਲਾ ਕੀਤਾ ਕਿ ਪੋਤੋ ਅਲੈਗਰੋ ਦਾ ਬੱਜ਼ਟ ਟਾਊਨ ਹਾਲ ਵਿਚ ਨਹੀ,ਕਾਊਸਿਲ ਵਿਚ ਨਹੀ ਸਗੋ ਗਲੀਆਂ ਮੁਹੱਲਿਆਂ ਵਿਚ ਬਣੇਗਾ।ਉਹਨਾਂ ਨੇ ਸਾਰੇ ਪੋਤੋ ਅਲੈਗਰੋ ਨੂੰ ਛੋਟੇ ਛੋਟੇ ਭਾਗਾਂ ਵਿਚ ਵੰਡ ਦਿੱਤਾ।ਹੁਣ ਵੀ ਸਾਲ ਦੇ ਸੁਰੂ ਵਿਚ ਲੋਕ ਮੁਹੱਲਿਆਂ ਵਿਚ ਮਿਲਦੇ ਹਨ ਤੇ ਲੋਕ ਆਪਣੀਆਂ ਮੁਸਕਲਾਂ ਲੈ ਕੇ ਆਉਦੇ ਹਨ।ਕੋਈ ਕਹਿੰਦਾ ਹੈ ਕਿ ਸੜਕ ਖਰਾਬ ਹੈ ਉਹ ਬਣਵਾ ਦਿਉ ਕੋਈ ਕਹਿੰਦਾ ਹੈ ਕਿ ਪੀਣ ਲਈ ਪਾਣੀ ਨਹੀ ਹੈ।ਟੈਕੀ ਬਣਵਾ ਦਿਉ ਕੋਈ ਕਹਿੰਦਾ ਹੈ,ਸੀਵਰ ਠੀਕ ਕੰਮ ਨਹੀ ਕਰ ਰਿਹਾ ਉਹ ਠੀਕ ਕਰਵਾ ਦਿਉ,ਕੋਈ ਕਹਿੰਦਾ ਹੈ ਕਿ ਅਧਿਆਪਕਾਂ ਦੀ ਹੋਰ ਨਿਯੁਕਤੀ ਕਰਵਾ ਦਿਉ। ਹਰ ਆਦਮੀ ਆਪਣੀ ਮੰਗ ਰੱਖਦਾ ਹੈ।ਪੂਰੇ ਸਹਿਰ ਦੀਆਂ ਮੰਗਾਂ ਨੂੰ ਇਕ ਜਗਾਹ ਇਕਠਾ ਕੀਤਾ ਜਾਦਾ ਹੈ।ਉਹ ਬੱਜਟ ਬਣ ਜਾਦਾ ਹੈ ਉਹ ਕੋਈ ਬੰਦ ਹਾਲ ਜਾ ਅਸੈਬਲੀ ਵਿਚ ਬੈਠ ਕੇ ਕਿਉ ਬਣੇ?ਬੱਜਟ ਤਾ ਗਲੀ ਗਲੀ,ਮਹੱਲੇ ਮਹੱਲੇ ਵਿਚ ਬਣਨਾ ਚਾਹੀਦਾ ਹੈ।ਬੱਜਟ ਬਣਾਉਣ ਦਾ ਮਤਲਬ ਹੀ ਹੈ ਕਿ ਸਰਕਾਰੀ ਪੈਸਾ ਲੋਕਾਂ ਦੀਆਂ ਜਰੂਰਤਾਂ ਦੇ ਹਿਸਾਬ ਨਾਲ ਵਰਤਿਆ ਜਾਵੇ।

ਇਸ ਪ੍ਰਯੋਗ ਦਾ ਨਤੀਜਾ ਬਹੁੱਤ ਹੀ ਵਧੀਆਂ ਰਿਹਾ ਉਸ ਪਾਰਟੀ ਦੀ ਸਰਕਾਰ 15 ਸਾਲ ਤੋ ਲਗਾਤਾਰ ਜਿੱਤਦੀ ਆ ਰਹੀ ਹੈ । ਕੁਝ ਸਾਲ ਪਹਿਲਾ ਵਿਸਵ ਬੈਕ ਨੇ ਰਿਪੋਰਟ ਤਿਆਰ ਕੀਤੀ ਉਸ ਵਿਚ ਕਿਹਾ ਕਿ ਇਸ ਪ੍ਰਯੋਗ ਦੇ ਬਹੁਤ ਵਧੀਆ ਨਤੀਜੇ ਹਨ।ਬਹੁਤ ਵਿਕਾਸ ਹੋਇਆ,ਪਹਿਲਾਂ ਪਾਣੀ ਦਾ ਪ੍ਰਬੰਧ ਨਹੀ ਸੀ।ਹੁਣ 98% ਘਰਾਂ ਵਿਚ ਪੀਣ ਵਾਲਾ ਪਾਣੀ

ਪਹੁੰਚ ਰਿਹਾ ਹੈ।ਸੀਵਰ ਕੁਨੈਕਸਨ 87% ਘਰਾਂ ਵਿਚ ਪਹੁੰਚ ਗਿਆ ਹੈ। 100% ਲੋਕਾਂ ਨੂੰ ਸਿਖਿਆਂ ਪ੍ਰਾਪਤ ਕਰ ਲਈ ਹੈ।ਜਿਥੇ ਪਹਿਲਾ ਭਰਿਸ਼ਟਾਚਾਰ ਦਾ ਬੋਲਬਾਲਾ ਸੀ,ਵਿਸਵ ਬੈਕ ਦੀ ਰਿਪੋਰਟ ਦੇ ਅਨੁਸਾਰ ਹੁਣ ਉਥੇ ਭਰਿਟਾਚਾਰ ਕਾਫੀ ਹੱਦ ਤੱਕ ਘੱਟ ਗਿਆ ਹੈ।

## ਸਵਿਟਜਰਲੈਡ- ਜਨਤਾ ਦੇ ਇਸਾਰੇ ਤੇ ਚੱਲਦੀ ਹੈ ਸੰਸਦ -

ਸਵਿਟਜਰਲੈਡ ਦੀ ਉਦਹਰਣ ਲਵੋ। ਸਵਿਟਜਰਲੈਡ ਨੂੰ ਦੁਨੀਆਂ ਦਾ ਬੇਹਤਰਹੀਣ ਦੇਸ ਮੰਨਿਆ ਜਾਦਾ ਹੈ।ਕਿਉਕਿ ਅਗਰ 50,000 ਲੋਕ ਕਿਸੇ ਵੀ ਪ੍ਰਸਤਾਵ ਤੇ ਕਾਨੂੰਨ ਬਣਾਉਣ ਲਈ ਦਸਤਖਤ ਕਰਕੇ ਸੰਸਦ ਨੂੰ ਭੇਜ਼ ਦੇਣ ਤਾ ਸੰਸਦ ਨੂੰ ਉਹ ਪ੍ਰਸਤਾਵ ਨੂੰ ਮੰਨਣਾ ਪੈਦਾ ਹੈ,ਅਗਰ 1 ਲੱਖ ਲੋਕ ਦਸਤਖਤ ਕਰ ਦੇਣ ਤਾ ਉਸਨੂੰ ਸੰਵਿਧਾਨ ਦੇ ਵਿਚ ਸੋਧ ਕਰਨੀ ਪੈਦੀ ਹੈ । ਲੋਕਾਂ ਦਾ ਸਿੱਧਾ ਸੰਵਿਧਾਨ ਤੇ ਕਾਨੂੰਨ ਬਣਾਉਣ ਤੇ ਅਧਿਕਾਰ ਹਨ ।

ਮੈ ਇਹ ਸੋਚ ਰਿਹਾ ਹਾ ਕਿ ਸਾਡੇ ਦੇਸ ਵਿਚ 50,000 ਲੋਕ ਦਸਤਖਤ ਕਰ ਸੰਸਦ ਵਿਚ ਭੇਜਣ ਤਾ ਇਕ ਵੀ ਲਾਈਨ ਲਿਖੀ ਹੋਈ ਨਹੀ ਆਵੇਗੀ ਕਿ ਤੁਹਾਡੀ ਚਿੱਠੀ ਮਿਲ ਗਈ ਹੈ।

ਤਾ ਅਸੀ ਦੇਖਿਆ ਕਿ ਉਹਨਾਂ ਦੇਸਾਂ ਵਿਚ ਕਿਵੇ ਆਪਣੇ ਲੋਕਾਂ ਦਾ ਸਿੱਧਾ ਦੇਸ ਦੇ ਕਾਨੰਨ ਵਿਚ ਦਖਲ ਅੰਦਾਜੀ ਹੈ।ਪਰ ਮੇਰੇ ਦੇਸ ਦ ਲੋਕ ਕਿਵੇ ਮਿੰਨਤਾਂ ਤਰਲੇ ਕਰਦੇ ਰਹਿੰਦੇ ਹਨ ਤੇ ਉਹਨਾਂ ਦਾ ਰਾਜ ਪ੍ਰਬੰਧ ਤੇ ਕੋਈ ਅਧਿਕਾਰ ਨਹੀ ਹੈ।

## ਜਨਤਾ ਨੂੰ ਤਿਲਕ ਕਰੋ -

ਅੱਜ ਅਸੀ 5 ਸਾਲ ਵਿਚ ਇਕ ਵਾਰ ਵੋਟ ਪਾਉਦੇ ਹਾਂ ਤੇ ਆਪਣੀ ਜ਼ਿੰਦਗੀ ਦਾ ਹਰੇਕ ਫੈਸਲਾ ਲੈਣ ਦਾ ਅਧਿਕਾਰ ਕੁਝ ਲੋਕਾਂ ਨੂੰ ਹੀ ਸੌਪ ਦਿੰਦੇ ਹਾ । ਉਹਨਾਂ ਦੇ ਹੱਥਾਂ ਵਿਚ ਇਤਨੀ ਤਾਕਤ ਦੇ ਦਿੰਦੇ ਹਾ ਕਿ ਉਹ ਲੋਕ ਭਰਿਸਟ ਹੋ ਜਾਦੇ ਹਨ।ਸਾਨੂੰ ਤੇ ਸਾਡੀ ਜ਼ਿੰਦਗੀ ਨੂੰ ਹੀ ਦਾਅ ਤੇ ਲਾ ਦਿੰਦੇ ਹਨ।ਉਹਨਾਂ ਦਾ ਸੱਤਾ ਦੇ ਨਸੇ ਨਾਲ ਦਿਮਾਗ ਖਰਾਬ ਹੋ ਜਾਦਾ

ਹੈ।

ਇਸ ਨੂੰ ਬਦਲਣ ਦੀ ਲੋੜ ਹੈ।ਹੁਣ ਸਾਨੂੰ ਅਜਿਹਾ ਕਰਨਾ ਪਵੇਗਾ ਕਿ ਫੈਸਲੇ ਸਿੱਧਾ ਲੋਕ ਲੈਣ ਤੇ ਉਹਨਾਂ ਤੇ ਅਮਲ ਨੇਤਾ ਤੇ ਅਫਸਰ ਕਰਨ । ਜਦੋ ਉਹ ਸਾਡੇ ਫੈਸਲੇ ਨਾ ਮੰਨਣ ਤਾ ਲੋਕ ਉਹਨਾਂ ਨੂੰ ਹਟਾ ਸਕਣ।ਇਹ ਕਿਵੇ ਹੋ ਸਕਦਾ ਹੈ ? ਜਦ ਅਸੀ ਇਹ ਗੱਲ ਕਰਦੇ ਹਾ ਤਾ ਲੋਕ ਕਹਿੰਦੇ ਹਨ ਕਿ ਜਨਤਾ ਕਿਵੇ ਫੈਸਲੇ ਲੈ ਸਕਦੀ ਹੈ। 100 ਕਰੋੜ ਜਨਤਾ ਕਿਵੇ ਫੈਸਲਾ ਲਵੇਗੀ ? ਇਹ ਨਹੀ ਹੋ ਸਕਦਾ ?

ਬਿਲਕੁਲ ਹੋ ਸਕਦਾ ਹੈ । ਸਾਡੇ ਪਿੰਡਾਂ ਵਿਚ ਗ੍ਰਾਮ ਸਭਾਵਾਂ ਹਨ । ਸੰਵਿਧਾਨ ਵਿਚ ਲਿਖਿਆ ਹੈ ਕਿ ਪਿੰਡਾਂ ਵਿਚ ਗ੍ਰਾਮ ਸਭਾਵਾਂ ਹੋਣਗੀਆਂ । ਗ੍ਰਾਮ ਸਭਾ ਦਾ ਮਤਲਬ ਪੰਚਾਇਤ ਨਹੀ ਹੁੰਦਾ। ਪੰਚਾਇਤ ਉਹ ਹੁੰਦੀ ਹੈ ਜ਼ੋ ਪਿੰਡ ਦੇ ਚੁਣੇ ਹੋਏ ਪੰਚ ਸਰਪੰਚ , ਪ੍ਰਧਾਨ , ਮੁੱਖੀਆਂ , ਵਾਰਡ ਕੌਸਲਰ ਸਾਰਿਆਂ ਨੂੰ ਮਿਲਾ ਕਿ ਪੰਚਾਇਤ ਬਣਦੀ ਹੈ ।ਲੇਕਿਨ ਗ੍ਰਾਮ ਸਭਾ ਸਾਰੇ ਪਿੰਡ ਦੀ ਖੁੱਲੀ ਮੀਟਿੰਗ।ਇਸ ਵਿਚ ਸਾਰਾ ਪਿੰਡ ਇਕਠਾ ਹੁੰਦਾ ਹੈ।

ਉਸ ਸਾਰੇ ਪਿੰਡ ਦੀ ਮੀਟਿੰਗ ਨੂੰ ਕਿਹਾ ਜਾਦਾ ਹੈ-ਗ੍ਰਾਮ ਸਭਾ

## ਸਰਕਾਰੀ ਕਰਮਚਾਰੀਆਂ ਤੇ ਕੰਟਰੋਲ ਹੋਵੇ :

ਪਿੰਡ ਦੇ ਸਾਰੇ ਅਧਿਕਾਰ ਪਿੰਡ ਦੇ ਸਾਰੇ ਫੈਸਲੇ ਲੈਣ ਦਾ ਅਧਿਕਾਰ ਸਿੱਧਾ ਸਿੱਧਾ ਗ੍ਰਾਮ ਸਭਾ ਦੇ ਕੋਲ ਹੋਵੇ।ਪੰਚਾਇਤੀ ਰਾਜ ਤੇ ਹੋਰ ਕਾਨੂੰਨਾਂ ਵਿਚ ਸੋਧ ਕਰਕੇ ਇਹ ਪ੍ਰਣਾਲੀ ਬਣਾਈ ਜਾਵੇ ਕਿ ਜੇ ਪਿੰਡ ਦੇ ਅਧਿਕਾਰ ਸਕੂਲ ਵਿਚ ਅਧਿਆਪਕ ਸਮੇ ਸਿਰ ਨਹੀ ਆਉਦਾ ਜਾ ਠੀਕ ਨਹੀ ਪੜਾਉਦਾ ਤਾ ਗ੍ਰਾਮ ਸਭਾ ਉਸ ਅਧਿਆਪਕ ਦੀ ਤਨਖਾਹ ਰੋਕ ਸਕੇ।

ਅਗਰ ਸਰਕਾਰੀ ਡਾਕਟਰ ਠੀਕ ਇਲਾਜ ਨਾ ਕਰੇ ਤਾਂ ਗ੍ਰਾਮ ਸਭਾ ਮੀਟਿੰਗ ਕਰਕੇ ਉਸ ਡਾਕਟਰ ਦੀ ਤਨਖਾਹ ਰੋਕ ਸਕੇ।ਜੇ ਰਾਸਨ ਵਾਲਾ ਠੀਕ ਰਾਸਨ ਨਾਹ ਦੇਵੇ , ਰਾਸ਼ਨ ਦੀ ਚੋਰੀ ਕਰੇ, ਤਾਂ ਰਾਸਨ ਵਾਲੇ ਦੀ ਦੁਕਾਨ ਗ੍ਰਾਮ ਸਭਾ ਕੈਸਲ ਕਰ ਸਕੇ । ਠਾਣੇਦਾਰ ਅਗਰ ਸਾਡੀ ਰਿਪੋਰਟ ਨਾ ਲਿਖੇ ਤੇ ਠਾਣੇਦਾਰ ਅਗਰ ਫਰਜੀ ਮੁੱਕਦਮਾਂ ਸਾਡੇ ਤੇ ਦਰਜ ਕਰੇ ਤਾ

ਗ੍ਰਾਮ ਸਭਾ ਠਾਣੇਦਾਰ ਦੀ ਤਨਖਾਹ ਰੋਕ ਸਕੇ।

ਤੁਹਾਨੂੰ ਕੀ ਲੱਗਦਾ ਹੈ ? ਇਸ ਤਰਾ ਕਰਨ ਨਾਲ ਸੁਧਾਰ ਹੋਵੇਗਾ ? ਸਾਨੂੰ ਤਾ ਲੱਗਦਾ ਹੈ ਕਿ ਇਸ ਤਰਾਂ ਕਰਨ ਨਾਲ ਇਹ ਸਾਰੇ ਸੁਧਰ ਜਾਣਗੇ । ਅਧਿਆਪਕ ਠੀਕ ਪੜਾਉਣਗੇ,ਡਾਕਟਰ ਠੀਕ ਇਲਾਜ ਕਰਨਗੇ,ਠਾਣੇਦਾਰ ਆਪਣਾ ਕੰਮ ਠੀਕ ਕਰੇਗਾ , ਰਾਸ਼ਨ ਵਾਲਾ ਠੀਕ ਰਾਸ਼ਨ ਦੇਵੇਗਾ।ਸਰਕਾਰੀ ਕਰਮਚਾਰੀਆਂ ਦੇ ਉਪਰ ਗ੍ਰਾਮ ਸਭਾ ਦੇ ਜਰੀਏ ਲੋਕਾਂ ਦਾ ਅਧਿਕਾਰ ਹੋਵੇਗਾ।

ਸੂਚਨਾ ਅਧਿਕਾਰ ਤੋ ਪਤਾ ਲੱਗਦਾ ਹੈ ਕੇ ਝਾਰਖੰਡ ਦੇ ਦਸਵੀ ਕਲਾਸ ਤੱਕ ਦੇ ਅਨੇਕਾਂ ਸਕੂਲਾਂ ਵਿਚ ਇਕ ਵੀ ਅਧਿਆਪਕ ਨਹੀ ਹੈ । ਜਿਵੇ ਵਮਨੀ ਉਚ ਵਿਦਿਆਲਾ ਕੇਨੂਗਾ , ਸਰਾਏਕੇਲਾ , ਖਰਸਾਵਾ ਵਿਚ 310 ਬੱਚੇ ਹਨ ਤੇ ਇੱਕ ਵੀ ਅਧਿਆਪਕ ਨਹੀ ਹੈ।ਸਿਰੂਮ ਦੇ ਸਕੂਲ ਵਿਚ 435 ਬੱਚੇ ਹਨ ਤੇ 10 ਜਮਾਤਾਂ ਵਿਚ ਕੇਵਲ 1 ਹੀ ਬੰਗਲਾ ਟੀਚਰ ਹੈ । ਇਹ ਰਾਜ ਸਰਕਾਰ ਦੀ ਜੁੰਮੇਵਾਰੀ ਹੈ ਕਿ ਟੀਚਰਾਂ ਦੀ ਨਿਯੁਕਤੀ ਕਰੇ।ਲੋਕਾਂ ਨੇ ਰਾਜ ਸਰਕਾਰ ਨੂੰ ਕਈ ਵਾਰ ਲਿਖਿਆ ਹੈ ਪਰ ਕੋਈ ਜਵਾਬ ਨਹੀ ਦਿਤਾ।ਕੀ ਸਾਡੇ ਬੱਚੇ ਰਾਜ ਸਰਕਾਰ ਦੇ ਰਹਿਮ ਕਰਮ ਤੇ ਹੀ ਰਹਿਣ ?
ਕੀ ਸਾਡੇ ਲੱਖਾਂ ਕਰੋੜਾਂ ਬੱਚਿਆਂ ਦੇ ਭਵਿੱਖ ਉਹਨਾਂ ਦੀ ਜ਼ਿਦਗੀ ਨਾਲ ਖਿਲਵਾੜ ਨਹੀ ਹੋ ਰਿਹਾ?

ਇਹ ਸਿਸਟਮ ਬੰਦ ਕਰਨਾ ਪਵੇਗਾ।ਜਿਹਨਾਂ ਲੋਕਾ ਦੇ ਬੱਚੇ ਉਥੇ ਪੜਦੇ ਹਨ।ਉਸ ਪਿੰਡ ਵਾਲੇ ਉਸ ਅਧਿਆਪਕ ਦੀ ਨਿਯੁਕਤੀ ਕਰਨ ਉਹੀ ਉਸਨੂੰ ਕੱਢ ਸਕਦੇ ਹੋਣ।ਜੋ ਲੋਕ ਹਸਪਤਾਲ ਤੇ ਇਲਾਜ ਕਰਵਾਉਣ ਲਈ ਜਾਦੇ ਹਨ ਉਹ ਹੀ ਸਰਕਾਰੀ ਡਾਕਟਰ ਨੂੰ ਨਿਯੁਕਤ ਕਰਨਗੇ ਉਹੀ ਕੱਢਣਗੇ।ਸਿੱਧਾ ਸਿੱਧਾ ਪ੍ਰਬੰਧ ਲੋਕਾਂ ਦੇ ਹੱਥ ਵਿਚ ਹੋਣਾ ਚਹੀਦਾ ਹੈ।ਸਰਕਾਰੀ ਕਰਮਚਾਰੀਆਂ ਨੂੰ ਨਿਯੁਕਤ ਕਰਨ,ਅਦੇਸ ਦੇਣ,ਸਜਾ ਦੇਣ,ਨੌਕਰੀ ਤੋ ਕੱਢਣ ਤੱਕ ਦੇ ਕੰਮ ਗ੍ਰਾਮ ਸਭਾ ਦੇ ਜਰੀਏ ਲੋਕਾਂ ਦੇ ਹੱਥਾਂ ਵਿਚ ਹੋਣੇ ਚਾਹੀਦੇ ਹਨ।

ਇਸ ਨਾਲ ਕਾਫੀ ਫਾਇਦਾ ਹੋਵੇਗਾ।ਅੱਜ ਰਾਜ ਸਰਕਾਰਾ ਪਿੰਡਾਂ ਵਿਚ ਪੜਾਉਣ ਲਈ ਸਹਿਰੀ ਲੋਕਾਂ ਨੂੰ ਭਰਤੀ ਕਰ ਲੈਦੀ ਹੈ।ਉਹਨਾਂ ਨੂੰ 15000 ਰੁਪਏ ਦੇਦੀ ਹੈ।ਫਿਰ ਵੀ ਉਹ ਲੋਕ ਪਿੰਡ ਵਿਚ ਪੜਾਉਣ ਨਹੀ ਜਾਦੇ।ਉਹਨਾਂ ਵਿਚੋ ਤਾ ਕਈ ਲੋਕ ਤਾ ਪਿੰਡਾਂ ਵਾਲਿਆਂ ਨਾਲ ਬੈਠਣ ਲਈ ਵੀ ਤਿਆਰ ਨਹੀ ਹਨ।

ਜੇ ਸਿੱਧੇ ਪਿੰਡ ਵਾਲੇ ਲੋਕ ਅਧਿਆਪਕ ਦੀ ਨਿਯੁਕਤੀ ਕਰਨਗੇ ਤਾ ਉਸ ਪਿੰਡ ਦੇ ਪੜੇ ਲਿਖੇ ਲੋਕਾਂ ਨੂੰ ਵੀ ਰੁਜਗਾਰ

ਮਿਲੇਗਾ।ਉਹ ਤਾ 5000 ਮਹੀਨੇ ਤੇ ਵੀ ਪੜਾ ਸਕਦੇ ਹਨ।ਅਗਰ ਉਹ ਠੀਕ ਨਹੀ ਪੜਾਉਣਗੇ ਤਾ ਲੋਕ ਉਹਨਾਂ ਨੂੰ ਸਜਾ ਵੀ ਦੇ ਸਕਦੇ ਹਨ।

ਕਾਨੂੰਨ ਬਦਲ ਕੇ ਜੇ ਅਜਿਹਾ ਕੀਤਾ ਜਾਵੇ ਤੇ ਜਿਲਾ ਅਤੇ ਬਲਾਕ ਪੱਧਰ ਤੇ ਕਿਸੇ ਵੀ ਅਧਕਾਰੀ ਨੂੰ ਹੁਕਮ ਦੇਣ ਤੇ ਤਲਬ ਕਰਨ ਦੇ ਅਧਿਕਾਰ ਗ੍ਰਾਮ ਸਭਾ ਦੇ ਕੋਲ ਹੋਣਾ ਚਾਹੀਦਾ ਹੈ।ਜਿਲਾ ਜਾ ਬਲਾਕ ਦੇ ਕਿਸੇ ਵੀ ਅਧਕਾਰੀ ਨੂੰ ਜਨਤਾ ਨਿਰਦੇਸ਼ ਦੇ ਸਕਦੀ ਹੋਵੇ । ਕੁਲੈਕਟਰ ਤੱਕ ਨੂੰ ਕਹਿ ਸਕਦੀ ਹੋਵੇ ਕਿ ਇਸ ਤਰਾ ਕਰੋ।ਜੇ ਉਹ ਨਹੀ ਕਰਦਾ ਤਾ ਕੁਲੈਕਟਰ ਤੱਕ ਦੇ ਅਧਿਕਾਰੀ ਨੂੰ ਤਲਬ ਗ੍ਰਾਮ ਸਭਾ ਕਰ ਸਕਦੀ ਹੋਵੇ।ਤਸੀਲਦਾਰ,ਬੀ.ਡੀ.ਓ.,ਰਾਸਨ ਅਧਿਕਾਰੀ ਨੂੰ ਤਲਬ ਕਰ ਸਕਣ।ਜੇ ਗ੍ਰਾਮ ਸਭਾ ਦੇ ਹੁਕਮ ਤੇ ਕੋਈ ਵੀ ਅਧਿਕਾਰੀ ਹਾਜਰ ਨਾ ਹੋਵੇ ਤਾ ਗ੍ਰਾਮ ਸਭਾ ਦੇ ਕੋਲ ਉਸ ਨੂੰ ਸਜਾ ਦੇਣ ਤੱਕ ਦੀ ਤਾਕਤ ਹੋਣੀ ਚਾਹੀਦੀ ਹੈ।

ਬਲਾਕ ਤੇ ਜਿਲਾ ਪੱਧਰ ਦੇ ਅਧਿਕਾਰੀਆਂ ਨੂੰ ਸਿੱਧਾ ਹੁਕਮ ਦੇਣ,ਤਲਬ ਕਰਨ,ਅਗਰ ਉਹ ਹੁਕਮ ਨਾ ਮੰਨੇ ਤਾ ਸਜਾ ਦੇਣ ਤੱਕ ਦੇ ਅਧਿਕਾਰ ਗ੍ਰਾਮ ਸਭਾ ਨੂੰ ਹੋਵੇ।ਬਲਾਕ ਤੇ ਜਿਲਾ ਕਰਮਚਾਰੀਆਂ ਦੀ ਨਿਯੁਕਤੀ ਤੇ ਬਰਖਾਸਤੀ ਦੇ ਹੁਕਮਾਂ ਤੇ ਵੀ ਬਲਾਕ ਪੰਚਾਇਤ ਤੇ ਜਿਲਾ ਪੰਚਾਇਤ ਦੇ ਜਰੀਏ ਗ੍ਰਾਮ ਸਭਾ ਦਸਤਖਤ ਕਰ ਸਕੇ।

ਰਾਜ ਪੱਧਰ ਦੇ ਕਿਸੇ ਵੀ ਅਧਕਾਰੀ ਨੂੰ ਆਪਣੇ ਪਿੰਡ ਦੇ ਸਬੰਧ ਵਿਚ ਕੋਈ ਵੀ ਸੂਚਨਾ ਮੰਗਣ ਦਾ ਅਧਿਕਾਰ ਪਿੰਡ ਦੀ ਗ੍ਰਾਮ ਸਭਾ ਨੂੰ ਹੋਵੇ।ਕਿਉਕਿ ਪਿੰਡ ਦੇ ਬਾਰੇ ਵੱਖ ਵੱਖ ਯੋਜਨਾ ਬਣਦੀਆਂ ਰਹਿੰਦੀਆਂ ਹਨ।ਪਿੰਡ ਦੇ ਲੋਕਾਂ ਨੂੰ ਇਸ ਦੇ ਬਾਰੇ ਫੈਸਲਾ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।ਇਸ ਦੇ ਬਾਰੇ ਵਿਚ ਕੀ ਯੋਜਨਾ ਬਣਾਈ ਜਾ ਰਹੀ ਹੈ।ਇਹ ਸਾਰੀ ਸੂਚਨਾ ਮੰਗਣ ਦਾ ਅਧਿਕਾਰ ਪਿੰਡ ਦੀ ਗ੍ਰਾਮ ਸਭਾ ਨੂੰ ਹੋਣਾ ਚਾਹੀਦਾ ਹੈ।

## ਸਰਕਾਰੀ ਪੈਸੇ ਤੇ ਕੰਟਰੋਲ ਹੋਵੇ :

ਕੇਦਰ ਤੇ ਰਾਜ ਸਰਕਾਰ ਤੋ ਜਿੰਨਾ ਵੀ ਪੈਸਾ ਆਉਦਾ ਹੈ,ਸਾਰਾ ਪੈਸਾ ਖੁੱਲਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਯੋਜਨਾ ਵਿਚ ਬੰਨਿਆ ਹੋਵੇ।ਸਾਨੂੰ ਕੋਈ ਯੋਜਨਾ ਨਹੀ ਚਾਹੀਦੀ।ਸਾਨੂੰ ਬੁਢੇਪਾ ਪੈਨਸ਼ਨ,ਵਿਧਵਾ ਪੈਨਸ਼ਨ,ਨਰੇਗਾ,ਰਾਸ਼ਨ,ਇੰਦਰਾ ਵਿਕਾਸ ਯੋਜਨਾ ਸਾਨੂੰ ਕੋਈ ਯੋਜ਼ਨਾ ਨਹੀ ਚਾਹੀਦੀ।

ਅਗਰ ਤੁਸੀ ਇਕ ਪਿੰਡ ਨੂੰ 5 ਕਰੋੜ ਦੀ ਯੋਜਨਾ ਰਾਸੀ ਭੇਜ਼ ਰਹੇ ਹੋ ਤਾ ਆਪ ਸਾਨੂੰ 3 ਕਰੋੜ ਹੀ ਭੇਜ਼ ਦਿਉ ਪਰ ਉਹ ਸਾਰਾ ਪੈਸਾ ਖੁੱਲਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਯੋਜਨਾ ਵਿਚ ਬੰਨਿਆ । ਪਿੰਡ ਦੇ ਲੋਕ ਤੇ ਗ੍ਰਾਮ ਸਭਾ ਬੈਠ ਕਿ ਫੈਸਲਾ ਕਰਨ ਕੇ ਉਸ ਵਿਚੋ ਕਿਨਾ ਪੈਸਾ ਸੰਚਾਈ ਲਈ ਖਰਚ ਕਰਨਾ ਹੈ ਕਿੰਨਾ ਪੈਸਾ ਸਿਖਿਆਂ ਤੇ,ਕਿੰਨਾ ਪੈਸਾ ਸਿਹਤ ਤੇ ਖਰਚ ਕਰਨਾ ਹੈ।ਪਿੰਡ ਦੀ ਜਨਤਾ ਇਹ ਤਹਿ ਕਰੇਗੀ ਕਿ ਕਿੰਨਾ ਪੈਸਾ ਕਿਥੇ ਕਿਥੇ ਖਰਚ ਕੀਤਾ ਜਾਵੇ।

ਉਸੇ ਤਰਾ ਹੀ ਜਨਤਾ ਇਹ ਫੈਸਲਾ ਕਰੇਗੀ ਕਿ ਬੀ.ਪੀ.ਐਲ. ਕਿਸ ਨੂੰ ਮੰਨਿਆ ਜਾਵੇ । ਉਸਦਾ ਪੈਮਾਨਾ ਕੀ ਹੋਵੇਗਾ ? ਹਾਂਗਕਾਂਗ ਵਿਚ ਜਿਸ ਦੇ ਕੋਲ ਏਅਰਕੰਡੀਸਨ ਨਹੀ ਹੈ ਉਸ ਨੂੰ ਬੀ.ਪੀ.ਐਲ. ਮੰਨਿਆ ਜਾਦਾ ਹੈ । ਦਿੱਲੀ ਵਿਚ ਇਕ ਰਿਕਸਾ ਚਲਾਉਣ ਵਾਲਾ ਵੀ 5000 ਰੁਪਏ ਮਹੀਨਾ ਤੋ ਜਿਆਦਾ ਕਮਾ ਲੈਦਾ ਹੈ ।ਲੇਕਿਨ ਇਨਾਂ ਕਮਾਉਣ ਦੇ ਬਾਵਜੂਦ ਵੀ ਦੋ ਡੰਗ ਦੀ ਰੋਟੀ ਵੀ ਨਹੀ ਖਾ ਸਕਦਾ । ਇਕ ਝੁੱਗੀ ਵਿਚ ਕੀੜੇ ਮਕੌੜਿਆਂ ਦੀ ਜ਼ਿਦਗੀ ਜਿਉ ਰਿਹਾ ਹੈ। ਪਰ 5000 ਪਿੰਡ ਦੇ ਹਿਸਾਬ ਵਿਚ ਬਹੁਤ ਹੁੰਦੇ ਹਨ।

ਪੂਰੇ ਦੇਸ ਦੇ ਲਈ ਦਿੱਲੀ ਵਿਚ ਬੈਠ ਕਿ ਪੈਮਾਨਾ ਬਣਾ ਦੇਣਾ ਬਿਲਕੁਲ ਗਲਤ ਹੋਵੇਗਾ।ਦਿੱਲੀ ਦੇ ਲਈ ਜ਼ੋ ਬੀ.ਪੀ.ਐਲ. ਹੈ। ਉਹ ਕਲਮਾਂਡੀ ਦੇ ਬੀ.ਪੀ.ਐਲ. ਦਾ ਮਾਪਦੰਡ ਬਿਲਕੁਲ ਵੱਖਰਾ ਹੋਵੇਗਾ।

ਪਿੰਡ ਦਾ ਸਮਾਜ ਬੈਠੇਗਾ ਤੇ ਪਿੰਡ ਦਾ ਸਮਾਜ ਇਹ ਤਹਿ ਕਰੇਗਾ ਕਿ ਉਸ ਦੇ ਕੋਲ ਰਹਿਣ ਦੇ ਲਈ ਘਰ ਨਹੀ ਹੈ।ਉਹ ਨੂੰ ਅਸੀ ਘਰ ਦੇਵਾਗੇ।ਸਮਾਜ ਉਸਨੂੰ ਗ੍ਰਾਮ ਸਭਾ ਦੇ ਫੰਡ ਵਿਚੋ ਘਰ ਬਣਾ ਕੇ ਦੇਵੇਗਾ।ਲੋਕਾਂ ਨੂੰ ਕਿਸੇ ਇੰਦਰਾ ਵਿਕਾਸ ਯੋਜਨਾ ਮੂੰਹ ਨਾ ਦੇਖਣਾ ਪਵੇ।ਅੱਜ ਇੰਦਰਾ ਵਿਕਾਸ ਯੋਜਨਾ ਦੇ ਨਾਮ ਤੇ ਸਰਕਾਰ ਇਕ ਸਾਲ ਵਿਚ ੨ ਘਰਾਂ ਜੋਗੇ ਪੈਸੇ ਭੇਜਦੀ ਹੈ।ਰਿਸਵਤ ਖਾ ਕੇ ਉਹ ਉਹਨਾਂ ਲੋਕਾਂ ਨੂੰ ਮਿਲ ਜਾਦਾ ਹੈ ਜਿਨਾ ਨੂੰ ਉਸਦੀ ਜਰੂਰਤ ਨਹੀ ਹੁੰਦੀ।ਪਿੰਡ ਦੇ ਲੋਕ ਇਹ ਫੈਸਲਾ ਕਰਨਗੇ ਕੌਣ ਬੇਘਰ ਹੈ।ਸਾਰਿਆਂ ਨੂੰ ਘਰ ਬਣਾ ਕੇ ਦਿੱਤੇ ਜਾਣਗੇ । ਜਿਸ ਆਦਮੀ ਦੇ ਕੋਲ ਖਾਣ ਲਈ ਕਮਾਉਣ ਲਈ ਕੋਈ ਸਾਧਨ ਨਹੀ ਹੈ ਉਸਨੂੰ ਗ੍ਰਾਮ ਸਭਾ ਕੁਝ ਦਿਨਾਂ ਲਈ ਖਾਣਾ ਦੇ ਸਕਦੀ ਹੈ । ਤਾ ਕਿ ਉਹ ਭੁੱਖਾ ਨਾ ਮਰੇ । ਪੂਰੀ ਗ੍ਰਾਮ ਸਭਾ ਦਾ ਇਹ ਫਰਜ ਹੋਵੇਗਾ ਕਿ ਕੋਈ ਭੁੱਖਾ ਨਾ ਸੌਵੇ।ਪਿੰਡ ਦੇ ਹਰੇਕ ਦੇ ਸਿਰ ਤੇ ਛੱਤ ਹੋਵੇ।ਉਸ ਪਿੰਡ ਦਾ ਹਰੇਕ ਬੱਚਾ ਸਕੂਲ ਜਾਵੇ।ਉਸ ਪਿੰਡ ਦੇ ਹਰੇਕ ਦੇ ਤਨ ਤੇ ਕੱਪੜਾ ਹੋਵੇ।ਇਸ ਲਈ ਪੂਰਾ ਸਮਾਜ ਫਿਕਰ ਕਰੇਗਾ।ਪੂਰੀ ਗ੍ਰਾਮ ਸਭਾ ਫਿਕਰ ਕਰੇਗੀ ਉਸ ਪੈਸੇ ਨੂੰ ਇਸ ਲਈ ਵਰਤਿਆ ਜਾਵੇਗਾ।

ਇਸ ਤਰਾ ਨਾਲ ਕੋਈ ਕੰਮ ਕਰਨਾ ਚਾਹੇ,ਕਿਸੇ ਨੂੰ ਰੁਜਗਾਰ,ਕੋਈ ਖੇਤੀ ਕਰਨੀ ਚਾਹੁੰਦਾ ਉਸ ਨੂੰ ਕਰਜ਼ਾ ਚਾਹੀਦਾ

ਹੈ।ਅੱਜ ਦੇ ਲੋਕ ਸਾਹੂਕਾਰਾਂ ਦੇ ਚੁਗੰਲ ਵਿਚ ਫਸ ਜਾਦੇ ਹਨ।ਤੇ ਕੰਗਾਲ ਹੋ ਜਾਦੇ ਹਨ। 100% ਵਿਆਜ ਦੇਣਾ ਪੈਦਾ ਹੈ । ਫਿਰ ਉਹ ਗ੍ਰਾਮ ਸਭਾ ਤੋ ਕਰਜਾ ਲੈ ਸਕਦਾ ਹੈ।ਅਗਰ ਗ੍ਰਾਮ ਸਭਾ ਨੂੰ ਮੁਫਤ ਵਿਚ ਮਿਲੇਗਾ ਤਾ ਉਹ ਕਿਸੇ ਨੂੰ ਵੀ ਕਰਜਾ ਦੇ ਸਕੇਗੀ। ਦੇਸ ਦੇ ਕਈ ਇਲਾਕਿਆਂ ਵਿਚ ਅਜ ਕਿਸਾਨ ਖੁਦਕਸੀਆਂ ਕਰ ਰਹੇ ਹਨ। ਗ੍ਰਾਮ ਸਭਾ ਤੋ ਮੁਫਤ ਫੰਡ ਲੈਣ ਤੇ ਖੁਦਕਸੀਆਂ ਬੰਦ ਹੋ ਜਾਣਗੀਆਂ।ਅਗਰ ਕਿਸੇ ਕਿਸਾਨ ਦੀ ਹਾਲਤ ਖੁਦਕਸੀ ਤੱਕ ਪਹੁੰਚੇਗੀ ਤਾ ਗ੍ਰਾਮ ਸਭਾ ਉਸ ਨੂੰ ਕਰਜਾ ਦੇ ਦੇਵੇਗੀ।

ਤੀਸਰੀ ਗੱਲ ਜਦੋ ਫਸਲ ਨਿਕਲਦੀ ਹੈ ਤਾ ਕਈਆਂ ਕਿਸਾਨਾਂ ਦੇ ਕੋਲ ਫਸਲ ਰੱਖਣ ਦੇ ਲਈ ਜਗਾਹ ਨਹੀ ਹੁੰਦੀ ਉਧਰੋ ਮੀਹ ਆ ਜਾਦਾ ਹੈ ਤੇ ਫਸਲ ਬਰਬਾਦ ਹੋ ਜਾਦੀ ਹੈ।ਪਿੰਡ ਦੇ ਲੋਕ ਜੇ ਫਸਲ ਰੱਖਣ ਦੇ ਲਈ ਗੁਦਾਮ ਬਣਾਉਣਾ ਚਾਹੁਣ ਤਾ ਗ੍ਰਾਮ ਸਭਾ ਮੁਫਤ ਫੰਡ ਵਿਚੋ ਬਣਾ ਕੇ ਦੇਵੇਗੀ।

ਮੰਨ ਲਵੋ ਜੇ ਪਿੰਡ ਦੇ ਲੋਕ ਕੋਈ ਫੈਕਟਰੀ ਲਾਉਣਾ ਚਾਉਣ ਤਾ ਉਸ ਪੈਸੇ ਨਾਲ ਮਿੱਲ ਲਗਾ ਸਕਦੇ ਹਨ।ਚੰਨੇਈ ਦੇ ਕੋਲ ਇਕ ਪਿੰਡ ਹੈ ਕੁਟਮਬਾਕਮ ਉਥੋ ਦੇ ਸਰਪੰਚ ਇਲੇਗੋ ਹੈ।ਉਹ ਪਹਿਲਾਂ ਕੈਮੀਕਲ ਇੰਜ਼ਨੀਅਰ ਸੀ।ਆਪਣੀ ਨੋਕਰੀ ਛੱਡ ਕੇ 15 ਸਾਲ ਪਹਿਲਾ ਪਿੰਡ ਕੁਟਮਬਾਕਮ ਦੇ ਸਰਪੰਚ ਬਣ ਗਏ।ਉਸ ਪਿੰਡ ਵਿਚ 1000 ਪ੍ਰਵਾਰ ਹੈ।ਉਸ ਨੇ ਅੰਦਾਜਾ ਲਾਇਆ ਕਿ ਪਿੰਡ ਦੀ ਮਹੀਨੇ ਦੀ 50 ਲੱਖ ਦੀ ਖੱਪਤ ਹੈ।ਲੋਕ ਖਾਣਾ ਖਾਣ,ਸਾਬਣ,ਤੇਲ, ਕਿਸ ਕਿਸਮ ਦੀਆਂ ਚੀਜਾਂ ਦੀ ਵਰਤੋ ਕਰਦੇ ਹਨ।ਇਲੇਗੋ ਦਾ ਕਹਿਣਾ ਸੀ ਕਿ 80% ਚੀਜਾਂ ਪਿੰਡ ਵਿਚ ਹੀ ਬਣ ਸਕਦੀਆਂ ਹਨ।ਸਾਬਣ ਪਿੰਡ ਵਿਚ ਬਣ ਸਕਦਾ ਹੈ।ਝੋਨੇ ਤੋ ਚੋਲ ਪਿੰਡ ਵਿਚ ਕੱਢੇ ਜਾ ਸਕਦੇ ਹਨ।ਤੇਲ ਪਿੰਡ ਵਿਚ ਬਣ ਸਕਦਾ ਹੈ।ਇਟਾਂ ਪਿੰਡ ਵਿਚ ਬਣ ਸਕਦੀਆਂ ਹਨ।ਪਿੰਡ ਦੀਆਂ 80% ਚੀਜਾਂ ਪਿੰਡ ਵਿਚ ਬਣ ਸਕਦੀਆਂ ਹਨ।ਕਿਉ ਨਾ ਇਹ ਚੀਜਾਂ ਪਿੰਡ ਵਿਚ ਬਣਾਈਆਂ ਜਾਣ।ਮੁਫਤ ਵਿਚ ਫੰਡ ਆਉਣਗੇ ਤਾ ਗ੍ਰਾਮ ਸਭਾ ਦੇ ਫੰਡ ਵਿਚੋ ਮਿੱਲ ਉਦਯੋਗ ਆਦਿ ਲਗਾ ਸਕਦੇ ਹਾ।ਜੇ ਇਹ ਚੀਜਾ ਪਿੰਡ ਵਿਚ ਬਣਾਉਣ ਲੱਗ ਪੈਣ ਤਾ ਬੇਰੁਜਗਾਰੀ ਤੇ ਗਰੀਬੀ ਜਲਦੀ ਦੂਰ ਹੋ ਸਕਦੀ ਹੈ।

ਪੂਨੇ ਦੇ ਕੋਲ ਇਕ ਬਲਾਕ ਵਿਚ ਕਈ ਪਿੰਡਾਂ ਵਿਚ ਪਿਛਲੇ ਕਈ ਸਾਲਾਂ ਤੋ ਬਹੁਤ ਹੀ ਸਫਲਤਾ ਨਾਲ ਇਹ ਚੱਲ ਰਿਹਾ ਹੈ।ਇਹਨਾਂ ਪਿੰਡਾ ਵਿਚ ਹਰ ਸਾਲ ਜੂਨ ਤੋ ਸਤੰਬਰ ਤੱਕ ਲੋਕਾਂ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪੈਦਾ ਸੀ।ਇਸ ਦੌਰਾਨ ਜਾ ਤਾ ਲੋਕ ਸਹਿਰਾਂ ਵੱਲ ਚਲੇ ਜਾਦੇ ਸਨ,ਜਾ ਸਾਹੂਕਾਰ ਤੇ 150% ਤੇ ਵਿਆਜੂ ਕਰਜਾ ਲੈਦੇ ਸਨ।ਜੇ ਸਾਹੂਕਾਰ ਤੋ 100 ਕਿਲੋ ਅਨਾਜ ਲੈਦੇ ਹਾ ਤਾ ਚਾਰ ਮਹੀਨਿਆਂ ਬਾਅਦ 150 ਕਿਲੋ ਅਨਾਜ ਚੁਕਾਣਾ ਪੈਦਾ।ਇਸ ਦੇ ਬਾਵਜੂਦ ਜਦੋ ਵੀ ਬੁਲਾਇਆਂ ਜਾਦਾ ਤਾ ਆਪਣੀ ਖੇਤੀ ਦਾ ਕੰਮ ਛੱਡ ਕੇ ਸਾਹੂਕਾਰ ਦੇ ਖੇਤਾਂ ਵਿਚ ਤੇ ਘਰ ਵਿਚ ਮੁੱਫਤ ਕੰਮ ਕਰਨ ਜਾਣਾ

ਪੈਦਾ।ਇਸ ਨਾਲ ਆਪਣੀ ਖੇਤੀ ਤੇ ਬਹੁਤ ਅਸਰ ਪੈਦਾ ਆਪਣੇ ਖੇਤਾਂ ਵਿਚੋ ਬਾਲਣ ਵਾਲੀ ਲੱਕੜ ਵੀ ਮੁੱਫਤ ਵਿਚ ਲਿਆ ਕੇ ਦੇਣੀ ਪੈਦੀ।

ਇਕ ਵਾਰ ਇਕ ਸੰਸਥਾਂ ਨੇ ਇਥੇ ਅਨਾਜ ਬੈਕ ਸੁਰੂ ਕੀਤਾ।ਉਥੋ ਦੇ ਲੋਕਾਂ ਦੀ ਕਮੇਟੀ ਬਣਾ ਕੇ ਉਸ ਕਮੇਟੀ ਨੂੰ ਸਾਰੇ ਪਿੰਡ ਦੀ ਜਰੂਰਤ ਜਿਨਾ ਅਨਾਜ ਕਰਜੇ ਤੇ ਦੇ ਦਿੱਤਾ।ਕਿਸੇ ਵੀ ਪਰਵਾਰ ਨੂੰ 100 ਕਿਲੋ ਅਨਾਜ ਚਾਰ ਮਹੀਨਿਆ ਦੇ ਬਾਅਦ 125 ਕਿਲੋ ਅਨਾਜ ਵਾਪਿਸ ਕਰਨਾ ਪਿਆ।ਸਾਹੂਕਾਰ ਦੀ ਵੰਗਾਰ ਤੋ ਵੀ ਛੁੱਟੀ,੪ਸਾਲ ਵਿਚ ਇਕ ਪਿੰਡ ਸੰਸਥਾਂ ਤੋ ਲਿਆ ਕਰਜਾ ਲਾਹ ਦਿੰਦਾ ਹੈ।ਉਸ ਤੋ ਬਾਅਦ ਕਮੇਟੀ ਦੇ ਕੋਲ ਅਨਾਜ ਦਾ ਭੰਡਾਰ ਜਮਾਂ ਹੋ ਜਾਦਾ ਹੈ।ਅਜ ਨੇੜ ਦੇ 150 ਪਿੰਡਾਂ ਵਿਚ ਇਹ ਸਕੀਮ ਸਫਲਤਾ ਪੂਰਵਕ ਚੱਲ ਰਹੀ ਹੈ।ਅਗਰ ਮੁਫਤ ਫੰਡ ਆਵੇਗਾ ਤਾ ਲੋਕ ਆਪਣੇ ਪਿੰਡ ਵਿਚ ਇਸ ਤਰਾ ਦਾ ਅਨਾਜ ਬੈਕ ਵੀ ਸੁਰੂ ਕਰ ਸਕਣਗੇ।ਇਸ ਨਾਲ ਭੁੱਖ ਤੇ ਸਾਹੂਕਾਰ ਦੋਹਾ ਦੇ ਚੁੰਗਲ ਵਿਚੋ ਬੱਚ ਸਕਦੇ ਹਾ।

ਸਰਕਾਰ ਨੂੰ ਯੋਜਨਾਵਾਂ ਬੰਦ ਕਰਕੇ ਪਿੰਡਾਂ ਵਿਚ ਸਿੱਧੇ ਖੁੱਲੇ ਫੰਡ ਭੇਜਣੇ ਚਹੀਦੇ ਹਨ। ਇਸ ਇਕ ਵਿਚਾਰ ਨਾਲ ਕ੍ਰਾਂਤੀ ਆ ਸਕਦੀ ਹੈ।

## ਕੀ ਗ੍ਰਾਮ ਸਭਾ ਨੂੰ ਤਾਕਤ ਦੇਣ ਨਾਲ ਭਰਿਸ਼ਟਾਚਾਰ ਵਧੇਗਾ ?

ਕੁਝ ਲੋਕ ਕਹਿੰਦੇ ਹਨ ਕਿ ਅਗਰ ਸਿੱਧਾ ਗ੍ਰਾਮ ਸਭਾਵਾਂ ਨੂੰ ਖੁੱਲਾ ਫੰਡ ਜਾਵੇਗਾ ਤਾ ਉਸਦਾ ਗਲਤ ਇਸਤੇਮਾਲ ਹੋ ਸਕਦਾ ਹੈ। ਤਾ ਅਸੀ ਲੋਕਾਂ ਨੂੰ ਪੁਛਿਆਂ ਕਿਵੇ ਗਲਤ ਇਸਤੇਮਾਲ ਹੋ ਸਕਦਾ ਹੈ?ਕੁਝ ਲੋਕਾਂ ਨੇ ਕਿਹਾ ਕੇ ਅਗਰ ਕਿਸੇ ਗ੍ਰਾਮ ਸਭਾ ਨੂੰ ਤਿੰਨ ਕਰੋੜ ਰੁਪਏ ਉਪਰੋ ਆਇਆ ਤੇ ਗ੍ਰਾਮ ਸਭਾ ਵਿਚ ਬੈਠ ਕਿ ਲੋਕਾਂ ਦਾ ਇਹ ਫੈਸਲਾ ਹੋਇਆ ਕਿ ਅਸੀ ਤਿੰਨ ਕਰੋੜ ਦਾ ਕੁਝ ਨਹੀ ਕਰਾਗੇ ਆਪਸ ਵਿਚ ਰਲ ਮਿਲ ਕੇ ਵੰਡ ਕੇ ਖਾ ਲੈਦੇ ਹਾ।ਤਾ ਇਸ ਵਿਚ ਕੀ ਬੁਰਾ ਹੈ। ਜੇ ਸਾਰੇ ਪਿੰਡ ਦੇ ਲੋਕ ਬੈਠ ਕਿ ਇਹ ਫੈਸਲਾ ਕਰਦੇ ਹਨ।ਅੱਜ ਇਸ ਪੈਸੇ ਨੂੰ ਕੌਣ ਖਾ ਰਿਹਾ ਹੈ।ਅਧਿਕਾਰੀ ਖਾਦੇ ਨੇ,ਨੇਤਾ ਖਾਦੇ ਨੇ,ਬੀ.ਡੀ.ੳ.,ਖਾਦੇ ਨੇ,ਤਹਸੀਲਦਾਰ ਖਾਦੇ ਨੇ,ਕੁਲੈਕਟਰ ਖਾਦੇ ਨੇ ਜੇ ਪਿੰਡ ਦੇ ਲੋਕ ਆਪਸ ਵਿਚ ਰਲ ਮਿਲ ਕੇ ਵੰਡ ਲੈਦੇ ਨੇ ਤਾ ਕੀ ਹਰਜ ਹੈ?ਪੈਸਾ ਜਨਤਾ ਦੇ ਕੋਲ ਤਾ ਪਹੁੰਚਿਆਂ ਹੈ।

ਲੇਕਿਨ ਪਿੰਡ ਦੇ ਲੋਕ ਇਸ ਤਰਾ ਨਹੀ ਕਰਨਗੇ। ਤਹਾਨੂੰ ਕੀ ਲੱਗਦਾ ਹੈ? ਇਕ ਬੱਚੇ ਨੂੰ ਮਾਂ ਪਿਉ ਜਿਆਦਾ ਪਿਆਰ ਕਰਦਾ ਹੈ ਜਾ ਇਕ ਸਕੂਲ ਟੀਚਰ? ਮਾਂ ਪਿਉ ਜਿਆਦਾ ਪਿਆਰ ਕਰਦਾ ਹਨ । ਤਾ ਕੀ ਤੁਸੀ ਸੋਚਦੇ ਹੋ ਕਿ ਜੋ ਮਾਂ ਬਾਪ

ਗ੍ਰਾਮ ਸਭਾ ਵਿਚ ਬੈਠਣਗੇ ਤੇ ਇਹ ਫੈਸਲਾ ਕਰਨਗੇ ਕਿ ਸਾਡੇ ਬੱਚਿਆਂ ਦੇ ਲਈ ਸਕੂਲ ਨਾ ਬਣੇ?ਕੀ ਉਹ ਕਹਿਣਗੇ ਕਿ ਸਾਡੇ ਬੱਚਿਆਂ ਲਈ ਸਿਹਤ ਕੇਦਰ ਨਾ ਬਣਾਉ?ਕੀ ਉਹ ਕਹਿਣਗੇ ਇਹ ਚੀਜਾਂ ਨਾ ਬਣਾਈਏ ਤੇ ਸਾਰਾ ਪੈਸਾ ਵੰਡ ਕੇ ਖਾ ਜਾਈਏ?ਇਹ ਕਦੇ ਨਹੀ ਹੋਵੇਗਾ।ਸਾਰੇ ਪਿੰਡ ਵਾਲਿਆਂ ਨੂੰ ਆਪਣੀ ਜ਼ਿਦਗੀ ਦੇ ਹਰੇਕ ਪਹਿਲੂ ਦੀ ਚਿੰਤਾ ਹੈ।ਉਹ ਸਿਖਿਆਂ ਤੇ ਵੀ ਪੈਸਾ ਖਰਚ ਕਰਨਗੇ।ਸਿਹਤ ਸੇਵਾਵਾਂ ਤੇ ਵੀ ਪੈਸਾ ਖਰਚ ਕਰਨਗੇ,ਉਹ ਸੜਕਾਂ ਤੇ ਵੀ ਪੈਸਾ ਖਰਚ ਕਰਨਗੇ।ਇਹ ਸੋਚਣਾ ਕਿ ਉਹ ਪੈਸੇ ਰਲ ਮਿਲ ਕੇ ਵੰਡ ਕੇ ਖਾ ਜਾਣਗੇ ਇਹ ਇਕ ਕਲਪਨਾਂ ਹੀ ਹੈ।

ਦੂਸਰਾ ਦੁਰਉਪਯੋਗ ਇਹ ਹੋ ਸਕਦਾ ਹੈ ਕਿ ਸਰਪੰਚ ਗ੍ਰਾਮ ਸਭਾ ਦੀ ਮੀਟਿੰਗ ਹੀ ਨਾ ਬਲਾਵੇ ਤੇ ਪਿੰਡ ਦੇ ਲੋਕਾਂ ਦੇ ਝੂਠੇ ਦਸਤਖਤ ਕਰਵਾ ਲਵੇ।ਇਹ ਬਿਲਕੁਲ ਹੋ ਸਕਦਾ ਹੈ,ਲੇਕਿਨ ਅੱਜ ਵੀ ਇਹੀ ਹੋ ਰਿਹਾ ਹੈ।ਪਿੰਡ ਵਿਚ ਪੈਸਾ ਮੁਫੱਤ ਫੰਡ ਵਿਚ ਆਏ ਜਾ ਬਿਨਾ ਮੁਫੱਤ ਫੰਡ ਵਿਚੋ ਆਏ।ਅਗਰ ਸਰਪੰਚ ਭਰਿਸਟ ਹੈ ਤਾ ਉਹ ਪੈਸਾ ਖਾ ਜਾਵੇਗਾ।ਅਗਰ ਯੋਜਨਾ ਵਿਚ ਪੈਸਾ ਆਉਦਾ ਹੈ ਉਹ ਤਾ ਫਿਰ ਵੀ ਪੈਸਾ ਖਾਦਾ ਹੈ।ਜੇ ਬਿਨਾ ਯੋਜਨਾ ਪੈਸਾ ਆਵੇਗਾ ਤਾ ਵੀ ਉਸ ਨੇ ਪੈਸਾ ਖਾਣਾ ਹੈ।ਸਰਪੰਚ ਨੇ ਤਾ ਪੈਸਾ ਖਾਣਾ ਹੀ ਖਾਣਾ ਹੈ।ਕਈ ਇਹ ਕਹਿੰਦੇ ਹਨ ਕਿ ਜੇ ਯੋਜਨਾ ਵਿਚ ਪੈਸਾ ਆਉਦਾ ਹੈ ਤਾ ਘੱਟੋ ਘੱਟ ਲੋਕਾਂ ਨੂੰ ਪੈਸਾ ਮਿਲ ਤਾ ਰਿਹਾ ਹੈ।ਇਹ ਬਿਲਕੁਨ ਗਲਤ ਗੱਲ ਹੈ।ਕਿਸੇ ਪਿੰਡ ਵਿਚ ਕਿੰਨਾ ਪੈਸਾ ਲੋਕਾਂ ਨੂੰ ਮਿਲ ਰਿਹਾ ਹੈ ਇਹ ਨਿਰਭਰ ਕਰਦਾ ਹੈ ਕਿ ਉਸ ਪਿੰਡ ਦਾ ਸਰਪੰਚ ਕਿੰਨਾ ਭਰਿਸਟ ਹੈ ਤੇ ਉਥੇ ਦੀ ਜਨਤਾ ਕਿੰਨੀ ਜਾਗਰੂਕ ਹੈ।ਜਨਤਾ ਜਿੱਥੇ ਜਿੱਥੇ ਅਵਾਜ aਠਾਉਦੀ ਹੈ,ਉਥੇ ਜਨਤਾ ਤੱਕ ਵੱਧ ਪੈਸਾ ਪਹੁੰਚਦਾ ਹੈ।ਜਿੱਥੇ ਜਿੱਥੇ ਜਨਤਾ ਅਵਾਜ ਉਠਾਵੇਗੀ ਉਥੇ ਮੁਫੱਤ ਫੰਡ ਦਾ ਪੈਸਾ ਵੀ ਪਹੁੰਚੇਗਾ।ਅੱਜ ਜਦੋ ਯੋਜਨਾਵਾਂ ਵਿਚ ਪੈਸਾ ਆਉਦਾ ਹੈ ਤਾ ਉਸ ਪੈਸੇ ਦੀ ਚੋਰੀ ਰੋਕਣ ਲਈ ਉਸ ਦੇ ਲਾਭ ਪਾਪਤ ਲੋਕਾਂ ਦੀ ਰੁਚੀ ਹੀ ਹੁੰਦੀ ਹੈ।ਬਾਕੀ ਦੀ ਜਨਤਾ ਦਾ ਉਸ ਨਾਲ ਕੋਈ ਮਤਲਬ ਨਹੀ ਹੁੰਦਾ।ਜਿਵੇ ਇੰਦਰਾ ਵਿਕਾਸ ਯੋਜਨਾ ਨਾਲ ਮੰਨ ਲਵੋ ਇਕ ਪਿੰਡ ਵਿਚ ਤਿੰਨ ਘਰਾਂ ਲਈ ਪੈਸਾ ਆਵੇ ਉਸ ਵਿਚ ਬਹੁਤ ਘੱਟ ਲੋਕਾਂ ਦੀ ਰੁਚੀ ਹੋਵੇਗੀ। ਜੇ ਸਰਪੰਚ ਤਿੰਨਾਂ ਦਾ ਪੈਸਾ ਚੋਰੀ ਕਰ ਲਵੇ ਜਾ ਤਿੰਨਾ ਨੂੰ ਰਿਸਵਤ ਦੇ ਕੇ ਪੈਸਾ ਖਾ ਜਾਵੇ ਤਾ ਹੋਰ ਕਿਸੇ ਨੂੰ ਕੋਈ ਮਤਲਬ ਨਹੀ ਹੈ।ਕੋਈ ਅਵਾਜ ਨਹੀ ਉਠਾਉਦਾ।ਉਹ ਤਿੰਨ ਲੋਕ ਹੀ ਪੀੜਿਤ ਹਨ।ਜੇ ਮੁਫੱਤ ਫੰਡ ਦਾ ਪੈਸਾ ਆਵੇਗਾ ਤਾ ਸਾਰੇ ਪਿੰਡ ਦੀ ਨਜਰ ਉਸ ਤੇ ਹੋਵੇਗੀ।ਸਾਰੇ ਪਿੰਡ ਦੇ ਲੋਕ ਉਸ ਵਿਚ ਦਖਲ ਦੇਣਗੇ।ਸਾਡਾ ਇਹ ਮੰਨਣਾ ਹੈ ਕਿ ਮੁਫੱਤ ਫੰਡ ਦੇ ਭਰਿਸਟਾਚਾਰ ਦੇ ਖਿਲਾਫ ਲੜਣ ਦੇ ਲਈ ਸਾਰਾ ਪਿੰਡ ਤਿਆਰ ਹੋਵੇਗਾ ਤੇ ਭਰਿਸਟਾਚਾਰ ਦੇ ਵਿਚ ਜਰੂਰ ਕਮੀ ਆਵੇਗੀ।ਕਿਉਕਿ ਸਾਰਾ ਪਿੰਡ ਉਸ ਪੈਸੇ ਨੂੰ ਵਰਤਣ ਦੇ ਦਖਲ ਦੇਵੇਗਾ।ਅੱਜ ਭਰਿਸਟ ਸਰਪੰਚ ਜਾ ਭਰਿਸਟ ਅਧਿਕਾਰੀ ਦੇ ਖਿਲਾਫ ਜਨਤਾ ਕੁਝ ਨਹੀ ਕਰਦੀ।ਸਵਰਾਜ ਵਿਚ ਗ੍ਰਾਮ ਸਭਾ ਉਸ ਨੂੰ ਸਿੱਧੀ ਸਜਾ ਦੇ ਸਕਦੀ ਹੈ।ਜਰੂਰਤ ਪੈਣ ਤੇ ਕੱਢ ਵੀ ਸਕਦੀ ਹੈ।

## ਕਾਨੂੰਨਾਂ ਤੇ ਨੀਤੀਆਂ ਤੇ ਲੋਕਾਂ ਦੀ ਰਹਿ ਲਈ ਜਾਵੇ:

ਸਾਡੇ ਦੇਸ ਦੇ ਸੰਵਿਧਾਨ ਦੇ ਮੁਤਾਬਕ ਵਿਧਾਨਕ ਤੇ ਸੰਸਦ,ਬਲਾਕ ਤੇ ਜਿਲਾ ਪੱਧਰ ਤੋ ਪੰਚਾਇਤਾਂ ਦੇ ਅਧਿਕਾਰੀ ਹੁੰਦੇ ਹਨ।ਲੇਕਿਨ ਸੰਵਿਧਾਨ ਜਾ ਕਾਨੂੰਨ ਵਿਚ ਉਹਨਾਂ ਨੂੰ ਕੋਈ ਜੁੰਮੇਵਾਰੀ ਲਹੀ ਦਿੱਤੀ ਗਈ।ਸਾਡੇ ਹਿਸਾਬ ਨਾਲ ਉਹਨਾਂ ਦੀ ਡਿਊਟੀ ਹੋਣੀ ਚਾਹੀਦੀ ਹੈ ਕਿ ਜੇ ਸੰਸਦ ਜਾ ਵਿਧਾਨ ਸਭਾ ਵਿਚ ਕੋਈ ਕਾਨੂੰਨ ਪਾਸ ਕੀਤਾ ਜਾਦਾ ਹੈ।ਉਹ ਉਸ ਕਾਨੂੰਨ ਦੀ ਇੱਕ ਕਾਪੀ ਲੈ ਕੇ ਬਲਾਕ ਤੇ ਜਿਲਾ ਪੱਧਰ ਤੇ ਆਉਣਗੇ।ਉਸ ਇਲਾਕੇ ਦੀਆਂ ਸਾਰੀਆਂ ਗ੍ਰਾਮ ਸਭਾਵਾਂ ਨੂੰ ਉਸ ਕਾਨੂੰਨ ਦੀਆਂ ਕਾਪੀਆਂ ਵੰਡ ਕੇ ਉਥੋ ਦੀਆਂ ਗ੍ਰਾਮ ਸਭਾਵਾਂ ਨੂੰ ਇਹ ਪੁਛੇਗੀ ਕਿ ਤੁਸੀ ਇਸ ਕਾਨੂੰਨ ਦੇ ਬਾਰੇ ਵਿਚ ਕੀ ਕਹਿਣਾ ਚਾਹੁੰਦੇ ਹੋ?ਜਨਤਾ ਉਸਦੇ ਬਾਰੇ ਵਿਚ ਚਰਚਾ ਕਰੇਗੀ ਤੇ ਜੋ ਵਿਚਾਰ ਸਾਰੀਆਂ ਗ੍ਰਾਮ ਸਭਾਵਾਂ ਦਾ ਹੋਵੇਗਾ ਉਹੀ ਗੱਲ ਉਸ ਵਿਧਾਨਕਾਰ ਜਾ ਸੰਸਦ ਮੈਬਰ ਨੂੰ ਸੰਸਦ ਵਿਚ ਰੱਖਣੀ ਪਵੇਗੀ ਕਿ ਮੇਰੇ ਇਲਾਕੇ ਦੇ ਲੋਕਾਂ ਦੀ ਇਹ ਰਾਇ ਹੈ।

ਅੱਜ ਅਸੀ ਆਪਣੇ ਇਲਾਕੇ ਦੇ ਵਿਧਾਨਕਾਰ ਤੇ ਸੰਸਦ ਮੈਬਰ ਚੁਣ ਕੇ ਭੇਜਦੇ ਹਾ।ਅਸੀ ਉਸਨੂੰ ਵੋਟਾਂ ਪਾਈਆਂ,ਉਹ ਪਹਿਲਾ ਸਾਡਾ ਪ੍ਰਤੀਨਿਧ ਹੈ ਬਾਅਦ ਵਿਚ ਕਾਗਰਸ ਤੇ ਭਾਜਪਾ ਦਾ ਜਾ ਕਿਸੇ ਹੋਰ ਪਾਰਟੀ ਦਾ ਪ੍ਰਤੀਨਿਧ ਹੈ।ਪਰ ਕਾਨੂੰਨਾਂ ਤੇ ਸਰਕਾਰੀ ਨੀਤੀਆਂ ਤੇ ਆਪਣਾ ਵਿਚਾਰ ਰੱਖਣ ਤੋ ਪਹਿਲਾਂ ਉਹ ਸਾਨੂੰ ਨਹੀ ਪੁਛਦਾ।ਅੱਜ ਕੀ ਹੁੰਦਾ ਹੈ?ਜ਼ੋ ਸੋਨੀਆਂ ਗਾਧੀ ਕਹਿੰਦੀ ਹੈ ਸਾਰੇ ਕਾਗਰਸ ਵਾਲੇ ਉਸ ਦੇ ਹਿਸਾਬ ਨਾਲ ਹੀ ਵੋਟ ਕਰਦੇ ਹਨ,ਜ਼ੋ ਅਡਵਾਨੀ ਜਾ ਨਿਤਿੰਨ ਗਡਕਰੀ ਕਹਿੰਦੇ ਹਨ ਭਾਜਪਾ ਉਸ ਤੇ ਵੋਟ ਕਰਦੀ ਹੈ।ਮਾਇਆਵਤੀ ਜ਼ੋ ਕਹਿੰਦੀ ਹੈ ਉਸਦੀ ਪਾਰਟੀ ਦੇ ਸਾਰੇ ਵਿਧਾਇਕ ਉਸਦੇ ਅਨੁਸਾਰ ਵੋਟ ਪਾਉਦੇ ਹਨ।ਸਾਡੇ ਦੁਆਰਾ ਚੁਣੇ ਗਏ ਲੋਕਾਂ ਤੇ ਪਾਰਟੀ ਦੀ ਚੱਲਦੀ ਹੈ।ਲੋਕਾਂ ਦੀ ਨਹੀ।

ਹਾਈਕਮਾਂਡ ਦੀ ਇਸ ਦਾਦਾਗਿਰੀ ਨੂੰ ਬੰਦ ਕਰਨਾ ਹੋਵੇਗਾ।ਜੋ ਜਨਤਾ ਕਹੇਗੀ ਵਿਧਾਇਕ ਨੂੰ ਵਿਧਾਨ ਸਭਾ ਤੇ ਸੰਸਦ ਮੈਬਰਾਂ ਨੂੰ ਸੰਸਦ ਵਿਚ ਜਾ ਕਿ ਕਹਿਣੀ ਪਵੇਗੀ।ਇਸ ਤਰਾ ਵਿਧਾਨ ਸਭਾ ਤੇ ਸੰਸਦ ਵਿਚ ਬਨਣ ਵਾਲੇ ਕਾਨੂੰਨਾਂ ਤੇ ਜਨਤਾ ਦਾ ਅਧਿਕਾਰ ਹੋਵੇਗਾ।

ਫਿਰ ਸੰਸਦ ਵਿਚ ਨਿਊਕਲੀਅਰ ਲਾਇਬਿਲਟੀ ਵਰਗੇ ਕਾਨੂੰਨ ਸੰਸਦ ਵਿਚ ਪਾਸ ਕਰਨੇ ਮੁਸਕਲ ਹੋ ਜਾਣਗੇ।ਫਿਰ ਸੰਸਦ ਨੂੰ ਦੇਸੀ ਵਿਦੇਸੀ ਕੰਪਨੀਆਂ ਜਾ ਵਿਦੇਸੀ ਸਰਕਾਰਾਂ ਦੇ ਦਬਾਅ ਵਿਚ ਆ ਕਿ ਕਾਨੂੰਨ ਬਣਾਉਣਾ ਔਖਾ ਹੋ ਜਾਵੇਗਾ।ਫਿਰ ਸਾਡੀਆਂ ਵਿਧਾਨ ਸਭਾਵਾਂ ਤੇ ਸੰਸਦ ਸਿਰਫ ਉਹੀ ਕਾਨੂੰਨ ਬਣਾਵੇਗੀ ਜ਼ੋ ਲੋਕ ਚਾਹੁੰਣਗੇ।

## ਕੁਦਰਤੀ ਸੋਮਿਆਂ ਤੇ ਹੱਕ:

ਪਾਣੀ , ਜ਼ੰਗਲ , ਖਣਿਜ , ਤੇ ਹੋਰ ਕੁਦਰਤੀ ਸੋਮਿਆਂ ਤੇ ਸਿੱਧਾ ਜਨਤਾ ਦਾ ਅਧਿਕਾਰ ਹੋਵੇ।

## ਜ਼ਮੀਨ:

ਜਿਵੇ ਪਹਿਲਾ ਦੱਸਿਆ ਗਿਆ ਹੈ ਕਿ ਅਗਰ ਕੋਈ ਕੰਪਨੀ ਕਿਸੇ ਪਿੰਡ ਵਿਚ ਫੈਕਟਰੀ ਲਾਉਣੀ ਚਾਹੁੰਦੀ ਹੈ ਤਾ ਉਸ ਫੈਕਟਰੀ ਲਾਉਣ ਦੇ ਲਈ ਰਾਜ ਸਰਕਾਰ ਤੋ ਇਜਾਜਤ ਲੈਣੀ ਪੈਦੀ ਹੈ।ਰਾਜ ਸਰਕਾਰ ਵਿਚ ਕਈ ਨੇਤਾ,ਅਫਸਰ ਪੈਸੇ ਖਾਦੇ ਹਨ।ਉਹ ਪਿੰਡਾਂ ਦੀ ਜ਼ਮੀਨ ਨੂੰ ਪੈਸਿਆਂ ਵਾਲਿਆਂ ਕੋਲ ਵੇਚ ਦਿੰਦੇ ਹਨ।ਕਿਸਾਨਾਂ ਨੂੰ ਪੁਛਿਆ ਨਹੀ ਜਾਦਾ ਕਿ ਉਹ ਜ਼ਮੀਨ ਵੇਚਣਾ ਚਾਹੁੰਦੇ ਹਨ ਜਾ ਖੇਤੀ ਕਰਨਾ ਚਾਹੁੰਦੇ ਹਨ।
ਕਾਨੂੰਨ ਵਿਚ ਤਬਦੀਲੀ ਹੋਣੀ ਚਾਹੀਦੀ ਹੈ ਕਿ ਕੋਈ ਕੰਪਨੀ ਫੈਕਟਰੀ ਲਾਉਣੀ ਚਾਹੁੰਦੀ ਹੈ ਤਾ ਉਸ ਨੂੰ ਰਾਜ ਸਰਕਾਰ ਤੋ ਪ੍ਰਸਤਾਵ ਪਾਸ ਕਰਵਾਉਣ ਦੀ ਬਜਾਏ ਗ੍ਰਾਮ ਸਭਾਵਾਂ ਵਿਚ ਰੱਖਣਾ ਪਵੇਗਾ।ਉਹਨਾਂ ਨੂੰ ਰਾਜ ਸਰਕਾਰ ਤੋ ਮਨਜ਼ੂਰੀ ਲੈਣ ਦੀ ਕੋਈ ਜਰੂਰਤ ਨਾ ਹੋਵੇ।ਉਹ ਉਸ ਪਿੰਡ ਦੀ ਗ੍ਰਾਮ ਸਭਾ ਤੋ ਮਨਜ਼ੂਰੀ ਲਵੇਗੀ।ਜੋ ਪਿੰਡ ਪ੍ਰਵਾਵਿਤ ਹੋ ਰਹੇ ਹਨ।ਜਿਥੇ ਜਿਥੇ ਉਹਨਾਂ ਨੂੰ ਜ਼ਮੀਨ ਚਾਹੀਦੀ ਹੈ ਉਹਨਾਂ ਸਾਰੀਆਂ ਗ੍ਰਾਮ ਸਭਾਵਾਂ ,ਪੰਚਾਇਤ,ਪੰਚਾਇਤ ਸਕੱਤਰਾਂ ਨਾਲ ਗੱਲਬਾਤ ਕਰੇਗੀ।ਉਹ ਪੰਚਾਇਤ ਤੇ ਗ੍ਰਾਮ ਸਭਾ ਆਪਣੇ ਲੋਕਾਂ ਦੇ ਇਕਠ ਵਿਚ ਸਾਝੀ ਕਰਨਗੇ ।ਇਹ ਲੋਕ ਫੈਸਲਾ ਕਰਨਗੇ ਕਿ ਉਹਨਾਂ ਨੇ ਜ਼ਮੀਨ ਵੇਚਣੀ ਹੈ ਜਾ ਨਹੀ,ਜੇ ਵੇਚਣੀ ਹੈ ਤਾ ਕਿਹੜੀਆਂ ਕਿਹੜੀਆਂ ਸਰਤਾਂ ਤੇ ਵੇਚਣੀ ਹੈ।ਜੇ ਉਹ ਸਰਤਾਂ ਉਸ ਕੰਪਨੀ ਨੂੰ ਮਨਜ਼ੂਰ ਹੈ ਤਾ ਉਹ ਜ਼ਮੀਨ ਲੈ ਸਕਦੀ ਹੈ।

ਇਸ ਤਰਾ ਜੇ ਰਾਜ ਸਰਕਾਰ ਜਾ ਕੇਦਰ ਸਰਕਾਰ ਨੇ ਕਿਸੇ ਵੀ ਪਿੰਡ ਦੀ ਜ਼ਮੀਨ ਐਕਿਉਰਮੈਂਟ ਕਰਨਾ ਹੋਵੇ ਤਾ ਉਸ ਨੂੰ ਵੀ ਪਿੰਡ ਦੀ ਪੰਚਾਇਤ ਨੂੰ ਬੇਨਤੀ ਕਰਨੀ ਪਵੇਗੀ ਜਾ ਸਿੱਧਾ ਗ੍ਰਾਮ ਸਭਾ ਨਾਲ ਗੱਲ ਬਾਤ ਕਰਨੀ ਹੋਵੇਗੀ।

ਕੋਈ ਪਿੰਡ ਜਿਥੇ 10-15% ਲੋਕਾਂ ਦੇ ਕੋਲ ਹੀ ਜ਼ਮੀਨ ਹੁੰਦੀ ਹੈ।ਬਾਕੀ ਸਾਰੇ ਦੇ ਸਾਰੇ ਜ਼ਮੀਨ ਤੇ ਮਜਦੂਰੀ ਕਰਦੇ ਹਨ।ਜ਼ਮੀਨ ਵੇਚਣ ਦੀ ਗੱਲ ਆਉਦੀ ਹੈ ਤਾਂ ਪੈਸਾ ਸਿਰਫ ਜ਼ਮੀਨ ਵਾਲਿਆਂ ਨੂੰ ਮਿਲੇਗਾ।ਜੋ ਮਜਦੂਰੀ ਕਰਦੇ ਹਨ ਉਹਨਾਂ ਕੁਝ ਨਹੀ ਮਿਲੇਗਾ। ਗ੍ਰਾਮ ਸਭਾ ਐਕੁਇਰਮੈਟ ਦਾ ਫੈਸਲਾ ਕਰਨ ਤੋ ਪਹਿਲਾ ਉਹਨਾਂ ਮਜਦੂਰਾਂ ਦੇ ਹਿੱਤ ਦਾ ਧਿਆਨ

ਰੱਖਣਗੇ।ਜਿਨਾ ਕੋਲ ਜ਼ਮੀਨ ਨਹੀ ਹੈ ਮਜਦੂਰੀ ਕਰਦੇ ਹਨ, ਤਾ ਸਿੱਧੇ ਹੀ ਪਿੰਡ ਦੀ ਜ਼ਮੀਨ ਤੇ ਗ੍ਰਾਮ ਸਭਾ ਦਾ ਅਧਿਕਾਰ ਹੋਵੇਗਾ।

**ਖਾਣਾਂ :**

ਛੋਟੇ ਮੋਟੇ ਖਾਣਾਂ ਦੇ ਉਪਰ ਗ੍ਰਾਮ ਸਭਾ ਦੀ ਮਾਲਕੀਅਤ ਹੋਵੇ।ਵੱਡੀਆਂ ਖਾਣਾਂ ਤੇ ਮਾਲਕੀਅਤ ਪੂਰੇ ਦੇਸ ਦੀ ਹੋਵੇ।ਇਸ ਤੇ ਕਿਸੇ ਨੂੰ ਕੋਈ ਇਤਰਾਜ ਨਹੀ ਹੋਵੇਗਾ।ਪਰ ਇਸ ਦਾ ਪ੍ਰਯੋਗ ਲੋਕਾਂ ਦੇ ਹਿੱਤ ਵਾਸਤੇ ਹੋਵੇ।ਇਸ ਨੂੰ ਕਿਵੇ ਠੀਕ ਤਰਾ ਨਾਲ ਲਾਗੂ ਕੀਤਾ ਜਾਵੇ ਇਹ ਇਕ ਗੰਭੀਰ ਸਵਾਲ ਹੈ।ਅੱਜ ਖਾਣਾਂ ਦਾ ਪਰਮਿਟ ਦੇਣ ਦਾ ਅਧਿਕਾਰ ਰਾਜ ਸਰਕਾਰਾਂ ਤੇ ਕੇਦਰ ਸਰਕਾਰਾਂ ਦੇ ਕੋਲ ਹੀ ਹੈ।ਉਹਨਾਂ ਨੇ ਇਸ ਅਧਿਕਾਰ ਦਾ ਇਸਤੇਮਾਲ ਗਲਤ ਤਰੀਕੇ ਨਾਲ ਕੀਤਾ ਹੈ ਰਿਸਵਤ ਲੈ ਕਿ ਲੈ ਕਿ ਖਾਣਾਂ ਪੱਟਣ ਦਾ ਕੰਮ ਬਹੁੱਤ ਹੀ ਘੱਟ ਕੀਮਤਾਂ ਤੇ ਕੰਪਨੀਆਂ ਨੂੰ ਵੇਚ ਰਹੇ ਹਨ।

ਕੀ ਖਾਣਾਂ ਦੇ ਪਰਮਿਟ ਦੇਣ ਦਾ ਅਧਿਕਾਰ ਗ੍ਰਾਮ ਸਭਾ ਨੂੰ ਦਿੱਤਾ ਜਾਵੇ ?ਕੁਝ ਲੋਕਾਂ ਦਾ ਕਹਿਣਾਂ ਹੈ ਕਿ ਖੁਦਾਈ ਕਰਨ ਵਾਲੀਆਂ ਕੰਪਨੀਆਂ ਇਤਨੀਆਂ ਸ਼ਕਤੀਸ਼ਾਲੀ ਹਨ ਕਿ ਉਹਨਾਂ ਲਈ ਸਾਰੇ ਪਿੰਡ ਤੇ ਦਬਾਉ ਪਾ ਕੇ ਜਾ ਪੈਸਿਆਂ ਨਾਲ ਖਰੀਦਣਾ ਬਹੁਤ ਅਸਾਨ ਹੈ।

ਇਸ ਦਾ ਹੱਲ ਸਾਇਦ ਵਿਚਕਾਰਲਾ ਰਸਤਾ ਹੋਵੇਗਾ।ਇਸ ਦੇਸ ਦੇ ਖਣਿਜ ਕਿਵੇ ਵਰਤੇ ਜਾਣ,ਕਿੰਨੀ ਮਾਤਰਾ ਵਿਚ ਕੱਢੇ ਜਾਣ ਇਸ ਤਰਾ ਦੀ ਰਾਸਟਰੀ ਨੀਤੀ ਦੇਸ ਭਰ ਦੀਆਂ ਸਾਰੀਆਂ ਗ੍ਰਾਮ ਸਭਾਵਾਂ ਨਾਲ ਵਿਚਾਰ ਕਰਕੇ ਬਣਾਈ ਜਾਵੇ।ਉਸ ਨੀਤੀ ਦੇ ਅਨੁਸਾਰ ਆਪਣੇ ਪਿੰਡ ਬਲਾਕ ਜਾ ਜਿਲੇ ਦੇ ਖਣਿਜ਼ ਪਦਾਰਥਾਂ ਦੇ ਪਰਮਿਟ ਦੇਣ ਦਾ ਫੈਸਲਾ ਉਸਦੇ ਨਾਲ ਪ੍ਰਭਾਵਿਤ ਹੋਣ ਵਾਲੀਆਂ ਗ੍ਰਾਮ ਸਭਾ ਦੇ ਦੁਆਰਾ ਮਿਲ ਬੈਠ ਕਿ ਕੀਤਾ ਜਾਵੇ।

**ਜ਼ੰਗਲ :**

ਜ਼ੰਗਲ ਦਾ ਛੋਟੇ ਉਦਯੋਗ ਤੇ ਸਿੱਧਾ ਗ੍ਰਾਮ ਸਭਾ ਦੀ ਮਲਕੀਅਤ ਹੋਵੇ।ਟਿੰਬਰ ਤੇ ਬਾਂਸ ਦਾ ਠੇਕਾ ਕਿਸੇ ਠੇਕੇਦਾਰ ਨੂੰ ਉਥੇ ਦੀ ਗ੍ਰਾਮ ਸਭਾ ਦੀ ਮਨਜ਼ੂਰੀ ਤੋ ਬਿਨਾ ਨਾ ਦਿੱਤਾ ਜਾਵੇ।ਗ੍ਰਾਮ ਸਭਾ ਹੀ ਉਸਦੀਆਂ ਸਰਤਾਂ ਨੀਯਤ ਕਰੇਗੀ।

## ਪਾਣੀ :

ਪਿੰਡ ਦੀ ਸੀਮਾਂ ਵਿਚ ਵੱਗਣ ਵਾਲੇ ਜਲ ਸਰੋਤਾਂ ਤੇ ਉਥੋ ਦੀਆਂ ਗ੍ਰਾਮ ਸਭਾ ਦੀ ਮਲਕੀਅਤ ਹੋਵੇਗੀ।ਪਾਣੀ ਦੇ ਵੰਡੇ ਸਰੋਤ ਜਿਵੇ ਦਰਿਆ,ਨਦੀਆਂ ਆਦਿ ਦੇ ਫੈਸਲਾ ਉਸ ਦੇ ਨਾਲ ਪ੍ਰਵਾਵਿਤ ਸਾਰੀਆਂ ਗ੍ਰਾਮ ਸਭਾਵਾਂ ਦੀ ਮਨਜੂਰੀ ਤੋ ਬਿਨਾ ਨਾ ਲਏ ਜਾਣ।

## ਸਰਕਾਰ ਦੇ ਵੱਖ ਵੱਖ ਕੰਮਾਂ ਦੀ ਵੰਡ ਕੀਤੀ ਜਾਵੇ :

ਸਰਕਾਰ ਦੇ ਵੱਖ ਵੱਖ ਅਦਾਰਿਆਂ ਦੇ ਕੰਮ ਸਰਕਾਰੀ ਜਾਇਦਾਦ,ਸਰਕਾਰੀ ਸੰਸਥਾਵਾਂ ਦਾ ਵਿਸਥਾਰ ਹੋਵੇ।ਹੁਣ ਰਾਜ ਸਰਕਾਰ ਤੇ ਕੇਦਰ ਸਰਕਾਰ ਦੇ ਵਿਚ ਤਾ ਕੰਮਾਂ ਦੀ ਵੰਡ ਹੋ ਗਈ ਹੈ।ਪਰ ਪੰਚਾਇਤ ਦੇ ਵੱਖ ਵੱਖ ਪੱਧਰ ਤੇ ਕੰਮ ਦੀ ਵੰਡ ਨਹੀ ਹੋਈ।

ਪਿੰਡ ਦੀ ਹੱਦ ਵਿਚ ਜਿੰਨੇ ਵੀ ਸਰਕਾਰੀ ਅਦਾਰੇ ਹਨ।ਉਹਨਾਂ ਦੇ ਬਾਰੇ ਫੈਸਲੇ ਗ੍ਰਾਮ ਸਭਾਵਾਂ ਵਿਚ ਕੀਤੇ ਜਾਣ।ਪਹਿਲਾ ਪਿੰਡ ਦੇ ਲੋਕ ਬੈਠ ਕੇ ਫੈਸਲਾ ਕਰਨ ਕੇ ਕਿਹੜੇ ਕਿਹੜੇ ਕੰਮ ਕੀਤੇ ਜਾ ਸਕਦੇ ਹਨ?ਕਿਹੜੀਆਂ ਕਿਹੜੀਆਂ ਸਰਕਾਰੀ ਪੂੰਜੀ ਜਿਵੇ ਸੜਕਾਂ,ਨਾਲੀਆਂ ਜੋ ਇਸ ਪਿੰਡ ਵਿਚ ਹਨ?ਕਿਹੜੀਆਂ ਕਿਹੜੀਆਂ ਸਰਕਾਰੀ ਸੰਸਥਾਵਾਂ ਕੇਵਲ ਉਸ ਪਿੰਡ ਦੀ ਸੇਵਾ ਕਰ ਰਹੀਆ ਹਨ?ਜਿਵੇ ਕਿਸ ਸਕੂਲ ਵਿਚ ਸਿਰਫ ਉਸ ਪਿੰਡ ਦੇ ਬੱਚੇ ਹੀ ਪੜ ਰਹੇ ਹਨ?ਇਸ ਤਰਾ ਦੇ ਸਾਰੇ ਕੰਮ,ਸਰਕਾਰੀ ਜਾਇਦਾਦ,ਸਰਕਾਰੀ ਸੰਸਥਾਵਾਂ ਕਾਨੂੰਨ ਬਣਾ ਕੇ ਉਸ ਪਿੰਡ ਦੀ ਗ੍ਰਾਮ ਸਭਾ ਨੂੰ ਦਸਤਖਤ ਕਰਾਕੇ ਸੌਂਪ ਦਿੱਤੇ ਜਾਣ।ਇਹ ਸਾਰੇ ਕੰਮ ਕਰਨ,ਸਭ ਦੀ ਸੇਵਾ ਸੰਭਾਲ ਸੰਸਥਾਵਾਂ ਨੂੰ ਚਲਾਉਣ ਲਈ ਫੰਡ ਤੇ ਕਰਮਚਾਰੀ ਚਾਹੀਦੇ ਹਨ। ਉਸਦਾ ਜੁੰਮੇਵਾਰੀ ਪਿੰਡ ਦੀ ਪੰਚਾਇਤ ਨੂੰ ਸੌਂਪ ਦਿੱਤੀ ਜਾਵੇ।

ਸਭ ਤੋ ਪਹਿਲਾ ਹਰ ਪਿੰਡ ਵਿਚ ਇੱਕ ਲਿਸਟ ਬਣਾਈ ਜਾਵੇ,ਉਸ ਤੋ ਬਾਅਦ ਬਲਾਕ ਅਜਿਹਾ ਕਰੇ , 2 ਜਾ ਉਸਤੋ ਅਧਿਕ ਪਿੰਡਾਂ ਦੀ ਸਰਕਾਰੀ ਸੰਸਥਾਵਾਂ ਦੀਆਂ ਲਿਸਟ ਬਣਾਵੇ ਫਿਰ ਜਿਲਾ ਪੱਧਰ ਦੀਆਂ ਲਿਸਟਾਂ ਤਿਆਰ ਕੀਤੀਆਂ ਜਾਣ । ਫਿਰ ਦੋ ਜਿਲਿਆਂ ਦੀ ਲਿਸਟ ਰਾਜ ਪੱਧਰ ਤੇ ਤਿਆਰ ਕੀਤੀ ਜਾਵੇ । ਕਿਸੇ ਵੀ ਕੰਮ,ਸੰਪਤੀ ਤੇ ਸੰਸਥਾਂ ਦੀ ਸੇਵਾ ਸੰਭਾਲ ਜਾ ਉਸਨੂੰ ਚਲਾਉਣ ਦੇ ਸਬੰਧ ਵਿਜ ਖਰਚ ਆਉਣ ਵਾਲਾ ਸਾਰਾ ਪੈਸਾ ਤੇ ਸਾਰੇ ਕਰਮਚਾਰੀਆਂ ਤੇ ਨਿਗਰਾਨੀ

ਆਦਿ ਦੀ ਵੰਡ ਕੀਤੀ ਜਾਵੇ।ਤੇ ਜਿਸ ਦੀ ਜੁੰਮੇ ਕੋਈ ਵੀ ਕੰਮ ਲਾਇਆ ਜਾਵੇ ਉਸ ਦੇ ਦਸਤਖਤ ਕਰਵਾ ਲਏ ਜਾਣ।ਜਦੋ ਦੋ ਪਿੰਡਾਂ ਦੇ ਵਿਚ ਕਿਸੇ ਕੰਮ ਜਾ ਸੰਸਥਾ ਨੂੰ ਲੈ ਕਿ ਕੋਈ ਵਿਵਾਦ ਹੋ ਜਾਵੇ ਤਾ ਉਸ ਨੂੰ ਬਲਾਕ ਪੱਧਰ ਤੇ ਨਜਿੱਠ ਲਿਆ ਜਾਵੇ। ਬਲਾਕ ਪੱਧਰ ਦੇ ਵਿਵਾਦ ਜਿਲਾ ਪੱਧਰ ਤੇ ਨਜਿੱਠੇ ਜਾਣ,ਜਿਲਾ ਪੱਧਰ ਦੇ ਮਸਲੇ ਰਾਜ ਪੱਧਰ ਤੇ ਨਿਪਟਾਏ ਜਾਣ।

## ਸਵਰਾਜ ਵਿਚ ਫੈਸਲੇ ਕਿਵੇ ਕੀਤੇ ਜਾਣਗੇ :

ਇਕ ਬਲਾਕ ਦੇ ਸਾਰੇ ਪਿੰਡਾਂ ਦੇ ਪ੍ਰਧਾਨਾਂ ਨੂੰ ਮਿਲਾਕੇ ਬਲਾਕ ਪੰਚਾਇਤ ਬਣੇਗੀ,ਜਿਲੇ ਦੇ ਸਾਰੇ ਬਲਾਕਾਂ ਦੇ ਨੁਮਾਇਦੇ ਮਿਲਾ ਕੇ ਜਿਲਾ ਪੰਚਾਇਤ ਬਣੇਗੀ।ਅਗਰ ਕੋਈ ਅਜਿਹਾ ਮਸਲਾ ਹੈ ਜ਼ੋ 2 ਜਾ ਵੱਧ ਪਿੰਡਾਂ ਨੂੰ ਪ੍ਰਵਾਵਿਤ ਕਰਦਾ ਹੈ ਜਿਵੇ ਕਿ ਕੋਈ ਸੜਕ ਬਣ ਰਹੀ ਹੈ ਜੋ 4 ਪਿੰਡਾਂ ਵਿਚੋ ਹੋ ਕਿ ਜਾਣੀ ਹੈ।ਇਸ ਤਰਾ ਦੇ ਮਸਲੇ ਬਲਾਕ ਪੱਧਰ ਤੇ ਵਿਚਾਰੇ ਜਾਣਗੇ।ਇਸ ਨਾਲ ਪ੍ਰਵਾਵਿਤ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਨੂੰ ਪੁਛਿਆ ਜਾਵੇਗਾ ਕਿ ਉਹਨਾਂ ਦੇ ਕੀ ਵਿਚਾਰ ਹਨ।ਉਹਨਾਂ ਪਿੰਡਾਂ ਦੇ ਵਿਚਾਰ ਤੇ ਗ੍ਰਾਮ ਸਭਾਵਾਂ ਦੀ ਸਹਿਮਤੀ ਤੋ ਬਿਨਾ ਕੋਈ ਵੀ ਫੈਸਲਾ ਬਲਾਕ ਪੱਧਰ ਤੇ ਨਹੀ ਲਿਆ ਜਾਵੇਗਾ।ਇਸ ਤਰਾ ਜੇ 3-4 ਬਲਾਕਾਂ ਦਾ ਫੈਸਲਾ ਲੈਣਾ ਹੋਵੇਗਾ ਉਹ ਜਿਲਾ ਪੱਧਰ ਤੇ ਲਿਆ ਜਾਵੇਗਾ।ਅਗਰ 3-4 ਜਿਲਿਆ ਦਾ ਫੈਸਲਾ ਕਰਨਾ ਹੈ ਤਾ ਰਾਜ ਪੱਧਰ ਤੇ ਲਿਆ ਜਾਵੇਗਾ।ਜਿਲਾ ਪੱਧਰ ਤੇ ਵੀ ਕੋਈ ਫੈਸਲਾ ਉਸ ਨਾਲ ਪ੍ਰਵਾਵਿਤ ਸਾਰੀਆਂ ਗ੍ਰਾਮ ਸਭਾਵਾਂ ਦੀ ਪਹਿਲਾ ਆਗਿਆ,ਵਿਚਾਰ,ਲਏ ਜਾਣਗੇ।ਉਸ ਦੇ ਬਾਅਦ ਹੀ ਕੋਈ ਫੈਸਲਾ ਕੀਤਾ ਜਾਵੇਗਾ।

ਰਾਜ ਪੱਧਰ ਤੇ ਕੋਈ ਵੀ ਕੰਮ ਕਰਨ ਤੋ ਪਹਿਲਾ ਰਾਜ ਸਰਕਾਰ ਨੂੰ ਗ੍ਰਾਮ ਸਭਾਵਾਂ ਦੀ ਸਹਿਮਤੀ ਲੈਣੀ ਕੋਈ ਜਰੂਰੀ ਨਹੀ ਹੈ। ਲੇਕਿਨ ਕਿਸੇ ਵੀ ਮੁੱਦੇ ਤੇ ਜੇ ਗ੍ਰਾਮ ਸਭਾਵਾਂ ਨੂੰ ਆਪਣਾ ਪੱਖ ਰੱਖਣ ਦਾ ਹੱਕ ਹੋਵੇਗਾ।ਅਗਰ ਕਿਸੇ ਵੀ ਮੁੱਦੇ ਤੇ ਰਾਜ ਦੀ 5% ਤੋ ਜਿਆਦਾ ਗ੍ਰਾਮ ਸਭਾਵਾਂ ਕੋਈ ਪ੍ਰਸਤਾਵ ਰੱਦ ਕਰਦੀਆਂ ਹਨ।ਤਾ ਰਾਜ ਸਰਕਾਰ ਨੂੰ aਹ ਪ੍ਰਸਤਾਵ ਸਾਰੀਆਂ ਗ੍ਰਾਮ ਸਭਾਵਾਂ ਦੇ ਕੋਲ ਭੇਜਣਾ ਹੋਵੇਗਾ।ਜੇ 50% ਤੋ ਜਿਆਦਾ ਗ੍ਰਾਮ ਸਭਾਵਾਂ ਉਸ ਪ੍ਰਸਤਾਵ ਨੂੰ ਪਾਸ ਕਰ ਦਿੰਦੀਆਂ ਹਨ ਤਾ ਰਾਜ ਸਰਕਾਰ ਨੂੰ ਉਹ ਪ੍ਰਸਤਾਵ ਮੰਨਣਾ ਪਵੇਗਾ।ਚਾਹੇ ਉਸ ਦੇ ਲਈ ਕਾਨੂੰਨ ਹੀ ਕਿਉ ਨਾ ਬਦਲਣਾ ਪਵੇ।

## ਭਾਰਤ ਦੀ ਰਾਜਨੀਤੀ ਤੇ ਇਸ ਦੀ ਅਸਰ :

ਜਿਸ ਦਿਨ ਇਸ ਦੇਸ ਦੇ ਸਾਰੇ ਪਿੰਡਾਂ ਵਿਚ ਗ੍ਰਾਮ ਸਭਾਵਾਂ ਹੋਣ ਲੱਗ ਜਾਣਗੀਆਂ ਉਸ ਦਿਟ ਇਸ ਦੇਸ ਦੀ ਸੰਸਦ ਤੇ ਵੀ

ਅਸਰ ਪੈਣ ਲੱਗ ਜਾਵੇਗਾ।ਸਿੱਧਾ ਸਿੱਧਾ ਗ੍ਰਾਮ ਸਭਾਵਾਂ ਦਾ ਰਾਜ ਹੋਵੇਗਾ।ਇਕ ਤਾ ਦੇਸ ਦੀ ਰਾਜਨੀਤੀ ਤੇ ਉਪਰ ਸਿੱਧਾ ਸਿੱਧਾ ਲੋਕਾਂ ਦਾ ਰਾਜ ਹੋਵੇਗਾ।ਇਸ ਦੇਸ ਦੀ ਰਾਜਨੀਤੀ ਤੇ ਭਰਿਸਟ ਪਾਰਟੀਆਂ,ਭਰਿਸਟ ਲੀਡਰਾਂ ਦਾ,ਅਪਰਾਧੀਆਂ ਦਾ ਪੂਰੀ ਤਰਾ ਕਬਜਾ ਹੋ ਗਿਆ ਹੈ।ਜੋ ਹੌਲੀ ਹੌਲੀ ਕੰਮਜੋਰ ਹੋਵੇਗਾ।ਤੇ ਸਿੱਧਾ ਸਿੱਧਾ ਇਸ ਦੇਸ ਦੀ ਰਾਜਨੀਤੀ ਦੇ ਉਪਰ ਇਸ ਦੇਸ ਦੀ ਸੱਤਾ ਤੇ ਲੋਕਾਂ ਦਾ ਕਬਜਾ ਹੋਵੇਗਾ।ਤਾ ਕਿ ਵਿਕਾਸ ਹੋ ਸਕੇ।ਗਰੀਬੀ ,ਬੇਰੁਜਗਾਰੀ ਦੂਰ ਹੋ ਸਕੇ।

ਇਸ ਤਰਾ ਜਦੋ ਸੱਤਾ ਲੋਕਾਂ ਦੇ ਹੱਥਾਂ ਵਿਚ ਹੋਵੇਗੀ,ਤਾਂ ਸਾਨੂੰ ਲੱਗਦਾ ਹੈ ਕਿ ਦੇਸ ਵਿਚ ਲੋਕਤੰਤਰ ਆਵੇਗਾ।ਅਗਰ ਇਸ ਤਰਾ ਹੋ ਗਿਆ ਤਾ ਸਿਖਿਆ ਸੁਧਰੇਗੀ,ਸਿਹਤ ਅਵਸਥਾ ਸੁਧਰੇਗੀ,ਸੜਕਾਂ ਬਣਨਗੀਆਂ,ਪਾਣੀ ਆਵੇਗਾ,ਬਿਜਲੀ ਮਿਲੇਗੀ,ਬੇਰੁਜਗਾਰੀ ਦੂਰ ਹੋਵੇਗੀ,ਗਰੀਬੀ ਦੂਰ ਹੋਵੇਗੀ,ਨਕਸਲਵਾਦ ਵੀ ਦੂਰ ਹੋਵੇਗਾ।

## ਪੰਚਾਇਤੀ ਰਾਜ ਤੇ ਹੋਰ ਕਾਨੂੰਨਾਂ ਵਿਚ ਅਦਲਾ ਬਦਲੀ ਦੀ ਜਰੂਰਤ :

ਇਸ ਕਿਤਾਬ ਦੇ ਅਖੀਰ ਵਿਚ ਕਈ ਸੁਝਾਅ ਦਿੱਤੇ ਗਏ ਹਨ।ਉਹ ਸਾਰੇ ਸੁਝਾਅ ਰਾਜ ਸਰਕਾਰਾਂ ਤੇ ਕੇਦਰ ਸਰਕਾਰ ਆਪਣੇ ਪੰਚਾਇਤੀ ਰਾਜ ਕਾਨੂੰਨ ਤੇ ਹੋਰ ਕਾਨੂੰਨਾਂ ਨੂੰ ਸੋਧ ਕੇ ਲਾਗੂ ਕਰ ਸਕਦੀ ਹੈ।ਇਸ ਦੇ ਲਈ ਸੰਵਿਧਾਨ ਵਿਚ ਸੋਧ ਕਰਨ ਦੀ ਜਰੂਰਤ ਹੈ।

# ਸਵਰਾਜ ਦੇ ਸਵਦੇਸੀ ਟਾਪੂ.........................................................................

ਪੁਰਾਣੇ ਭਾਰਤ ਵਿਚ ਲੋਕ ਸਾਸਕੀ ਫੈਸਲੇ ਵੀ ਲੈਂਦੇ ਸਨ।ਮੌਜੂਦਾ ਸਮੇ ਵਿਚ ਅਜਿਹਾ ਕਈ ਦੇਸਾਂ ਵਿਚ ਹੋ ਰਿਹਾ ਹੈ।ਇਹ ਗੱਲਾਂ ਬਹੁਤੇ ਲੋਕ ਜਾਣਦੇ ਹਨ,ਕੀ ਮੌਜੂਦਾ ਸਮੇ ਦੀ ਕੋਈ ਅਜਿਹੀ ਘਟਨਾ ਹੈ ਜਿਸ ਦੇ ਲੋਕਾਂ ਦੀ ਜਾਣਕਾਰੀ ਬਹੁਤ ਘਟ ਹੈ।ਸਾਰਿਆਂ ਨੂੰ ਲੱਗਦਾ ਹੈ ਕਿ ਇਹ ਸਭ ਆਪਣੇ ਦੇਸ ਵਿਚ ਸੰਭਵ ਨਹੀ ਹੈ।ਦੇਸ ਦੇ ਵੱਖ ਵੱਖ ਇਲਾਕਿਆਂ ਵਿਚ ਸਥਾਨਕ ਲੀਡਰਾਂ ਦੇ ਉਦਮ ਨਾਲ ਲੋਕਤੰਤਰ ਵਿਚ ਕਈ ਪ੍ਰਯੋਗ ਹੋਏ ਹਨ।ਇਹਨਾਂ ਪ੍ਰਯੋਗਾਂ ਨਾਲ ਸਥਾਨਕ ਸਾਸਨ ਵਿਚ ਕਿਵੇ ਗੁਣਾਤਮਿਕ ਸੁਧਾਰ ਆਇਆ ਹੈ।ਆਓ ਇਸ ਦੀਆਂ ਕੁਝ ਵੰਨਗੀਆਂ ਦੇਖੋ:

## ਮਹਾਰਾਸਟਰ ਦਾ ਹਿਰਵੇ ਬਾਜ਼ਾਰ ਪਿੰਡ:

ਹਿਰਵੇ ਪਿੰਡ ਪੂੰਨੇ ਤੋ 100 ਕਿਲੋਮੀਟਰ ਦੂਰ ਅਹਿਮਦਾਬਾਦ ਜ਼ਿਲੇ ਵਿਚ ਵੱਸਿਆ ਇਕ ਪਿੰਡ ਹੈ।ਇਸ ਪਿੰਡ ਵਿਚ 1972-1989 ਤੱਕ ਬਹੁਤ ਅਕਾਲ ਪਏ।ਇਹਨਾਂ ਅਕਾਲ ਦੀ ਮਾਰ ਨੇ ਲੋਕਾਂ ਦੀ ਕਮਰ ਹੀ ਤੋੜ ਦਿੱਤੀ।ਲੋਕ ਪਿੰਡ ਛੱਡ ਛੱਡ ਕੇ ਪੂੰਨ,ਬੰਬਈ ਨੂੰ ਭੱਜਣ ਲੱਗੇ। 90%ਲੋਕ ਗਰੀਬੀ ਦੀ ਰੇਖਾਂ ਤੇ ਹੇਠਾਂ ਆ ਗਏ।ਪਿੰਡ ਵਿਚ ਐਨਾ ਬੁਰਾ ਹਾਲ ਸੀ ਕਿ ਹਰ ਘਰ ਵਿਚ ਸਰਾਬ ਕੱਢਦੇ ਸਨ,ਹਰ ਘਰ ਵਿਜ ਸਰਾਬ ਪੀਤੀ ਜਾਦੀ ਸੀ।ਲੋਕ ਅਨਪੜ,ਗਰੀਬ ਸਨ।ਐਨੀ ਧੜੇਬੰਦੀ ਸੀ ਕਿ ਕਈ ਕਤਲ ਹੋ ਗਏ ਸਨ।ਤਕਰੀਬਨ ਹਰ ਹਫਤੇ ਪੁਲਿਸ ਪਿੰਡ ਵਿਚ ਆਈ ਰਹਿੰਦੀ ਸੀ।ਹਰ ਤਰਾ ਦਾ ਕੰਮ ਪਿੰਡ ਵਿਚ ਹੁੰਦਾ ਸੀ।

1989 ਵਿਚ ਉਥੇ 20-30 ਲੜਕੇ ਇਕੱਠੇ ਹੋਏ।ਉਹਨਾਂ ਨੇ ਫੈਸਲਾ ਕੀਤਾ ਕਿ ਅਸੀ ਆਪਣੇ ਪਿੰਡ ਨੂੰ ਬਦਲਾਗੇ।ਪਿੰਡ ਵਿਚ ਅਜਿਹਾ ਨਹੀ ਚੱਲੇਗਾ।ਉਹਨਾਂ ਨੇ ਆਪਣੇ ਵਿਚੋ ਇਕ ਲੜਕੇ ਨੂੰ ਆਪਣਾ ਲੀਡਰ ਚੁਣਿਆਂ ਉਸਦਾ ਨਾਮ ਪੋਪਟ ਰਾਓ ਪਵਾਰ ਸੀ।ਉਸਨੂੰ ਕਿਹਾ ਕਿ ਤੂੰ ਪਿੰਡ ਦਾ ਸਰਪੰਚ ਬਣਜਾ,ਉਹ ਲੜਕਾ ਬੰਬਈ ਵਿਚ ਐਮ.ਕਾਮ. ਦੀ ਪੜਾਈ ਕਰ ਰਿਹਾ ਸੀ।ਉਸ ਨੂੰ ਬੰਬਈ ਤੋ ਵਾਪਿਸ ਬੁਲਾ ਲਿਆ।ਪਿੰਡ ਵਿਚ ਜਿੰਨੇ ਵੀ ਗਰੁੱਪ ਸਨ ਲੜਕੇ ਉਹਨਾਂ ਸਾਰਿਆਂ ਧੜਿਆਂ ਦੇ

ਵੱਡੇ ਬਜ਼ੁਰਗਾਂ ਦੇ ਕੋਲ ਗਏ ਤੇ ਹੱਥ ਜੋੜ ਕਿ ਬੇਨਤੀ ਕੀਤੀ ਕਿ ਇਸ ਲੜਕੇ ਨੂੰ ਇੱਕ ਸਾਲ ਦੇ ਲਈ ਸਰਪੰਚ ਬਣਾ ਦਿਉ।ਅਸੀ ਪਿੰਡ ਦੀ ਇਹ ਅਵਸਥਾਂ ਬਦਲਣੀ ਚਾਹੁੰਦੇ ਹਾਂ।ਉਹ ਸਾਰੇ ਬਜ਼ੁਰਗ ਉਹਨਾਂ ਲੜਕਿਆਂ ਤੇ ਬਹੁਤ ਹੱਸੇ।ਫਿਰ ਸਾਰੇ ਮੰਨ ਗਏ ਉਸ ਲੜਕੇ ਨੂੰ ਇੱਕ ਸਾਲ ਦੇ ਲਈ ਸਰਪੰਚ ਬਣਾਉਣ ਦੇ ਲਈ।

ਉਸ ਲੜਕੇ ਨੇ ਇਹ ਤਹਿ ਕੀਤਾ ਕਿ ਉਹ ਕੋਈ ਵੀ ਫੈਸਲਾ ਇਕਲਾ ਨਹੀ ਕਰੂੰਗਾ ਸਾਰੇ ਪਿੰਡ ਨਾਲ ਸਲਾਹ ਕਰਕੇ ਕਰੂਗਾ।ਸਰਕਾਰੀ ਕਾਨੂੰਨ ਦੇ ਮੁਤਾਬਕ ਗ੍ਰਾਮ ਸਭਾ ਦੀਆਂ ਸਾਲ ਵਿਚ ਦੋ ਮੀਟਿੰਗਾਂ ਹੀ ਹੋਣੀਆਂ ਹੁੰਦੀਆਂ ਹਨ ਇਮ 26 ਜਨਵਰੀ ਤੇ ਦੂਜੀ 15 ਅਗਸਤ ਨੂੰ।ਪਰ ਉਹ ਮਹੀਨੇ ਦੀਆਂ ਚਾਰ ਚਾਰ ਮੀਟਿੰਗਾਂ ਕਰਵਾਉਣ ਲੱਗਿਆ।ਕੋਈ ਵੀ ਸਮੱਸਿਆ ਹੁੰਦੀ ਉਹ ਸਾਰੇ ਪਿੰਡ ਨੂੰ ਇਕੱਠਾ ਕਰ ਲੈਦਾ।ਉਹਨਾਂ ਨੂੰ ਦੱਸਦਾ ਕਿ ਆਹ ਮੁਸਕਲ ਹੈ ਇਸ ਦਾ ਕੀ ਹੱਲ ਕੀਤਾ ਜਾਵੇ?

ਇਸ ਦੇ ਨਤੀਜੇ ਚਮਤਕਾਰਕ ਹੋਏ।1989 ਵਿਚ ਇਸ ਪਿੰਡ ਵਿਚ ਹਰੇਕ ਦੀ ਔਸਤਨ ਆਮਦਨ 840 ਰਪਏ ਸੀ। ਅੱਜ ਹਰੇਕ ਦੀ ਆਮਦਨ 28000 ਰੁਪਏ ਹੈ ਤੇ ਇੱਕ ਪ੍ਰਵਾਰ ਵਿਚ ੫ ਜੀਅ ਹਨ ਤਾ ਪ੍ਰਵਾਰ ਦੀ ਆਮਦਨ ਡੇੜ ਲੱਖ ਰੁਪਏ ਹੋ ਗਈ ਹੈ।ਇਕ ਪਿੰਡ ਵਿਚ ਇਕ ਪ੍ਰਵਾਰ ਦੀ ਸਲਾਨਾ ਆਮਦਨ ਡੇੜ ਲੱਖ ਬਹੁਤ ਹੁੰਦੀ ਹੈ।

ਹੁਣ ਉਥੇ ਸਾਨਦਾਰ ਸੜਕਾਂ ਬਣ ਗਈਆਂ ਹਨ।ਪਹਿਲਾ ਲੋਕ ਝੁੱਗੀਆਂ ਵਿਚ ਰਹਿੰਦੇ ਸਨ।ਅੱਜ ਸਾਰਿਆਂ ਦੇ ਕੋਲ ਸਾਨਦਾਰ ਮਕਾਨ ਹਨ।ਵਧੀਆਂ ਸਕੂਲ,ਹਸਪਤਾਲ,ਤੇ ਰਾਸਨ ਦੀ ਦੁਕਾਨ ਤੇ ਬਿਲਕੁਲ ਚੋਰੀ ਨਹੀ ਹੁੰਦੀ।ਰਾਸਨ ਆਉਦਾ ਹੈ ਤੇ ਸਾਰਿਆਂ ਦੇ ਸਾਹਮਣੇ ਉਤਾਰਿਆ ਜਾਦਾ ਹੈ।ਪਹਿਲਾ ਘਰ ਘਰ ਵਿਚ ਸਰਾਬ ਬਣਦੀ ਸੀ।ਹੁਣ ਸਰਾਬ ਬਣਨੀ ਤਾ ਦੂਰ ਲੋਕਾਂ ਨੇ ਪੀਣੀ ਵੀ ਬੰਦ ਕਰ ਦਿੱਤੀ ੫ ਸਾਲ ਵਿਚ ਇਸ ਪਿੰਡ ਵਿਚ ਇਕ ਵਾਰ ਵੀ ਪੁਲਿਸ ਨਹੀ ਆਈ।ਇਕ ਵੀ ਕੇਸ ਦਰਜ ਨਹੀ ਹੋਇਆ।

ਸਭ ਤੋ ਵੱਡੀ ਗੱਲ ਇਹ ਹੋਈ ਕਿ ਪੋਪਟ ਰਾਉ ਪਵਾਰ ਨੂੰ ਇਕ ਸਾਲ ਦੇ ਲਈ ਲੋਕਾਂ ਨੇ ਸਰਪੰਚ ਬਣਾਇਆਂ ਸੀ।ਆਪਣੇ ਕੰਮ ਦੇ ਕਰਕੇ ਇਤਨਾਂ ਮਸਹੂਰ ਹੋ ਗਿਆ ਕਿ ਅੱਜ ਤੋ ੨੦ ਸਾਲ ਪਹਿਲਾ ਤੋ ਲੈ ਕੇ ਸਰਪੰਚ ਹੈ।ਉਸ ਨੂੰ ਕੋਈ ਹਰਾ ਨਹੀ ਸਕਿਆ।ਉਸਦੇ ਖਿਲਾਫ ਕੋਈ ਖੜਾ ਹੀ ਨਹੀ ਹੁੰਦਾ।ਬਿਨਾ ਮੁਕਾਬਲਾ ਹਰ ਵਾਰ ਸਰਪੰਚ ਚੁਣਿਆ ਜਾਦਾ ਹੈ।

ਇਹ ਸਭ ਇਸ ਕਰਕੇ ਹੋਇਆ ਕਿਉਕਿ ਉਥੇ ਦੇ ਸਰਪੰਚ ਨੇ ਇਕ ਤਰਾ ਨਾਲ ਆਪਣੇ ਹੱਥ ਵੱਢ ਕੇ ਹੀ ਲੋਕਾਂ ਨੂੰ ਦੇ ਦਿੱਤੇ

ਕਿ ਮੈ ਜੋ ਵੀ ਫੈਸਲਾ ਕਰੂਗਾ ਉਹ ਲੋਕਾਂ ਦੀ ਮਰਜੀ ਨਾਲ ਕਰੂਗਾ।

ਪੋਪਟ ਰਾਉ ਪਵਾਰ ਨੇ ਇਕ ਗੱਲ ਹੋਰ ਕੀਤੀ।ਜਿਵੇ ਪਹਿਲਾ ਦੱਸਿਆ ਗਿਆ ਹੈ।ਸਰਕਾਰੀ ਯੋਜਨਾਵਾਂ ਨੇ ਸਾਡੇ ਦੇਸ ਦੇ ਲੋਕਾਂ ਨੂੰ ਭਿਖਾਰੀ ਬਣਾ ਦਿੱਤਾ ਹੈ।ਇਸ ਸਰਪੰਚ ਨੇ ਸਾਰੀਆਂ ਸਰਕਾਰੀ. ਯੋਜਨਾਵਾਂ ਨੂੰ ਇਕ ਪਾਸੇ ਰੱਖ ਕੇ ਪਹਿਲਾ ਗ੍ਰਾਮ ਸਭਾ ਨੂੰ ਪੁਛਿਆ ਕਿ ਪਿੰਡ ਦੀਆਂ ਕੀ ਸਮਸਿਆਂਵਾਂ ਹਨ,ਉਹਨਾ ਦਾ ਕੀ ਹੱਲ ਕੀਤਾ ਜਾਵੇ।ਕਿਸੇ ਨੇ ਕਿਹਾ ਕਿ ਪੀਣ ਲਈ ਪਾਣੀ ਨਹੀ ਹੈ।ਕਿਸੇ ਨੇ ਕਿਹਾ ਕਿ ਸਿੰਚਾਈ ਦੇ ਪਾਣੀ ਨਹੀ ਹੈ।ਕਿਸੇ ਨੇ ਕਿਹਾ ਕਿ ਬਿਜਲੀ ਨਹੀ ਹੈ,ਕਿਸੇ ਨੇ ਕਿਹਾ ਕਿ ਸਕੂਲ ਨਹੀ ਹੈ।ਅਖੀਰ ਵਿਚ ਫੈਸਲਾ ਇਹ ਹੋਇਆ ਕਿ ਸਭ ਤੋ ਪਹਿਲਾ ਬੱਚਿਆਂ ਦੇ ਲਈ ਸਕੂਲ ਹੋਣਾ ਚਾਹੀਦਾ ਹੈ। ਪੋਪਟ ਰਾਉ ਪਵਾਰ ਨੇ ਕਿਸੇ ਮਹਿਕਮੇ ਨੂੰ ਨਹੀ ਲਿਖਿਆ ਕਿ ਸਕੂਲ ਹੋਣਾ ਚਾਹੀਦਾ ਹੈ।ਉਸ ਨੇ ਗ੍ਰਾਮ ਸਭਾ ਵਿਚ ਸਭ ਨੂੰ ਪੁਛਿਆ ਕਿ ਆਪਣੇ ਪਿੰਡ ਵਿਚ ਕਿੰਨਾ ਕਿੰਨਾ ਦੇ ਘਰ ਖਾਲੀ ਹਨ? ਦੋ ਆਦਮੀ ਖੜੇ ਹੋ ਗਏ।ਉਹਨਾਂ ਨੇ ਕਿਹਾ ਕਿ ਉਹਨਾਂ ਦੇ ਕੋਲ 2-2 ਕਮਰੇ ਖਾਲੀ ਹਨ,ਆਪ ਲੈ ਸਕਦੇ ਹੋ।ਉਹਨਾਂ ਨੇ ਚਾਰ ਕਮਰਿਆਂ ਦਾ ਸਕੂਲ ਸੁਰੂ ਕਰ ਦਿੱਤਾ।ਫਿਰ ਅਧਿਆਪਕ ਕਿਥੋ ਆਉਣ?ਉਹਨਾਂ ਨੇ ਸਰਕਾਰ ਨੂੰ ਨਹੀ ਲਿਖਿਆ ਕਿ ਅਧਿਆਪਕ ਭੇਜੋ।ਉਹਨਾਂ ਨੇ ਸਭਾ ਨੂੰ ਪੁਛਿਆ ਕਿ ਕੋਈ ਲੜਕਾ ਵਿਹਲਾ ਹੋਵੇ,ਪੜਾ ਸਕੇ ਤਾ ਚੰਗਾ ਹੋਵੇਗਾ।ਤਾ ਚਾਰ ਲੜਕੇ ਤਿਆਰ ਹੋ ਗਏ।ਉਹਨਾਂ ਨੇ ਪੜਾਉਣਾ ਸੁਰੂ ਕਰ ਦਿੱਤਾ।ਇਕ ਸਾਲ ਵਿਚ ਚੰਗੇ ਨਤੀਜੇ ਨਿਕਲੇ।

ਪੋਪਟ ਰਾਉ ਪਵਾਰ ਨੇ ਦੱਸਿਆ ਕਿ ਜਦੋ ਗ੍ਰਾਮ ਸਭਾ ਸੁਰੂ ਕੀਤੀ ਸੀ ਤਾ ਉਸ ਪਿੰਡ ਵਿਚ ਗੁਟਬੰਦੀ ਸੀ।ਲੋਕ ਗ੍ਰਾਮ ਸਭਾ ਵਿਚ ਨਹੀ ਸੀ ਆਉਦੇ।ਧੱੜੇ ਸੀ ਬਹੁਤ ਲੜਾਈ ਝਗੜੇ ਸੀ।ਇਕ ਸਾਲ ਵਿਚ ਲੋਕਾਂ ਨੇ ਦੇਖਿਆ ਕਿ ਸਰਪੰਚ ਤਾਂ ਸਾਡੇ ਭਲੇ ਲਈ ਕੰਮ ਕਰ ਰਿਹਾ ਹੈ।ਸਾਡੇ ਬੱਚਿਆਂ ਨੂੰ ਪੜਾਉਣ ਲਈ ਸਕੂਲ ਖੋਲਿਆ ਹੈ।ਲੋਕਾਂ ਨੇ ਗ੍ਰਾਮ ਸਭਾ ਵਿਚ ਆਉਣਾ ਸੁਰੂ ਕਰ ਦਿੱਤਾ।

ਫਿਰ ਗ੍ਰਾਮ ਸਭਾ ਵਿਚ ਚਰਚਾ ਹੋਈ ਕਿ ਪਿੰਡ ਵਿਚ ਬਹੁਤ ਅਕਾਲ ਪੈਣ ਦੇ ਕਾਰਨ ਪਿੰਡ ਵਿਚ ਪਾਣੀ 80 ਫੁੱਟ ਥੱਲੇ ਚਲਿਆ ਗਿਆ,ਉਹਨਾਂ ਨੇ ਪਾਣੀ ਦੇ ਪੱਧਰ ਉਪਰ ਚੁੱਕਣ ਦੇ ਲਈ ਬੂਟੇ ਲਾਏ ਜਾਣਗੇ।ਫਿਰ ਵੀ ਉਹਨਾਂ ਨੇ ਸਰਕਾਰ ਦੇ ਹੱਥਾਂ ਵੱਲ ਨਹੀ ਦੇਖਿਆ ਆਪ ਬੂਟੇ ਲਾਏ ਪਾਣੀ ਇਕਠਾ ਕੀਤਾ ਇਸ ਦੀ ਬਜਾਹ ਕਰਕੇ ਪਾਣੀ 80 ਫੁੱਟ ਤੋ 15 ਫੁੱਟ ਤੱਕ ਵੀ ਆ ਗਿਆ।ਪਹਿਲਾ ਪਿੰਡ ਵਾਲੇ ਇੱਕ ਵੀ ਫਸਲ ਨਹੀ ਸੀ ਕੱਢ ਸਕਦੇ ਹੁਣ ਤਿੰਨ ਤਿੰਨ ਫਸਲਾਂ ਲੈਦੇ ਹਨ।

ਇਕ ਹੋਰ ਵਧੀਆਂ ਗੱਲ ਇਹ ਹੋਈ ਕਿ 1980 ਵਿਚ ਜ਼ੰਗਲਾਤ ਮਹਿਕਮੇ ਦੇ ਕਰਮਚਾਰੀਆਂ ਨੇ ਵੀ ਬੂਟੇ ਲਾਏ ਸੀ ਜਿਨਾ

ਨੂੰ ਪਿੰਡ ਵਾਲਿਆਂ ਨੇ ਹੀ ਕੱਟ ਕੱਟ ਕੇ ਮੁਕਾ ਦਿੱਤਾ ਸੀ।ਕਿਉਕਿ ਉਹ ਬੂਟੇ ਉਹਨਾਂ ਦੇ ਨਹੀ ਸਨ।ਇਸ ਲਈ ਉਹਨਾਂ ਦੀ ਕੋਈ ਅਹਿਮੀਅਤ ਨਹੀ ਸੀ।ਉਹ ਤਾ ਸਰਕਾਰੀ ਬੂਟੇ ਸਨ।ਹੁਣ ਜਦੋ ਉਹਨਾਂ ਨੇ ਆਪਣੇ ਬੂਟੇ ਲਾਏ ਤਾ ਉਹ ਪੂਰੀ ਰਾਖੀ ਰੱਖਦੇ ਕਿਸੇ ਨੂੰ ਪੁੱਟਣ ਨਾ ਦਿੰਦੇ।ਇਹ ਉਹਨਾਂ ਦੇ ਆਪਣੇ ਬੂਟੇ ਸਨ।ਇਸ ਤਰਾ ਇਸ ਪਿੰਡ ਦਾ ਵਿਕਾਸ ਹੋਇਆ।

ਹਿਰਵੇ ਬਜਾਰ ਪਿੰਡ ਦੀ ਕਹਾਣੀ ਸੁਣਨ ਦੇ ਬਾਅਦ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਉਥੇ ਵਿਕਾਸ ਇਸ ਲਈ ਹੋਇਆ ਕਿ ਉਥੇ ਦਾ ਸਰਪੰਚ ਚੰਗਾ ਸੀ। ਪੋਪਟ ਰਾਉ ਪਵਾਰ ਸੀ।ਬਿਲਕੁਲ ਠੀਕ ਗੱਲ ਹੈ। ਹਿਰਵੇ ਬਜਾਰ ਪਿੰਡ ਦਾ ਵਿਕਾਸ ਇਸ ਲਈ ਹੋਇਆ ਕਿ ਪਿੰਡ ਦਾ ਸਰਪੰਚ ਇਕ ਚੰਗਾ ਆਦਮੀ ਬਣ ਗਿਆ।ਜੇ ਪੋਪਟ ਰਾਉ ਪਵਾਰ ਨਾ ਹੁੰਦਾ ਤਾ ਵਿਕਾਸ ਨਹੀ ਸੀ ਹੋ ਸਕਦਾ।

ਅੱਛਾ ਸਰਪੰਚ ਕੌਣ ਹੁੰਦਾ ਹੈ?ਅਸੀ ਕਈ ਅਜਿਹੇ ਆਦਮੀਆਂ ਨੂੰ ਮਿਲੇ ਜੋ ਬਹੁਤ ਹੀ ਅੱਛੇ ਸਰਪੰਚ ਹਨ। ਬਹੁਤ ਹੀ ਇਮਾਨਦਾਰ ਸਰਪੰਚ ਬਿਲਕੁਲ ਚੋਰੀ ਨਹੀ ਕਰਦੇ।ਰਾਜਸਥਾਨ ਦੇ ਇਕ ਸਰਪੰਚ ਨੂੰ ਮਿਲੇ ਜੋ ਬਹੁਤ ਅਮੀਰ ਹੈ।ਬਹੁਤ ਹੀ ਪੈਸੇ ਵਾਲਾ ਹੈ।ਆਪਣੇ ਕੋਲੋ ਪੈਸੇ ਖਰਚ ਕਰ ਦਿੰਦਾ ਹੈ।ਚੋਰੀ ਬਿਲਕੁਲ ਨਹੀ ਕਰਦਾ,ਲੇਕਿਨ ਉਹ ਜਨਤਾ ਦੀ ਨਹੀ ਸੁਣਦਾ,ਜਨਤਾ ਦੀਆਂ ਮੰਗਾਂ ਨਹੀ ਪੂਰੀਆਂ ਕਰਦਾ।ਆਪਣੀ ਮਰਜੀ ਨਾਲ ਕੰਮ ਕਰਦਾ ਹੈ।ਉਸਨੇ ਪਿੰਡ ਦੇ ਬਾਹਰ ਪੈਸੇ ਖਰਚ ਕਰਕੇ ਪਿੰਡ ਤੋ ਬਾਹਰ ਟੱਟੀਆਂ ਬਣਵਾ ਦਿੱਤੀਆਂ ਹਨ।ਲੇਕਿਨ ਲੋਕਾਂ ਨੂੰ ਟੱਟੀਆਂ ਨਹੀ ਚਾਹੀਦੀਆਂ।ਜਦੋ ਦੀਆਂ ਬਣੀਆਂ ਹਨ ਉਦੋ ਤੋ ਹੀ ਬੰਦ ਪਈਆਂ ਹਨ ਕਿਉਕਿ ਲੋਕ ਉਹਨਾਂ ਨੂੰ ਇਸਤੇਮਾਲ ਨਹੀ ਕਰਦੇ।

ਤਾਂ ਅੱਛਾ ਸਰਪੰਚ ਉਹ ਹੋਇਆ ਜੋ ਲੋਕਾਂ ਨੂੰ ਪੁਛਕੇ ਨਾਲ ਮਿਲਕੇ ਗ੍ਰਾਮ ਸਭਾਵਾਂ ਵਿਚ ਸੁਝਾਉ ਲਵੇ।ਸਾਰੇ ਨਿਰਣੇ ਜਨਤਾ ਤੋ ਲੈ ਕਿ ਸਿਰਫ ਪਾਲਣਾ ਕਰੇ।ਅਜਿਹਾ ਸਰਪੰਚ ਹੀ ਅੱਛਾ ਸਰਪੰਚ ਹੈ।

ਪੋਪਟ ਰਾਉ ਪਵਾਰ ਇਸ ਲਈ ਇਕ ਅੱਛਾ ਸਰਪੰਚ ਹੈ ਕਿਉਕਿ ਉਹ ਸਾਰੇ ਫੈਸਲੇ ਜਨਤਾ ਨੂੰ ਪੁਛਕੇ ਕਰਦਾ ਹੈ।ਅਜ ਪੰਚਾਇਤੀ ਰਾਜ ਵਿਵਸਥਾ ਵਿਚ ਗ੍ਰਾਮ ਸਭਾਵਾਂ ਨੂੰ ਕਿਸੇ ਕਿਸਮ ਦਾ ਕੋਈ ਅਧਿਕਾਰ ਨਹੀ ਹੈ।ਜਿੱਥੇ ਜਿੱਥੇ ਅੱਛੇ ਸਰਪੰਚ ਹਨ ਉਹਨਾਂ ਨੇ ਆਪਣੇ ਹੱਥ ਵੱਢਕੇ ਜਨਤਾ ਨੂੰ ਦੇ ਦਿੱਤੇ ਹਨ।ਕਹਿੰਦੇ ਹਨ ਕਿ ਅਸੀ ਕੋਈ ਫੈਸਲਾ ਨਹੀ ਕਰਨਾ ਕੇਵਲ ਜਨਤਾ ਦੇ ਫੈਸਲਿਆਂ ਨੂੰ ਹੀ ਲਾਗੂ ਕਰਾਗੇ ਉਥੇ ਉਥੇ ਤਾ ਵਿਕਾਸ ਹੋ ਰਿਹਾ ਹੈ।ਲੇਕਿਨ ਜਿਥੇ ਦੇ ਸਰਪੰਚ ਗ੍ਰਾਮ ਸਭਾਵਾਂ ਦੇ ਵਿਚਾਰ ਨਹੀ ਲੈਂਦੇ ਉਥੇ ਉਥੇ ਵਿਕਾਸ ਨਹੀ ਹੋਇਆ।

ਸਾਡੇ ਪਿੰਡ ਵਿਚ ਜਨਤਾ ਦੇ ਨਾਲ ਮਿਲਕੇ ਗ੍ਰਾਮ ਸਭਾਵਾਂ ਵਿਚ ਫੈਸਲੇ ਹੁੰਦੇ ਹਨ ਜਾ ਨਹੀ-ਅੱਜ ਦੇ ਸਮੇ ਵਿਚ ਮੌਜੂਦਾ ਵਿਵਸਥਾ ਇਸ ਤੇ ਹੀ ਨਿਰਭਰ ਕਰਦੀ ਹੈ।ਸਾਡਾ ਸਰਪੰਚ ਚੰਗਾ ਹੈ ਜਾ ਨਹੀ।ਉਹ ਪੋਪਟ ਰਾਓ ਦੀ ਤਰਾ ਕੰਮ ਕਰਦਾ ਹੈ ਜਾ ਨਹੀ,

ਅਸੀ ਚਾਹੁੰਦੇ ਹਾ ਕਿ ਇਹ ਰਾਜਨੀਤੀ ਬਦਲੇ ਇਹ ਤਾ ਸਰਪੰਚ ਦੇ ਉਪਰ ਹੀ ਕੇਦਰਿਤ ਹੋ ਗਈ ਕਿ ਉਹ ਬਦਲੇ।

ਜਿਸ ਦਿਨ ਬਦਲ ਕੇ ਸੱਤਾ ਸਿੱਧੀ ਜਨਤਾ ਦੇ ਹੱਥਾਂ ਵਿਚ ਦੇ ਦਿੱਤੀ ਜਾਵੇਗੀ।ਉਸ ਦਿਨ ਸਾਨੂੰ ਅੱਛੇ ਸਰਪੰਚ ਦੀ ਉਡੀਕ ਕਰਨ ਦੀ ਜਰੂਰਤ ਨਹੀ ਪਵੇਗੀ।ਉਸ ਦਿਨ ਸਾਨੂੰ ਇਹ ਲਹੀ ਉਡੀਕਣਾ ਪਵੇਗਾ ਕਿ ਸਾਡੇ ਪਿੰਡ ਵਿਚ ਵੀ ਪੋਪਟ ਰਾਓ ਪਵਾਰ ਪੈਦਾ ਹੋਵੇ।ਫਿਰ ਚਾਹੇ ਚੰਗਾ ਸਰਪੰਚ ਹੋਵੇ ਜਾ ਬੁਰਾ।ਸਿੱਧੇ ਸਿੱਧੇ ਕੰਮ ਕਰਵਾ ਲਵੇਗੀ।ਆਪਣੀ ਗ੍ਰਾਮ ਸਭਾ ਵਿਚ ਉਸਨੂੰ ਠੀਕ ਕਰ ਲਿਆ ਜਾਵੇਗਾ ਕਿਉਕਿ ਫਿਰ ਕਾਨੂੰਨ ਜਨਤਾ ਨੂੰ ਫੈਸਲੇ ਲੈਣ ਦਾ ਅਧਿਕਾਰ ਦੇਵੇਗਾ।

## ਉੱਤਰੀ ਕੇਰਲ ਦੇ ਇਕ ਪਿੰਡ ਦੀ ਉਦਾਹਰਣ :

ਗ੍ਰਾਮ ਸਭਾਵਾਂ ਨੂੰ ਯਾਨਿ ਲੋਕਾਂ ਨੂੰ ਫੈਸਲੇ ਲੈਣ ਦੇ ਅਧਿਕਾਰ ਨਾਲ ਕੀ ਫਾਇਦਾ ਹੋਵੇਗਾ?ਇਸ ਦੇ ਲਈ ਕੇਵਲ ਇਕ ਉਦਾਹਰਣ ਨਾਲ ਹੀ ਸਮਝਣ ਦੀ ਕੋਸਿਸ ਕਰਿਉ।ਕੇਰਲ ਦੀ ਪੰਚਾਇਤੀ ਰਾਜ ਵਿਵਸਥਾ ਦੇ ਵਿਚ ਕਿਸੇ ਵੀ ਪਿੰਡ ਵਿਚ ਕੋਈ ਵੀ ਉਦਯੋਗ ਤੱਕ ਨਹੀ ਲਗਾਇਆ ਜਾ ਸਕਦਾ।ਜਦੋ ਤੱਕ ਉਥੇ ਦੇ ਲੋਕ ਗ੍ਰਾਮ ਸਭਾਵਾਂ ਉਸ ਉਦਯੋਗ ਨੂੰ ਮਨਜੂਰੀ ਨਾ ਦੇਣ।ਉੱਤਰ ਕੇਰਲ ਦੇ ਇਕ ਪਿੰਡ ਵਿਚ ਬਹੁ-ਅੰਤਰਰਾਸਟਰੀ ਕੰਪਨੀ ਲੱਕੜ ਦਾ ਕਾਰਖਾਨਾ ਲਾਉਣਾ ਚਾਹੁੰਦੀ ਸੀ।ਜੇ ਕਾਰਖਾਨਾ ਲਾਇਆ ਜਾਦਾ ਤਾ ਆਸੇ ਪਾਸੇ ਦੇ ਕਈ ਦਰਖੱਤ ਕੱਟਣੇ ਪੈਣੇ ਸਨ।ਲੇਕਿਨ ਉਥੇ ਦੀ ਜਨਤਾ ਨਹੀ ਸੀ ਚਾਹੁਦੀ ਕਿ ਦਰਖੱਤਾਂ ਨੂੰ ਨਾ ਜਾਵੇ।ਉਸ ਕਾਰਖਾਨੇ ਨੂੰ ਰਾਜ ਸਰਕਾਰ ਵੱਲੋ ਮਨਜੂਰੀ ਮਿਲ ਗਈ ਸੀ।ਮੰਤਰੀ ਤੋ ਮਨਜੂਰੀ ਮਿਲ ਗਈ।ਕੁਲੈਕਟਰ ਤੋ ਮਨਜੂਰੀ ਮਿਲ ਗਈ।ਇਥੋ ਤਕ ਕੇ ਪਿੰਡ ਦੇ ਪ੍ਰਧਾਨ ਨੂੰ ਵੀ ਪਾਰਟੀ ਦੇ ਦਬਾਊ ਵਿਚ ਆਕੇ ਮਨਜੂਰੀ ਦੇਣੀ ਪਈ।ਲੇਕਿਨ ਜਦੋ ਇਹ ਮਾਮਲਾ ਗ੍ਰਾਮ ਸਭਾ ਵਿਚ ਆਇਆ ਤਾ ਗ੍ਰਾਮ ਸਭਾ ਨੇ ਮਨਜੂਰੀ ਦੇਣ ਤੋ ਨਾ ਕਰ ਦਿੱਤੀ।ਕਿਉਕਿ ਗ੍ਰਾਮ ਸਭਾ ਨੂੰ ਆਪਣੇ ਦਰਖਤਾਂ ਦੀ ਪਰਵਾਹ ਸੀ।ਉਹ ਨਹੀ ਸੀ ਚਾਹੁੰਦੇ ਕਿ ਉਹਨਾਂ ਨੂੰ ਕੱਟਿਆਂ ਜਾਵੇ।

ਤਾ ਇਸ ਉਦਾਹਰਣ ਤੋ ਸਾਫ ਜਾਹਿਰ ਹੈ ਕਿ ਸਰਕਾਰ ਵਿਕ ਸਕਦੀ ਹੈ,ਮੰਤਰੀ ਵਿਕ ਸਕਦਾ ਹੈ,ਕੁਲੈਕਟਰ ਵਿਕ ਸਕਦਾ ਹੈ,ਇਥੋ ਤੱਕ ਕਿ ਪ੍ਰਧਾਨ ਵੀ ਵਿਕ ਸਕਦਾ ਹੈ ਜਾ ਉਸਤੇ ਦਬਾਅ ਪਾਇਆ ਜਾ ਸਕਦਾ ਹੈ।ਲੇਕਿਨ ਗ੍ਰਾਮ ਸਭਾ ਦੇ ਸਾਰੇ

ਲੋਕਾਂ ਨੂੰ ਨਹੀ ਖਰੀਦਿਆਂ ਜਾ ਸਕਦਾ।ਇਹ ਉਹਨਾਂ ਦੀ ਜ਼ਿੰਦਗੀ ਦਾ ਸਵਾਲ ਹੈ।ਲੋਕ ਇਹ ਨਿਰਣਾ ਲੈਦੇ ਹਨ ਤਾ ਉਹ ਦੇਖਦੇ ਹਨ ਕਿ ਕਿਸ ਤਰਾਂ ਨਾਲ ਉਹਨਾਂ ਦੀ ਜ਼ਿੰਦਗੀ ਬੇਹਤਰ ਕਿਵੇ ਬਣ ਸਕਦੀ ਹੈ।

## ਮੱਧ ਪ੍ਰਦੇਸ ਵਿਚ ਨਵੇ ਕਾਨੂੰਨ ਦਾ ਕ੍ਰਿਸ਼ਮਾ :

2002 ਵਿਚ ਮੱਧ ਪ੍ਰਦੇਸ ਪੰਚਾਇਤੀ ਰਾਜ ਕਾਨੂੰਨ ਵਿਚ ਸੋਧ ਕੀਤੀ ਗਈ ਉਸ ਵਿਚ ਇਹ ਅਵਸਥਾ ਕੀਤੀ ਗਈ ਕਿ ਜੇ ਕਿਸੇ ਪਿੰਡ ਪੱਧਰ ਤੇ ਕੋਈ ਕਰਮਚਾਰੀ ਠੀਕ ਕੰਮ ਨਹੀ ਕਰਦਾ ਤਾ ਪਿੰਡ ਦੇ ਲੋਕ ਗ੍ਰਾਮ ਸਭਾ ਵਿਚ ਬੈਠਕੇ ਉਸਦੀ ਤਨਖਾਹ ਰੋਕ ਸਕਦੇ ਹਨ। ਇਸ ਦੇ ਕਈ ਵਧੀਆਂ ਨਤੀਜੇ ਨਿਕਲੇ ਕੁਝ ਉਦਾਹਰਣਾਂ:

ਅਸੀ ਛਿੰਦਵਾੜਾ ਜਿਲੇ ਦੇ ਅਮਰਵਾੜਾ ਬਲਾਕ ਦੇ ਕੁਝ ਪਿੰਡਾਂ ਵਿਚ ਗਏ।ਉਹਨਾਂ ਪਿੰਡਾਂ ਵਿਚ ਪਹਿਲਾਂ ਸਕੂਲ ਵਿਚ ਅਧਿਆਪਕ ਨਹੀ ਸੀ ਆਉਦੇ।ਉਹ ਮਹੀਨੇ ਦੇ ਆਖਰੀ ਦਿਨ ਤਨਖਾਹ ਲੈਣ ਆਉਦੇ ਸਨ।ਜਦੋ ਇਹ ਕਾਨੂੰਨ ਹੋਦ ਵਿਚ ਆਇਆ ਤਾ ਉਸ ਪਿੰਡ ਦੇ ਲੋਕਾਂ ਨੇ ਪੂਰੀ ਗ੍ਰਾਮ ਸਭਾ ਵਿਚ ਬੈਠ ਕੇ ਉਹਨਾਂ ਦੀ ਤਨਖਾਹ ਰੋਕ ਲਈ।ਦੋ ਮਹੀਨੇ ਤੱਕ ਰੋਕੀ ਤੀਸਰੇ ਮਹੀਨੇ ਉਹਨਾਂ ਅਧਿਆਪਕਾਂ ਨੇ ਆਉਣਾ ਚਾਲੂ ਕਰ ਦਿੱਤਾ,ਕਿੰਨਾ ਸੌਖਾ ਤਰੀਕਾ ਹੈ।ਅਗਰ ਸਿੱਧਾ ਸਿੱਧਾ ਲੋਕਾਂ ਨੂੰ ਸੱਤਾ ਦਿੰਦੇ ਹਾ ਤਾ ਲੋਕ ਆਪਣਾ ਵਿਕਾਸ ਖੁਦ ਕਰ ਸਕਣਗੇ।

ਇਸੇ ਤਰਾ ਹੀ ਮੱਧਪ੍ਰਦੇਸ ਦੇ ਇਕ ਹੋਰ ਪਿੰਡ ਵਿਚ ਗਏ।ਉਥੇ ਇਸ ਆਂਗਣਵਾੜੀ ਦੀ ਵਰਕਰ ਪਹਿਲਾ ਨਹੀ ਆਉਦੀ ਸੀ।ਇਕ ਦਿਨ ਉਥੋ ਦੇ ਸਰਪੰਚ ਨੇ ਸਾਰੇ ਪਿੰਡ ਨੂੰ ਇਕਠਾ ਕਰ ਲਿਆ।ਉਸ ਆਂਗਣਵਾੜੀ ਵਰਕਰ ਨੂੰ ਉਸ ਸਾਮ ਹੀ ਪਿੰਡ ਦੇ ਲੋਕਾਂ ਦੇ ਸਾਹਮਣੇ ਖੜਾ ਕਰ ਦਿੱਤਾ।ਸਾਰਿਆਂ ਦੇ ਸਾਹਮਣੇ ਹੀ ਪੁਛਿਆ ਕਿ ਦੱਸੋ ਤੁਸੀ ਪਿਛਲੇ 6 ਮਹੀਨਿਆਂ ਵਿਚ ਕਿੰਨੇ ਵਾਰ ਆਈ ਹੋ?ਹੁਣ ਤੁਸੀ ਇਹ ਸੋਚੋ ਕੀ ਉਹ ਸਾਰੇ ਪਿੰਡ ਦੇ ਸਾਹਮਣੇ ਝੂਠ ਬੋਲੇਗੀ ?ਉਸ ਨੇ ਸਾਰੇ ਪਿੰਡ ਦੇ ਸਾਹਮਣੇ ਮੰਨਿਆ ਕਿ ਉਹ ਪਿਛਲੇ 6 ਮਹੀਨਿਆ ਵਿਚ ਸਿਰਫ ਦੋ ਦਿਨ ਹੀ ਆਈ ਹੈ।ਉਸ ਨੂੰ ਪੁਛਿਆ ਕਿ ਅਗਰ ਤੁਸੀ ਸਿਰਫ ਦੋ ਦਿਨ ਹੀ ਆਏ ਹੋ ਤਾ ਸਰਕਾਰ ਜੋ ਆਂਗਣਵਾੜੀ ਕੇਦਰ ਦੇ ਲਈ ਪੈਸੇ ਭੇਜਦੀ ਹੈ ਉਸਦਾ ਕੀ ਬੰਨਿਆ?ਉਸਨੇ ਸਾਰੇ ਪਿੰਡ ਦੇ ਸਾਹਮਣੇ ਕਬੂਲ ਕੀਤਾ ਕਿ ਉਹ ਸਾਰਾ ਪੈਸਾ ਖਾ ਗਈ।

ਹੁਣ ਆਪ ਸੋਚੋ ਕਿ ਜੇ ਗ੍ਰਾਮ ਸਭਾ ਨੂੰ ਇਹ ਤਾਕਤ ਨਾ ਦਿੱਤੀ ਜਾਦੀ ਲੋਕਾਂ ਦੇ ਕੋਲ ਕੀ ਚਾਰਾ ਸੀ?ਆਂਗਣਵਾੜੀ ਵਰਕਰ ਨਹੀ ਸੀ ਆ ਰਹੀ ਉਸਨੇ ਪੈਸੇ ਦਾ ਗਬਨ ਕੀਤਾ ਹੈ,ਤਾ ਲੋਕ ਕੀ ਕਰ ਸਕਦੇ ਸੀ?ਲੋਕਾਂ ਦੇ ਕੋਲ ਇਕ ਹੀ ਚਾਰਾ ਸੀ ਕਿ

ਉਹ ਆਂਗਣਵਾੜੀ ਦੇ ਕਿਸੇ ਨਿਰਦੇਸਕ ਦੇ ਕੋਲ ਉਸਦੀ ਸਕਾਇਤ ਕਰਦੇ।ਜਾ ਤਾ ਉਸ ਸਕਾਇਤ ਨੂੰ ਰੱਦੀ ਦੀ ਟੋਕਰੀ ਵਿਚ ਸਿੱਟ ਦਿੱਤਾ ਜਾਦਾ।ਜੇ ਕੋਈ ਚੰਗਾ ਅਧਿਕਾਰੀ ਹੁੰਦਾ ਤਾ ਉਸ ਤੇ ਕੋਈ ਜਾਚ ਬਿਠਾ ਦਿੰਦਾ।ਜਾਚ ਅਧਿਕਾਰੀ ਉਸ ਪਿੰਡ ਵਿਚ ਜਾਦਾ ਉਸ ਆਂਗਣਵਾੜੀ ਵਰਕਰ ਤੋ ਰਿਸਵਤ ਲੈਦਾ ਤੇ ਕਾਗਜ਼ਾ ਵਿਚ ਲਿਖ ਦਿੰਦਾ ਕਿ ਇਹ ਤਾ ਪਿਛਲੇ 6 ਮਹੀਨਿਆਂ ਤੋ ਲੱਗਾਤਾਰ ਆ ਰਹੀ ਹੈ।ਇਹਨਾ ਸਕਾਇਤਾਂ ਦਾ ਕੋਈ ਅਧਾਰ ਨਹੀ ਹੈ।ਸਕਾਇਤਾਂ ਨੂੰ ਖਾਰਜ ਕਰ ਦਿੱਤਾ ਜਾਵੇ।ਉਸਦੇ ਬਾਅਦ ਲੋਕ ਧਰਨਾ ਲਾਉਦੇ ਪ੍ਰਦਰਸਨ ਕਰਦੇ ਰਹਿੰਦੇ ਉਸ ਵਿਚੋ ਕੁਝ ਨਹੀ ਸੀ ਨਿਕਲਣਾ।

ਲੇਕਿਨ ਜਦੋ ਪਿੰਡ ਦੇ ਲੋਕਾਂ ਨੂੰ ਸਿੱਧੇ ਸਿੱਧੇ ਸੱਤਾ ਦਿੱਤੀ ਗਈ,ਨਿਰਣਾ ਲੈਣ ਦਾ ਅਧਿਕਾਰ ਦੇ ਦਿੱਤਾ ਗਿਆ ਤਾ ਕਿਸੇ ਵੀ ਜਾਚ ਦੀ ਜਰੂਰਤ ਨਹੀ ਪਈ।ਉਸ ਔਰਤ ਨੇ ਸਾਰੇ ਪਿੰਡ ਦੇ ਸਾਹਮਣੇ 2 ਮਿੰਨਟ ਵਿਚ ਮੰਨ ਲਿਆ ਕੇ ਉਹ 6 ਮਹੀਨਿਆਂ ਵਿਚ ਸਿਰਫ 2 ਦਿਨ ਹੀ ਆਈ ਸੀ ਤੇ ਉਸਨੇ ਪੈਸੇ ਦਾ ਗਬਨ ਕੀਤਾ ਹੈ।

ਆਓ ਦੇਖੀਏ ਜਿਵੇ ਹੀ ਉਸਨੇ ਆਪਣਾ ਗੁਨਾਹ ਕਬੂਲ ਕੀਤਾ ਤਾ ਕੁਝ ਲੜਕੇ ਖੜੇ ਹੋ ਗਏ ਤੇ ਕਿਹਾ ਕਿ ਇਸ ਔਰਤ ਨੂੰ ਕੰਮ ਤੋ ਕੱਢੋ।ਕੁਝ ਬਜੁਰਗਾਂ ਨੇ ਖੜੇ ਹੋ ਕਿ ਕਿਹਾ ਕੇ ਸਾਡਾ ਮਕਸਦ ਇਸ ਨੂੰ ਕੱਢਣਾ ਨਹੀ ਹੈ ਇਸ ਨੂੰ ਸੁਧਾਰਨਾ ਹੈ।ਅਸੀ ਇਸ ਨੂੰ 10 ਦਿਨ ਦਾ ਸਮਾਂ ਦਿੰਦੇ ਹਾ।ਜੇ ਇਹ 10 ਦਿਨਾਂ ਵਿਚ ਸੁਧਰ ਗਈ ਤਾ ਠੀਕ ਹੈ।ਨਹੀ ਫਿਰ ਦੁਬਾਰਾ ਗ੍ਰਾਮ ਸਭਾ ਦੀ ਮੀਟਿੰਗ ਬੁਲਾਕੇ ਪਿੰਡ ਨੂੰ ਇੱਕਠਾ ਕਰਕੇ ਅਸੀ ਇਸ ਨੂੰ ਕੱਢ ਦਿਆਗੇ।ਉਹ ਔਰਤ ਸੁਧਰ ਗਈ।ਉਸ ਨੂੰ ਕੱਢਣ ਦੀ ਜਰੂਰਤ ਨਹੀ ਪਈ।

# ਜਦੋ ਜਨਤਾ ਨਿਰਣਾ ਕਰੇਗੀ ..........................................................................

ਆਓ ਦੇਖੀਏ ਜੇ ਸਵਰਾਜ ਆਵੇਗਾ ਤਾ ਕਾਨੂੰਨੀ ਤੌਰ ਤੇ ਸਿੱਧਾ ਜਨਤਾ ਨੂੰ ਤਾਕਤ ਦਿੱਤੀ ਜਾਵੇ ਤਾ ਅਲੱਗ ਅਲੱਗ ਖੇਤਰਾਂ ਵਿਚ ਸੁਧਾਰ ਹੋਣ ਦੀਆਂ ਸੰਭਾਵਨਾਂਵਾਂ ਪੈਦਾ ਹੋ ਜਾਦੀਆਂ ਹਨ।ਵੈਸੇ ਤਾ ਸਾਰੇ ਖੇਤਰਾਂ ਵਿਚ ਹੀ ਸੁਧਾਰ ਦੀਆਂ ਸੰਭਾਵਨਾਵਾਂ ਹਨ ਹੇਠਾਂ ਕੁਝ ਉਦਾਹਰਣਾਂ ਹਨ।

## ਸਿਖਿਆਂ ਵਿਚ ਸੁਧਾਰ :

ਅੱਜ ਸਰਕਾਰੀ ਸਕੂਲਾਂ ਦੀ ਹਾਲਤ ਬਹੁਤ ਹੀ ਮਾੜੀ ਹੈ।ਠੀਕ ਢੰਗ ਨਾਲ ਪੜਾਈ ਨਹੀ ਹੁੰਦੀ।ਬੱਚਿਆਂ ਦੇ ਬੈਠਣ ਲਈ ਡੈਸਕ ਨਹੀ ਹਨ।ਪੱਖੇ ਨਹੀ,ਪੀਣ ਦੇ ਪਾਣੀ ਦਾ ਪ੍ਰਬੰਧ ਨਹੀ ਹੈ।ਬਾਸਰੂਮਾਂ ਦਾ ਪ੍ਰਬੰਧ ਨਹੀ ਹੈ।ਤੇ ਲੋਕ ਜਦੋ ਵੀ ਸਰਕਾਰ ਨੂੰ,ਸਿਕਾਇਤ ਕਰਦੇ ਹਨ ਉਹ ਕੋਈ ਕਾਰਵਾਈ ਨਹੀ ਕਰਦੀ।

ਅਗਰ ਸਰਕਾਰ ਉਪਰੋ ਮੁੱਕਤ ਫੰਡ ਭੇਜੇਗੀ ਤਾ ਗ੍ਰਾਮ ਸਭਾ ਵਿਚ ਬੈਠ ਕੇ ਇਹ ਤਹਿ ਹੋਵੇਗਾ ਕਿ ਉਹਨਾਂ ਦੇ ਬੱਚਿਆਂ ਲਈ ਸਕੂਲ ਵਿਚ ਕੀ ਕੀ ਸਹੂਲਤਾਂ ਨਹੀ ਹਨ।ਸਿੱਧਾ ਸਿੱਧਾ ਉਸਦੇ ਬਾਰੇ ਵਿਚ ਹੀ ਫੈਸਲਾ ਕਰਨਗੇ।ਉਹਨਾਂ ਨੂੰ ਕਿਸੇ ਉਪਰਲੇ ਅਧਿਕਾਰੀ ਨਾਲ,ਕਿਸੇ ਨੇਤਾ ਨਾਲ ਜਾ ਰਾਜ ਸਰਕਾਰ ਤੇ ਮਨਜ਼ੂਰੀ ਲੈਣ ਦੀ ਜਰੂਰਤ ਨਹੀ ਪਵੇਗੀ,

ਉਸ ਤਰਾਂ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਕਮੀ ਹੈ।ਇਕ ਅਧਿਆਪਕ 200-300 ਬੱਚਿਆਂ ਨੂੰ ਪੜਾਉਦਾ ਹੈ। 3-4 ਕਲਾਸਾਂ ਦੇ ਬੱਚੇ ਇਕੱਠੇ ਕਰਕੇ ਇੱਕ ਹੀ ਅਧਿਆਪਕ ਹੀ ਪੜਾ ਰਿਹਾ ਹੈ।ਇਸ ਤਰਾਂ ਪੜਾਈ ਨਹੀ ਹੋ ਸਕਦੀ,ਪੜਾਈ ਦੇ ਨਾਮ ਤੇ ਤਮਾਸ਼ਾ ਹੋ ਸਕਦਾ ਹੈ।ਅਗਰ ਸਿੱਧਾ ਸਿੱਧਾ ਲੋਕਾਂ ਦੇ ਕੋਲ ਤਾਕਤ ਹੋਵੇਗੀ,ਤਾ ਗ੍ਰਾਮ ਸਭਾਵਾਂ ਵਿਚ ਬੈਠ ਕੇ ਲੋਕ ਆਪਸ ਵਿਚ ਸਲਾਹ ਕਰ ਸਕਦੇ ਹਨ ਤੇ ਫੈਸਲਾ ਲੈ ਸਕਣਗੇ ਕਿ ਸਾਡੇ ਇਥੇ ਕਿੰਨੇ ਅਧਿਆਪਕਾਂ ਦੀ ਕਮੀ ਹੈ।ਕਿੰਨੇ ਹੋਰ ਚਾਹੀਦੇ ਹਨ।ਫਿਰ ਉਹਨਾਂ ਨੂੰ ਰਾਜ ਸਰਕਾਰਾਂ ਨੂੰ ਲਿਖਣ ਦੀ ਜਰੂਰਤ ਨਹੀ ਹੋਵੇਗੀ।ਇਸ ਸਬਜੈਕਟ ਲਈ ਟੀਚਰ ਭਰਤੀ ਕਰੋ।ਉਹ ਆਪਣੀ ਗ੍ਰਾਮ ਦੀਸਭਾ ਵਿਚ ਬੈਠਣਗੇ ਕਿੰਨੇ ਟੀਚਰਾਂ ਦੀ ਜਰੂਰਤ ਹੈ ਤਹਿ

ਕਰਕੇ ਖੁਦ ਹੀ ਭਰਤੀ ਕਰਨਗੇ।

ਇਸੇ ਕਰਕੇ ਜੋ ਅੱਜ ਵੀ ਟੀਚਰ ਭਰਤੀ ਹਨ ਉਹ ਵੀ ਠੀਕ ਤਰਾ ਨਾਲ ਨਹੀ ਪੜਾਉਦੇ।ਮਹੀਨੇ ਦੇ ਅਖੀਰ ਵਿਚ ਆਉਦੇ ਹਨ ਤੇ ਤਨਖਾਹ ਲੈ ਜਾਦੇ ਹਨ।ਜੇ ਸਕੂਲ ਵਿਚ ਆ ਵੀ ਜਾਣ ਤਾ ਦਰਖਤਾਂ ਹੇਠਾਂ ਬੈਠ ਕਿ ਗੱਪਾਂ ਮਾਰਕੇ ਮੁੜ ਜਾਦੇ ਹਨ।ਬੱਚਿਆਂ ਨੂੰ ਪੜਾਉਦੇ ਨਹੀ,ਬੱਚੇ ਖੇੜਦੇ ਫਿਰਦੇ ਹਨ। ਅਗਰ ਗ੍ਰਾਮ ਸਭਾਵਾਂ ਨੂੰ ਤਾਕਤ ਦਿੱਤੀ ਹੋਵੇਗੀ ਤਾ ਇਹ ਅਧਿਆਪਕਾਂ ਨੂੰ ਤਲਬ ਕਰ ਸਕਣਗੇ।ਗ੍ਰਾਮ ਸਭਾ ਵਿਚ ਉਹਨਾਂ ਨੂੰ ਸਵਾਲ ਜੁਆਬ ਕਰ ਸਕਣਗੇ।ਜਰੂਰਤ ਪਵੇਗੀ ਤਾ ਉਹਨਾਂ ਨੂੰ ਸਜਾ ਵੀ ਦੇ ਸਕਣਗੇ।ਸਿੱਧਾ ਸਿੱਧਾ ਉਹਨਾਂ ਨੂੰ ਠੀਕ ਕਰਨ ਦੀ ਤਾਕਤ ਗ੍ਰਾਮ ਸਭਾ ਦੇ ਕੋਲ ਹੋਵੇਗੀ।

## ਸਿਹਤ ਸੇਵਾਵਾਂ ਵਿਚ ਸੁਧਾਰ :

ਉਸੇ ਤਰਾ ਹੀ ਸਿਹਤ ਸੇਵਾਵਾਂ ਨੂੰ ਲੈਦੇ ਹਾ।ਪਿੰਡ ਦੇ ਸਰਕਾਰੀ ਹਸਪਤਾਲ ਵਿਚ ਡਾਕਟਰ ਠੀਕ ਇਲਾਜ ਨਹੀ ਕਰ ਰਿਹਾ ਮਰੀਜਾਂ ਨੂੰ ਗਾਲਾਂ ਕੱਢਦੇ ਹਨ,ਬਦਤਮੀਜੀ ਕਰਦੇ ਹਨ।ਆਉਦੇ ਹੀ ਨਹੀ,ਦਵਾਈਆਂ ਚੋਰੀ ਹੋ ਜਾਦੀਆਂ ਹਨ।ਅਗਰ ਗ੍ਰਾਮ ਸਭਾਵਾਂ ਦੇ ਕੋਲ ਕੰਟਰੋਲ ਹੋਵੇਗਾ ਤਾ ਉਹ ਡਾਕਟਰਾਂ ਨੂੰ ਸਿੱਧੇ ਕਰ ਸਕਦੀ ਹੈ।ਉਹਨਾਂ ਨੂੰ ਸਵਾਲ ਜੁਆਬ ਪੁਛ ਸਕੇਗੀ,ਜਰੂਰਤ ਪੈਣ ਤੇ ਸਜਾਂ ਵੀ ਦੇ ਸਕਦੀ ਹੈ।ਅਗਰ ਹਸਪਤਾਲ ਵਿਚ ਦਵਾਈ ਦੀ ਘਾਟ ਹੋਵੇਗੀ ਤਾ ਗ੍ਰਾਮ ਸਭਾ ਮੁੱਕਤ ਮਿਲਣ ਵਾਲੇ ਫੰਡ ਵਿਚੋ ਮੰਗਵਾ ਸਕਦੀ ਹੈ।ਅਗਰ ਦਵਾਈਆਂ ਦੀ ਚੋਰੀ ਹੁੰਦੀ ਹੈ ਤਾ ਸਿੱਧਾ ਸਰਕਾਰੀ ਹਸਪਤਾਲ ਦੇ ਕਰਮਚਾਰੀਆਂ ਨੂੰ ਸਵਾਲ ਜੁਆਬ ਪੁੱਛ ਸਕਦੀ ਹੈ।ਉਹਨਾਂ ਨੂੰ ਸਜਾ ਵੀ ਦੇ ਸਕਦੀ ਹੈ।ਇਸ ਨਾਲ ਸਿੱਧਾ ਸਿੱਧਾ ਭਰਿਸਟਾਚਾਰ ਖਤਮ ਹੋਵੇਗਾ।ਕਿਉਕਿ ਅੱਜ ਭਰਿਸਟ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਨਹੀ ਹੁੰਦੀ ।ਜੇ ਗ੍ਰਾਮ ਸਭਾਵਾਂ ਦੇ ਕੋਲ ਕੰਟਰੋਲ ਹੋਵੇਗੀ ਤਾ ਉਹ ਭਰਿਸਟ ਅਧਿਕਾਰੀਆਂ ਨੂੰ ਤਲਬ ਕਰਕੇ ਸਜਾ ਵੀ ਦੇ ਸਕਦੇ ਹਨ।

## ਨਕਸਲਵਾਦ ਤੋ ਛੁੱਟਕਾਰਾ :

ਗ੍ਰਾਮ ਸਭਾਵਾਂ ਨੂੰ ਕੰਟਰੋਲ ਦੇਣ ਨਾਲ ਨਕਸਲਵਾਦ ਤੇ ਬਹੁਤ ਅਸਰ ਪਵੇਗਾ।ਇਸ ਲਈ ਇਕ ਉਦਾਹਰਣ ਦੇ ਕੇ ਸਮਝਾਉਣ ਦੀ ਕੋਸਿਸ ਕਰ ਰਹੇ ਹਾਂ।ਛੱਤੀਸਗੜ ਦੇ ਲੋਹਾਡੀਗੁੰਡਾ ਵਿਚ ਟਾਟਾ ਨੇ ਇਕ ਸਟੀਲ ਦਾ ਪਲਾਟ ਲਾਉਣਾ ਸੀ।ਉਸ ਦੇ ਲਈ 10 ਪਿੰਡਾਂ ਦੀ ਜ਼ਮੀਨ ਦੀ ਜਰੂਰਤ ਸੀ।ਇਹ 10 ਪਿੰਡ ਅਨਸੂਚਿਤ ਜਾਤੀ ਨਾਲ ਸਬੰਧਤ ਸਨ।ਉਥੇ

ਪੇਸਾ ਕਾਨੂੰਨ ਲਾਗੂ ਹੁੰਦਾ ਹੈ।ਪੇਸਾ ਕਾਨੂੰਨ ਕਹਿੰਦਾ ਹੈ ਕਿ ਅਗਰ ਸਰਕਾਰ ਉਥੇ ਦੀ ਜ਼ਮੀਨ ਅਕਉਇਅਰ ਕਰਨਾ ਚਾਹੁੰਦੀ ਹੈ ਤਾ ਉਸ ਨੂੰ ਗ੍ਰਾਮ ਸਭਾਵਾਂ ਨਾਲ ਵਿਚਾਰ ਕਰਨਾ ਪਵੇਗਾ।ਸਰਕਾਰ ਨੇ ਗ੍ਰਾਮ ਸਭਾਵਾਂ ਨੂੰ ਲਿਖਿਆ ਲੋਕਾਂ ਨੇ ਜ਼ਮੀਨ ਦੇਣ ਤੇ ਮਨਾ ਕਰ ਦਿੱਤਾ।ਸਰਕਾਰ ਨੇ ਦੁਬਾਰਾ ਬੇਨਤੀ ਕੀਤੀ।ਦੁਬਾਰਾ ਦੀ ਮੀਟਿੰਗ ਹੋਈ ਉਸ ਵਿਚ ਉਹਨਾਂ ਨੇ ਸਰਕਾਰ ਨੂੰ 15 ਸਰਤਾਂ ਰੱਖੀਆਂ ਤੇ ਕਿਹਾ ਕਿ ਜੇ ਉਹਨਾਂ ਨੂੰ ਜ਼ਮੀਨ ਚਾਹੀਦੀ ਹੈ ਤਾ ਸਾਡੀਆਂ ਸਰਤਾਂ ਮੰਨਣੀਆਂ ਪੈਣਗੀਆਂ ਤੇ ਅਸੀ ਜ਼ਮੀਨ ਦੇਣ ਨੂੰ ਤਿਆਰ ਹਾ।ਉਹ ਸਰਤਾਂ ਬਹੁਤ ਹੀ ਵਾਜਿਵ ਸਨ।ਜਿਵੇ ਇਕ ਸਰਤ ਸੀ ਕਿ ਸਾਨੂੰ ਜ਼ਮੀਨ ਦਾ ਐਨਾ ਮੁਆਵਜਾ ਮਿਲਣਾ ਚਾਹੀਦਾ ਹੈ,ਇਕ ਸਰਤ ਸੀ ਕਿ ਦਰਖਤ ਨਹੀ ਕੱਟੇ ਜਾਣਗੇ,ਜੇ ਕੱਟਣੇ ਪਏ ਤਾ ਇਤਨੇ ਦਰਖਤ ਲਾਉਣੇ ਹੋਣਗੇ।ਹਰ ਘਰ ਦੇ ਇਕ ਆਦਮੀ ਨੂੰ ਰੁਜਗਾਰ ਮਿਲੇਗਾ। ਸਾਰੀਆਂ ਮੰਗਾਂ ਜਾਇਜ ਸਨ।ਸਰਕਾਰ ਕੋਲ ਜਦੋ ਇਹ ਮੰਗਾਂ ਗਈਆਂ ਤਾ ਸਰਕਾਰ ਨੇ ਨਹੀ ਮੰਨੀਆਂ।ਜੋਰ ਜਬਰਦਸਤੀ ਨਾਲ ਪੁਲਿਸ ਭੇਜ਼ ਕਿ ਜ਼ਮੀਨਾ ਤੇ ਕਬਜੇ ਕਰ ਲਏ ਇਸ ਤੇ ਬਾਅਦ ਪਿੰਡ ਵਾਲਿਆ ਨੇ ਪਿੰਡ ਦੀਆਂ ਕੰਧਾਂ ਤੇ ਲਿਖ ਦਿੱਤਾ ਕਿ ਨਕਸਲੀਓ ਆਓ ਤੇ ਸਾਨੂੰ ਬਚਾਓ।ਸੁਣਨ ਵਿਚ ਆਇਆ ਹੈ ਕਿ ਇਹ 10 ਪਿੰਡ ਨਕਸਲੀਆਂ ਨਾਲ ਜੁੜ ਗਏ।

ਅਗਰ ਸਿੱਧਾ ਸਿੱਧਾ ਜਨਤਾ ਨੂੰ ਆਪਣੇ ਤੇ ਆਪਣੇ ਪਿੰਡ ਦੇ ਬਾਰੇ ਕੋਈ ਵੀ ਫੈਸਲਾ ਲੈਣ ਦੇ ਲਈ ਅਧਿਕਾਰ ਹੋਵੇਗਾ ਤਾ ਜਨਤਾ ਨਕਸਲੀਆਂ ਦੇ ਕੋਲ ਕਿਉ ਜਾਵੇਗੀ।ਉਹਨਾਂ ਦਾ ਸਾਥ ਕਿਉ ਦੇਵੇਗੀ।ਬਿਨਾ ਜਨ ਅਧਾਰ ਤੋ ਲੋਕਾਂ ਦੇ ਸਹਿਯੋਗ ਦੇ ਨਕਸਲਵਾਦ ਨਹੀ ਰਹਿ ਸਕੇਗਾ।

## ਨਸ਼ਾ-ਬੰਦੀ ਵਿਚ ਸਫਲਤਾ:

ਦਿੱਲੀ ਦੇ ਕੁਝ ਵਾਰਡਾਂ ਵਿਚ ਪਿਛਲੇ ਇਕ ਸਾਲ ਤੋ ਗ੍ਰਾਮ ਸਭਾਵਾਂ ਚੱਲ ਰਹੀਆਂ ਹਨ।ਹਰ ਮਹੀਨੇ ਮਹੱਲੇ ਦੇ ਲੋਕ,ਉਥੇ ਦੇ ਅਧਿਕਾਰੀ,ਉਥੇ ਦੇ ਨੇਤਾ ਇੱਕਠੇ ਹੁੰਦੇ ਹਨ।ਇਲਾਕੇ ਦੇ ਵਿਕਾਸ ਦੇ ਬਾਰੇ ਵਿਚ ਚਰਚਾ ਹੁੰਦੀ ਹੈ।ਸੋਨੀਆਂ ਵਿਹਾਰ ਵਿਚ ਅਜਿਹੀ ਹੀ ਗ੍ਰਾਮ ਸਭਾ ਵਿਚ ਇਕ ਲੜਕੇ ਨੇ ਖੜਾ ਹੋ ਕੇ ਕਿਹਾ ਕਿ ਸਾਡੇ ਮਹੱਲੇ ਵਿਚ ਦਾਰੂ ਦੀ ਦੁਕਾਨ ਬਹੁਤ ਦੂਰ ਹੈ ਦੁਕਾਨ ਸਾਡੀ ਕਲੋਨੀ ਵਿਚ ਖੁਲਣੀ ਚਾਹੀਦੀ ਹੈ।ਦਾਰੂ ਦੀ ਦੁਕਾਨ ਦਾ ਪ੍ਰਸਤਾਵ ਖਾਰਜ ਕਰ ਦਿੱਤਾ ਉਸ ਦਿਨ ਲੱਗਿਆ ਕਿ ਭਰੀ ਸਭਾ ਵਿਚ ਗਲਤ ਪ੍ਰਸਤਾਵ ਰੱਖਣਾ ਬਹੁੱਤ ਹੀ ਮੁਸਕਿਲ ਹੁੰਦਾ ਹੈ। ਅੱਜ ਕਿਸੇ ਵੀ ਇਲਾਕੇ ਵਿਚ ਦਾਰੂ ਦੀ ਦੁਕਾਨ ਖੋਲਣ ਦੇ ਲਈ ਨੇਤਾ ਤੇ ਅਫਸਰ ਦੀ ਮਨਜ਼ੂਹੀ ਲੈਣੀ ਪੈਦੀ ਹੈ।ਲੋਕਾਂ ਨੂੰ ਤਾ ਪੁਛਿਆ ਹੀ ਨਹੀ ਜਾਦਾ।ਨੇਤਾ ਤੇ ਅਫਸਰ ਤਾ ਰਿਸਵਤ ਲੈ ਕੇ ਜਾ ਦਬਾਉ ਪਾਕੇ ਮਨਜ਼ਰੀ ਦੇ ਦਿੰਦੇ ਹਨ।ਜੇ ਇਹ ਕਾਨੂੰਨ ਬਣਾ ਦਿੱਤਾ ਜਾਵੇ ਕਿ ਕਿਸੇ ਵੀ ਇਲਾਕੇ ਵਿਚ ਦਾਰੂ ਦੀ ਦੁਕਾਨ ਗ੍ਰਾਮ ਸਭਾ ਦੀ ਮਨਜ਼ੂਰੀ ਤੇ ਬਿਨਾ ਨਹੀ ਖੋਲੀ ਜਾ ਸਕਦੀ।ਤਾ ਦਾਰੂ ਦੀ ਦੁਕਾਨ ਖੋਲਣਾ

ਬਹੁਤ ਮੁਸਕਲ ਹੋ ਜਾਵੇਗਾ।ਨਸਾਬੰਦੀ ਵੱਲ ਇਕ ਠੋਸ ਕਦਮ ਹੈ।

## ਗਰੀਬੀ ਭੁੱਖਮਰੀ ਤੇ ਬੇਰੁਜ਼ਗਾਰੀ ਦਾ ਅੰਤ :

ਅਗਰ ਸਿੱਧਾ ਲੋਕਾਂ ਨੂੰ ਤਾਕਤ ਦਿੰਤੀ ਜਾਵੇ ਤਾ ਇਸ ਦਾ ਸਭ ਤੋ ਵੱਡਾ ਅਸਰ ਗਰੀਬੀ ਤੇ ਬੇਰੁਜਗਾਰੀ ਤੇ ਪਵੇਗਾ।ਜਿਵੇ ਕਿ ਇਸ ਕਿਤਾਬ ਵਿਚ ਲਿਖਿਆ ਹੈ ਕਿ ਪਿੰਡ ਵਿਚ ਮੁਫੱਤ ਫੰਡ ਆਵੇਗਾ ਤਾ ਲੋਕ ਗ੍ਰਾਮ ਸਭਾਵਾਂ ਵਿਚ ਬੈਠ ਕਿ ਤਹਿ ਕਰਨਗੇ ਕਿ ਆਪਣੇ ਪਿੰਡ ਵਿਚ ਸਭ ਤੋ ਵੱਧ ਗਰੀਬ ਕੌਣ ਹੈ?ਉਸਦੀ ਅਸੀ ਮਦਦ ਕਰਨੀ ਹੈ।ਉਸ ਨੂੰ ਅਸੀ ਰਾਸਨ ਦੇਣਾ ਹੈ।ਕਿਸੇ ਨੂੰ ਭੁੱਖਾ ਨਹੀ ਰਹਿਣ ਦੇਣਾ।ਹਰੇਕ ਦੇ ਸਿਰ ਤੇ ਛੱਤ ਹੋਣੀ ਚਾਹੀਦੀ ਹੈ। ਹਰ ਬੱਚਾ ਸਕੂਲ ਜਾਣਾ ਚਾਹੀਦਾ ਹੈ।

ਅਗਰ ਕੋਈ ਕੰਮ ਕਰਨਾ ਚਾਹੰਦਾ ਹੈ ਤਾ ਗ੍ਰਾਮ ਸਭਾ ਉਸ ਨੂੰ ਮੁੱਕਤ ਫੰਡ ਵਿਚੋ ਕਰਜਾ ਦੇ ਸਕੇਗੀ।ਅੱਜ ਉਹ ਸਾਹੂਕਾਰ ਦੇ ਚੁਗੰਲ ਵਿਚ ਫੰਸ ਕਿ 150% ਵਿਆਜ ਤੇ ਕਰਜਾ ਲੈ ਰਿਹਾ ਹੈ।ਪੂਰੀ ਜ਼ਿੰਦਗੀ ਹੀ ਉਸ ਦੇ ਚੁੰਗਲ ਵਿਚੋ ਨਹੀ ਨਿਕਲ ਸਕਦਾ।

ਉਸੇ ਤਰਾ ਹੀ ਇਸ ਦੇਸ ਦਾ ਕਿਸਾਨ ਆਤਮਹੱਤਿਆਂ ਕਰ ਰਿਹਾ ਹੈ।ਕਿਉਕਿ ਸਾਹੂਕਾਰਾਂ ਤੋ ਕਰਜਾ ਲੈਦੇ ਹਨ ਤੇ ਫਿਰ ਕਰਜਾ ਮੋੜ ਨਹੀ ਸਕਦੇ।ਗ੍ਰਾਮ ਸਭਾਵਾਂ ਅਜਿਹੇ ਕਿਸਾਨਾ ਨੂੰ ਕਰਜਾ ਦੇਵੇਗੀ।

ਜੇ ਗ੍ਰਾਮ ਸਭਾ ਦੇ ਕੋਲ ਮੁੱਕਤ ਫੰਡ ਮਿਲੇਗਾ ਉਹ ਆਪਣੇ ਪਿੰਡ ਵਿਚ ਸਾਬਣ ਦੀ ਫੈਕਟਰੀ,ਤੇਲ ਦੀ ਮਿੱਲ,ਚੌਲਾਂ ਦੀ ਮਿੱਲ,ਆਟਾ ਚੱਕੀ ਆਦਿ ਲਾ ਸਕਦੇ ਹਨ।ਵੱਖ ਵੱਖ ਕਿਸਮ ਦੇ ਉਦਯੋਗ ਲੱਗ ਸਕਦੇ ਹਨ।ਇਹਨਾਂ ਉਦਯੋਗਾਂ ਵਿਚ ਰੁਜਗਾਰ ਮਿਲੇਗਾ।ਉਹਨਾਂ ਦੀ ਗਰੀਬੀ ਦੂਰ ਹੋਵੇਗੀ। ਗ੍ਰਾਮ ਸਭਾਵਾਂ ਨੂੰ ਸਿੱਧਾ ਮੁੱਕਤ ਫੰਡ ਭੇਜਣਾ ਇਕ ਅਜਿਹਾ ਰਾਮ ਬਾਣ ਹੈ ਜਿਸ ਨਾਲ ਲੋਕਾਂ ਦੀ ਆਮਦਨੀ ਵੱਧੇਗੀ ਤੇ ਗਰੀਬੀ ਤੇ ਬਰੁਜ਼ਗਾਰੀ ਤੇ ਕਾਫੀ ਹੱਦ ਤਕ ਛੁੱਟਕਾਰਾ ਮਿਲੇਗਾ।

# ਬੇਕਾਰ ਦੇ ਸ਼ੱਕ ਤੇ ਭਰਮ..........................................................................................

ਜਦੋ ਲੋਕਾਂ ਨੂੰ ਸੱਤਾ ਦੇਣ ਦੀ ਗੱਲ ਆਉਦੀ ਹੈ ਲੋਕਾਂ ਦੇ ਮਨਾਂ ਵਿਚ ਕਈ ਤਰਾ ਦੇ ਸੱਕ ਤੇ ਭਰਮ ਆ ਜਾਦੇ ਹਨ।ਜਿਨ੍ਹਾਂ ਨੂੰ ਦੂਰ ਕਰਨ ਦੀ ਕੋਸਿਸ ਅਸੀ ਹੇਠਾਂ ਕਰਾਗੇ

## ਦਲਿੱਤਾਂ ਤੇ ਅੱਤਿਆਚਾਰ :

ਕੁਝ ਲੋਕਾਂ ਨੂੰ ਇਹ ਵੀ ਸ਼ੰਕਾ ਹੈ ਕਿ ਅਗਰ ਗ੍ਰਾਮ ਸਭਾ ਨੂੰ ਤਾਕਤ ਦਿੱਤੀ ਜਾਦੀ ਹੈ ਤਾਂ ਦਲਿੱਤਾਂ ਤੇ ਅੱਤਿਆਚਾਰ ਵੱਧਣਗੇ।ਇਸਦਾ ਜੁਆਬ ਲੱਭਣ ਦੇ ਲਈ ਅਸੀ ਬਿਹਾਰ ਦੇ ਕੁਝ ਦਲਿੱਤ ਇਲਾਕਿਆਂ ਵਿਚ ਗਏ।ਉਹਨਾਂ ਨੂੰ ਸਵਰਾਜ ਦੇ ਬਾਰੇ ਵਿਚ ਸਮਝਾਇਆਂ ਤੇ ਉਹਨਾਂ ਨੂੰ ਸਿੱਧਾ ਪੁਛਿਆ ਕਿ ਅਗਰ ਗ੍ਰਾਮ ਸਭਾ ਨੂੰ ਵੱਧ ਅਧਿਕਾਰ ਦਿੱੱਤੇ ਜਾਦੇ ਹਨ ਤਾ ਕੀ ਉਹਨਾਂ ਤੇ ਅੱਤਿਆਚਾਰ ਵੱਧਣਗੇ?ਉਹਨਾਂ ਦੇ ਇਸ ਬਾਰੇ ਵਿਚ ਕੀ ਵਿਚਾਰ ਹਨ?ਦਲਿੱਤਾਂ ਦਾ ਇਹ ਮੰਨਣਾ ਹੈ ਕਿ ਅਜਿਹੀ ਸਥਿਤੀ ਆਉਣ ਨਾਲ ਉਹਨਾ ਦੇ ਕੋਲ ਸਘੰਰਸ ਦੇ ਹੋਰ ਮੌਕੇ ਵੱਧ ਜਾਣਗੇ।ਅੱਜ ਜੇ ਕਿਸੇ ਦਲਿੱਤ ਤੇ ਕਿਸੇ ਪਿੰਡ ਵਿਚ ਅੱਤਿਆਚਾਰ ਹੁੰਦਾ ਹੈ ਤਾ ਉਹ ਕਿਧਰ ਜਾਦਾ ਹੈ?ਅਜ ਦੇ ਸਮੇ ਉਸਦੇ ਨਾਲ ਕੌਣ ਹੈ?ਕੋਈ ਨਹੀ ਹੈ।ਇਹ ਪੂਰੀ ਦੀ ਪੂਰੀ ਵਿਵਸਥਾ ਉਸ ਦਾ ਸੋਸਨ ਕਰਨ ਵਾਲਿਆਂ ਦੇ ਨਾਲ ਹੈ।ਉਸ ਪਿੰਡ ਦਾ ਪੁਲਿਸ ਵਾਲਾ ਸੋਸਨ ਕਰਨ ਵਾਲਿਆਂ ਦੇ ਨਾਲ ,ਜਿਲਾ ਕੁਲੈਕਟਰ,ਬੀ.ਡੀ.ਓ.,ਤਹਿਸੀਲਦਾਰ ਇਹ ਸਾਰੇ ਸ਼ੋਸਨ ਕਰਨ ਵਾਲਿਆਂ ਦੇ ਏਜੰਟਾਂ ਦੇ ਰੂਪ ਵਿਚ ਕੰਮ ਕਰਦੇ ਹਨ।ਤੇ ਫਿਰ ਜਿਸ ਵੀ ਦਲਿੱਤ ਦਾ ਸ਼ੋਸਨ ਹੁੰਦਾ ਉਹ ਕਿਥੇ ਜਾਵੇ?ਅਗਰ ਉਸ ਪਿੰਡ ਦੇ ਸਾਰੇ ਦਲਿੱਤ ਇਕਠੇ ਵੀ ਹੋ ਜਾਣ ਤਾ ਕੀ ਕਰ ਸਕਦੇ ਹਨ ਵੱਧ ਤੋ ਵੱਧ ਕੁਲੈਕਟਰ ਦੇ ਸਾਹਮਣੇ ਧਰਨਾ ਪ੍ਰਦਰਸਨ ਤੋ ਇਲਾਵਾ ਕੋਈ ਚਾਰਾ ਨਹੀ ਹੈ।ਦਲਿੱਤਾਂ ਨੇ ਸਾਨੂੰ ਕਿਹਾ ਕਿ ਜੇ ਗ੍ਰਾਮ ਸਭਾ ਨੂੰ ਸਿੱਧਾ ਅਧਿਕਾਰ ਦੇ ਦਿੱਤਾ ਜਾਵੇ,ਅਗਰ ਦਲਿੱਤ ਇਕੱਠੇ ਹੋ ਜਾਦੇ ਹਨ ਤਾ ਗ੍ਰਾਮ ਸਭਾ ਦੀ ਮੀਟਿੰਗ ਵਿਚ ਉਹ ਇੱਕਠੇ ਹੋ ਕਿ ਆਪਣੀ ਅਵਾਜ ਨੂੰ ਰੱਖਣ ਦੀ ਕੋਸਿਸ ਕਰ ਸਕਦੇ ਹਨ।ਉਹਨਾ ਦੇ ਲਈ ਸੰਘਰਸ ਕਰ ਸਕਦੇ ਹਨ।ਉੱਚੀਆਂ ਜਾਤਾਂ ਵਿਚ ਵੀ ਕਈ ਅਜਿਹੇ ਲੋਕ ਹੋ ਸਕਦੇ ਹਨ ਜੋ ਦਲਿਤਾਂ ਦਾ ਸਾਥ ਦੇਣਾ ਚਾਹੁੰਦੇ ਹਨ।ਉਹ ਪਿੰਡ ਵਿਚ ਉਹਨਾਂ ਨੂੰ ਸ਼ੋਸਿਤ ਹੁੰਦਾ ਦੇਖਦੇ ਰਹਿੰਦੇ ਹਨ ਤੇ ਉਹ ਦਲਿਤਾਂ ਦਾ ਸਾਥ ਦੇਣਾਂ ਚਾਹੁੰਦੇ

ਹਨ।ਲੇਕਿਨ ਅੱਜ ਉਹ ਕੁਝ ਨਹੀ ਕਰ ਸਕਦੇ।ਕਿਉਕਿ ਉਹਨਾ ਦੀ ਅਵਾਜ ਸੁਣਨ ਵਾਲਾ ਕੋਈ ਨਹੀ ਹੈ।ਅੱਜ ਦੀ ਵਿਵਸਥਾ ਵਿਚ ਉਹਨਾਂ ਦੀ ਕੋਈ ਭੂਮਿਕਾ ਨਹੀ ਹੈ।ਅਗਰ ਗ੍ਰਾਮ ਸਭਾ ਹੋਵੇਗੀ ਤਾਂ ਅਜਿਹੇ ਲੋਕ ਵੀ ਆਪਣੀ ਅਵਾਜ ਬੁਲੰਦ ਕਰ ਸਕਦੇ ਹਨ।ਉਹ ਦਲਿਤਾਂ ਦੇ ਹੱਕ ਵਿਚ ਬੋਲਣਗੇ।ਦਲਿਤਾਂ ਦੇ ਨਾਲ ਗਲਬਾਤ ਕਰਨ ਤੇ ਉਹਨਾਂ ਨੇ ਇਹ ਗੱਲ ਕਹੀ।

ਇਸ ਤੋ ਇਲਾਵਾ ਸਵਰਾਜ ਦੀ ਵਿਵਸਥਾ ਵਿਚ ਦਲਿਤਾਂ ਦੇ ਸੰਘਰਸ ਦੇ ਲਈ ਇਕ ਰਸਤਾ ਖੁੱਲੇਗਾ।ਨਵੀ ਵਿਵਸਥਾ ਵਿਚ ਲੋਕਪਾਲ ਹੋਦ ਵਿਚ ਲਿਆਦਾ ਜਾਵੇਗਾ।ਅਗਰ ਕਿਸੇ ਪਿੰਡ ਦੇ ਲੋਕਾਂ ਨੂੰ ਗ੍ਰਾਮ ਸਭਾ ਵਿਚ ਆਉਣ ਤੋ ਰੋਕਿਆ ਜਾਵੇਗਾ ਤੇ ਉਹਨਾਂ ਦੀਆਂ ਗੱਲਾਂ ਨੂੰ ਨਹੀ ਲਿਖਿਆ ਜਾਦ ਤਾ ਉਹ ਲੋਕ ਪਾਲ ਕੋਲ ਸਿਕਾਇਤ ਕਰ ਸਕਦੇ ਹਨ।ਲੋਕਪਾਲ ਦੀ ਜੁੰਮੇਵਾਰੀ ਹੋਵੇਗੀ ਕਿ ਉਹ ਕਿਸੇ ਹੋਰ ਦਿਨ ਪਿੰਡ ਦੀ ਗ੍ਰਾਮ ਸਭਾ ਬੁਲਾਕੇ ਆਪਣੀ ਨਿਗਰਾਨੀ ਵਿਚ ਇਹ ਦੇਖੇ ਕਿ ਉਥੇ ਸਾਰਿਆ ਲੋਕਾਂ ਨੂੰ ਆਣ ਦਿੱਤਾ ਜਾਦਾ ਹੈ।

ਇਸ ਨਵੀ ਪ੍ਰਣਾਲੀ ਵਿਚ ਦਲਿਤਾਂ ਦੇ ਕੋਲ ਲੜਨ ਦੇ ਲਈ ਤਿੰਨ ਚਾਰ ਮੌਕੇ ਮਿਲਣਗੇ।ਇਸ ਨਵੀ ਵਿਵਸਥਾ ਵਿਚ ਦਲਿਤਾਂ ਦੇ ਲਈ ਤਰੁੰਤ ਸੁਧਾਰ ਹੋਵੇਗਾ ਅਜਿਹਾ ਨਹੀ ਹੈ।ਮੇਰਾ ਸਵਾਲ ਹੈ ਕਿ ਅੱਜ ਜਦੋ ਸਾਰੀ ਹੀ ਰਾਜਨੀਤਕ ਸੱਤਾ ਸਰਪੰਚ ਦੇ ਅੰਦਰ ਹੀ ਸੀਮਿਤ ਹੈ।ਇਸ ਵਿਵਸਥਾ ਵਿਚ ਰਾਜਨੀਤਕ ਸੱਤਾ ਦਾ ਦੁਰਉਪਯੋਗ ਦੇ ਜਿਆਦਾ ਮੌਕੇ ਹਨ।ਜਦੋ ਤੱਕ ਸਾਰੀ ਦੀ ਸਾਰੀ ਸੱਤਾ ਸਰਪੰਚਾਂ ਤੇ ਖੋਹ ਕਿ ਗ੍ਰਾਮ ਸਭਾ ਨੂੰ ਦਿੱਤੀ ਜਾਵੇ ਉਸ ਨਾਲ ਸ਼ੋਸਨ ਦੇ ਅਸਾਰ ਜਿਆਦਾ ਹਨ?ਸਾਨੂੰ ਲੱਗਦਾ ਹੈ ਕਿ ਗ੍ਰਾਮ ਸਭਾ ਨੂੰ ਸੱਤਾ ਦੇਣ ਨਾਲ ਸ਼ੋਸਨ ਹੋਣ ਦੇ ਘੱਟ ਅਵਸਰ ਹਨ।ਜਦੋ ਤੱਕ ਸਰਪੰਚ ਦੇ ਕੋਲ ਸਾਰੀ ਤਾਕਤ ਹੈ ਉਸ ਨਾਲ ਸ਼ੋਸਨ ਦੇ ਜਿਆਦਾ ਮੌਕੇ ਹਨ।

ਘੱਟੋ ਘੱਟ ਇਹ ਕਹਿਣਾ ਤਾ ਸਰਾਸਰ ਗਲਤ ਹੋਵੇਗਾ ਕਿ ਗ੍ਰਾਮ ਸਭਾ ਨੂੰ ਸੱਤਾ ਦੇਣ ਨਾਲ ਦਲਿਤਾਂ ਤੇ ਅੱਤਿਆਚਾਰ ਵੱਧੇਗਾ।ਉਹਨਾਂ ਦੀ ਸਥਿਤੀ ਵਿਚ ਸੁਧਾਰ ਆਵੇ ਜਾਂ ਨਾ ਅੱਤਿਆਚਾਰ ਵੱਧਣ ਦੇ ਕੋਈ ਅਸਾਰ ਨਹੀ ਹਨ।ਫਿਰ ਅਜ ਦੀ ਵਿਵਸਥਾ ਵਿਚ ਸਧਾਰਨ ਦਲਿਤਾਂ ਦੇ ਕੋਲ ਹੈ ਉਹ ਤਾ ਰਹੇਗਾ ਹੀ ਉਹ ਖਤਮ ਨਹੀ ਕੀਤਾ ਜਾਵੇਗਾ।

## ਖਾਪ ਪੰਚਾਇਤਾਂ ਦਾ ਡਰ :

ਕੁਝ ਲੋਕ ਖਾਪ ਪੰਚਾਇਤਾਂ ਦੀ ਉਦਾਹਰਣ ਦਿੰਦੇ ਹਨ।ਇਹ ਖਾਪ ਪੰਚਾਇਤ ਲੜਕੇ ਤੇ ਲੜਕੀ ਨੂੰ ਮਰਵਾ ਦਿੰਦੀ ਹੈ।ਕੀ ਖਾਪ ਪੰਚਾਇਤਾਂ ਦੇ ਵਾਗੂ ਗ੍ਰਾਮ ਸਭਾ ਵੀ ਗਲਤ ਫੈਸਲੇ ਨਹੀ ਕਰੇਗੀ?

ਖਾਪ ਪੰਚਾਇਤਾਂ ਨੇ ਵਾਕਿਆਂ ਹੀ ਅਜਿਹੇ ਫੈਸਲੇ ਕੀਤੇ ਹਨ ਜਾ ਨਹੀ,ਇਹ ਵੀ ਇਕ ਵਿਵਾਦ ਹੈ।ਇਸ ਵਿਵਾਦ ਵਿਚ ਪੈਣ ਤੋ ਬਿਨਾ ਅਸੀ ਕੇਵਲ ਇਹ ਕਹਿਣਾ ਚਹੁੰਦੇ ਹਾ ਕਿ ਕਾਨੂੰਨਣ ਗ੍ਰਾਮ ਸਭਾ ਨੂੰ ਨਾ ਤਾ ਇਹ ਅਧਿਕਾਰ ਹੈ।ਤੇ ਨਾ ਹੀ ਉਹਨਾਂ ਨੂੰ ਇਹ ਅਧਿਕਾਰ ਦਿੱਤਾ ਜਵੇਗਾ ਕਿ ਉਹ ਕਿਸੇ ਨੂੰ ਮਾਰਨ ਦਾ ਉਦੇਸ ਦੇ ਸਕਣ,ਇਹ ਫੈਸਲਾ ਨਹੀ ਮੰਨਿਆ ਜਾਵੇਗਾ।ਇਹ ਫੈਸਲਾ ਗੈਰ ਕਾਨੂੰਨੀ ਹੋਵੇਗਾ।ਕਿਉਕਿ ਜਿਸ ਅਵਸਥਾ ਦੀ ਅਸੀ ਗੱਲ ਕਰਦੇ ਹਾ ਉਸ ਵਿਵਸਥਾਂ ਵਿਚ ਗ੍ਰਾਮ ਸਭਾ ਕਾਨੂੰਨ ਦੇ ਦਾਇਰੇ ਵਿਚ ਰਹਿਕੇ ਹੀ ਫੈਸਲੇ ਕਰੇਗੀ।ਸੰਵਿਧਾਨ ਜਾ ਕਾਨੂੰਨ ਦੇ ਦਾਇਰੇ ਤੋ ਬਾਹਰ ਜਾ ਕੇ ਫੈਸਲੇ ਲੈਣ ਦਾ ਅਧਿਕਾਰ ਤੇ ਇਜਜਾਤ ਗ੍ਰਾਮ ਸਭਾ ਨੂੰ ਨਹੀ ਹੋਵੇਗੀ।ਕਿਸੇ ਨੂੰ ਮਰਵਾਉਣਾ,ਕੁੱਟਵਾਉਣਾ,ਕਿਸੇ ਨੂੰ ਫਾਸੀ ਦੇਣਾ ਇਹ ਕਾਨੂੰਨ ਦੇ ਖਿਲਾਫ ਹੈ।ਇਸ ਤਰਾ ਤਾ ਮੰਨ ਲਈਏ ਕੱਲ ਨੂੰ ਕੋਈ ਗ੍ਰਾਮ ਸਭਾ ਖੜੀ ਹੋ ਕੇ ਕਹਿ ਦੇਵੇ ਕਿ ਭਾਈ ਅਸੀ ਤਾ ਭਾਰਤ ਦਾ ਹਿੱਸਾ ਹੀ ਨਹੀ ਹੈ।ਅਸੀ ਤਾ ਭਾਰਤ ਤੇ ਅਲੱਗ ਹੋਣਾ ਹੈ।ਅਜਿਹਾ ਫੈਸਲਾ ਕਰਨ ਦਾ ਅਧਿਕਾਰ ਨਹੀ ਹੋਵੇਗਾ,ਇਸ ਨੂੰ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਹੀ ਕੰਮ ਕਰਨਾ ਹੋਵੇਗਾ,ਉਸ ਨੂੰ ਜਿੰਨੀ ਤਾਕਤ ਦਿੱਤੀ ਗਈ ਹੈ ਉਨੀ ਦਾ ਹੀ ਇਸਤੇਮਾਲ ਕਰ ਸਕਦੇ ਹਨ।

## ਗ੍ਰਾਮ ਸਭਾਵਾਂ ਨੂੰ ਤਾਕਤ ਦੇਣ ਨਾਲ ਸਮਾਜ਼ਿਕ ਕੁਰੀਤੀਆਂ ਵੱਧਣਗੀਆਂ ਜਾ ਘੱਟਣਗੀਆਂ :

ਗ੍ਰਾਮ ਸਭਾਵਾਂ ਨੂੰ ਤਾਕਤ ਦੇਣ ਨਾਲ ਸਮਾਜਿਕ ਕੁਰੀਤੀਆਂ ਤੇ ਕੀ ਅਸਰ ਪਵੇਗਾ?ਜਿਵੇ ਦਾਜ ਪ੍ਰਥਾ,ਬਾਲ ਵਿਆਹ,ਕਿਸੇ ਨੂੰ ਡਾਇਨ ਘੋਸ਼ਿਤ ਕਰਕੇ ਉਸਤੇ ਅੱਤਿਆਚਾਰ ਕਰਨਾ,ਭੂਤ-ਪ੍ਰੇਤ ਜਿੰਨ ਆਦਿ ਅੰਧ ਵਿਸਵਾਸ ਨੇ।ਕੀ ਜਦੋ ਗ੍ਰਾਮ ਸਭਾਵਾਂ ਨੂੰ ਅਧਿਕਾਰ ਦਿੱਤੇ ਜਾਣਗੇ ਤਾ ਕੀ ਇਹ ਕੁਰੀਤੀਆਂ ਵੱਧਣਗੀਆਂ?

ਸਾਰੀਆਂ ਕੁਰੀਤੀਆਂ ਸਦੀਆਂ ਤੋ ਚੱਲੀਆਂ ਆ ਰਹੀਆਂ ਗਲਤ ਭਾਵਨਾਵਾਂ ਦਾ ਹੀ ਨਤੀਜਾ ਹੈ।ਇਹ ਭਾਵਨਾਵਾਂ ਲੋਕਾਂ ਦੇ

ਦਿਲਾਂ ਦਿਮਾਗਾਂ ਤੇ ਬੁਰੀ ਤਰਾ ਭਾਰੂ ਹਨ।ਇਹਨਾਂ ਵਿਚੋ ਕਈ ਬੁਰਾਈਆਂ ਨੂੰ ਕਾਨੂੰਨੀ ਤੌਰ ਤੇ ਅਪਰਾਧਿਤ ਘੋਸ਼ਿਤ ਕਰ ਦਿੱਤਾ ਹੈ।ਉਹਨਾਂ ਦੇ ਖਿਲਾਫ ਸਜਾ ਵੀ ਘੋਸ਼ਿਤ ਕੀਤੀ ਹੋਈ ਹੈ ਜੇ ਕੋਈ ਗ੍ਰਾਮ ਸਭਾ ਕਿਸੇ ਕੁਰੀਤੀ ਦਾ ਸਮੱਰਥਨ ਕਰਦੀ ਹੈ,ਉਹ ਗੈਰਕਾਨੂੰਨੀ ਹੈ।

ਗ੍ਰਾਮ ਸਭਾ ਨਾਲ ਕੁਰੀਤੀਆਂ ਵੱਧਣਗੀਆਂ ਨਹੀ-ਅਜਿਹਾ ਹੋਣ ਦੇ ਅਸਾਰ ਬਹੁਤ ਹੀ ਘੱਟ ਦਿਖਾਈ ਦਿੰਦੇ ਹਨ।ਸਾਨੂੰ ਇਹ ਸਮਝਣਾ ਪਵੇਗਾ ਕਿ ਜਦੋ ਅਸੀ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨਾ ਚਾਹੁੰਦੇ ਹਾ ਇਸ ਦੇ ਲਈ ਲੋਕਾਂ ਦੇ ਵਿਚ ਅੰਦੋਲਨ ਛੇੜਨੇ ਪੈਣਗੇ।ਲੋਕਾਂ ਦੇ ਨਾਲ ਗੱਲਬਾਤ ਕਰਨੀ ਪਵੇਗੀ।ਉਹਨਾਂ ਦੇ ਦਿਲ ਤੇ ਦਿਮਾਗ ਤੇ ਸਦੀਆਂ ਤੋ ਛਾਈਆਂ ਅਸਮਾਨਤਾਵਾਂ ਨੂੰ ਦੂਰ ਕਰਨਾ ਪਵੇਗਾ।

## ਗ੍ਰਾਮ ਸਭਾ ਵਿਚ ਤਾਂ ਲੋਕ ਲੜਣਗੇ :

ਕਈ ਲੋਕਾਂ ਦਾ ਵਿਚਾਰ ਹੈ ਕਿ ਪਿੰਡ ਦੇ ਲੋਕ ਫੈਸਲੇ ਨਹੀ ਲੈ ਸਕਣਗੇ,ਪਿੰਡ ਦੇ ਲੋਕ ਤਾ ਅਨਪੜ ਹੁੰਦੇ ਹਨ। ਗ੍ਰਾਮ ਸਭਾ ਵਿਚ ਲੋਕ ਲੜਨਗੇ।ਕਈ ਲੋਕ ਤਾ ਇਥੋ ਤੱਕ ਤਰਕ ਦਿੰਦੇ ਹਨ ਕਿ ਜਦੋ ਸਰਪੰਚ ਚੁਣਿਆ ਜਾਦਾ ਹੈ।ਤਾ ਸਰਪੰਚ ਨੂੰ ਮੰਨ ਲਵੋ 60% ਵੋਟਾਂ ਹੀ ਪੈਦੀਆਂ ਹਨ।ਤੇ 40% ਲੋਕ ਤਾ ਉਸਦੇ ਵਿਰੋਧ ਵਿਚ ਹੁੰਦੇ ਹਨ।ਉਹਨਾਂ ਲੋਕਾਂ ਦਾ ਕਹਿਣਾ ਹੈ ਕਿ ਉਹ ਲੋਕ ਗ੍ਰਾਮ ਸਭਾ ਦੀ ਮੀਟਿੰਗ ਨਹੀ ਹੋਣ ਦੇਣਗੇ।ਦੁਨੀਆਂ ਭਰ ਦੇ ਹੁਣ ਤੱਕ ਦੇ ਸਾਰੇ ਅਨੁਭਵ ਇਹੀ ਦੱਸਦੇ ਹਨ।ਇਹ ਡਰ ਬੇਬੁਨਿਆਦ ਹਨ।

ਇਸ ਕਿਤਾਬ ਵਿਚ ਹਿਵਰੇ ਬਜਾਰ ਦੀ ਉਦਾਹਰਣ ਦਿੱਤੀ ਗਈ ਹੈ।ਜਿਥੇ ਪਹਿਲਾ ਬਹੁਤ ਹੀ ਗੁੱਟਬੰਦੀ ਸੀ।ਲੋਕ ਲੜਦੇ ਰਹਿੰਦੇ ਸਨ।ਪਿੰਡ ਵਿਚ ਦੁਸਮਣੀ ਸੀ।ਖੂਨ ਵੀ ਹੋ ਚੁੱਕੇ ਸਨ।ਹਰ ਹਫਤੇ ਪੁਲਿਸ ਪਿੰਡ ਵਿਚ ਆਈ ਰਹਿੰਦੀ ਸੀ।ਉਥੇ ਵੀ ਜਦੋ ਗ੍ਰਾਮ ਸਭਾ ਸੁਰੂ ਹੋਈ ਤੋ ਪਹਿਲਾ ਬਹੁਤ ਹੀ ਘੱਟ ਲੋਕ ਆਉਦੇ ਸਨ।ਫਿਰ ਲੋਕਾਂ ਨੇ ਹੌਲੀ ਹੌਲੀ ਆਉਣਾ ਸੁਰੂ ਕਰ ਦਿੱਤਾ,ਪਿੰਡ ਦੇ ਝਗੜੇ ਦੀ ਪਿੰਡ ਦੀ ਗ੍ਰਾਮ ਸਭਾ ਵਿਚ ਚਰਚਾ ਹੋਣੀ ਸੁਰੂ ਹੋ ਗਈ।ਸਾਰਿਆਂ ਨੇ ਮਿਲ ਬੈਠਕੇ ਗੱਲਬਾਤ ਕਰਨ ਦਾ ਪਲੇਟਫਾਰਮ ਬਣਾ ਲਿਆ ਅੱਜ ਇਹ ਪਿੰਡ ਸੰਪੂਰਨ ਹੈ।

ਦਿੱਲੀ ਵਿਚ ਸਾਲ ਭਰ ਤੋ ਮੁਹੱਲਾ ਸਭਾਵਾਂ ਚੱਲ ਰਹੀਆਂ ਹਨ।ਇਹਨਾਂ ਮੁਹੱਲਾ ਸਭਾਵਾਂ ਵਿਚ ਹਰ ਕਿਸਮ ਦੇ ਲੋਕ ਆਉਦੇ ਹਨ।ਭਾਜਪਾ ਦਾ ਪ੍ਰਬੰਧ ਹੁੰਦਾ ਹੈ ਤਾਂ ਕਾਂਗਰਸ ਵਾਲੇ ਵੀ ਆਉਦੇ ਹਨ। ਕਾਂਗਰਸ ਦਾ ਪ੍ਰਬੰਧ ਹੁੰਦਾ ਹੈ ਤਾਂ ਭਾਜਪਾ

ਵਾਲੇ ਵੀ ਆਉਦੇ ਹਨ।ਉਥੇ ਚਰਚਾ ਹੁੰਦੀਆਂ ਹਨ,ਥੋੜਾ ਬਹੁਤਾ ਲੜਾਈ ਝਗੜਾ ਵੀ ਹੁੰਦਾ ਹੈ,ਵਾਦ ਵਿਵਾਦ ਵੀ ਹੁੰਦਾ ਹੈ।ਤਰਕ ਬਹਿਸ ਜਰੂਰ ਹੁੰਦੀ ਹੈ।ਲੇਕਿਨ ਅਖੀਰ ਵਿਚ ਫੈਸਲੇ ਵੀ ਜਰੂਰ ਹੁੰਦੇ ਹਨ।

ਚੱਲੋ ਕੁਝ ਹੋਵੇ ਜਾ ਨਾ ਕੰਮ ਸੇ ਕੰਮ ਇਤਨਾ ਜਰੂਰ ਹੁੰਦਾ ਹੈ ਕਿ ਜਿਸ ਜਿਸ ਪਿੰਡ ਵਿਚ ਆਦਮੀ ਆਪਸ ਵਿਚ ਮਿਲ ਬੈਠਕੇ ਨਿਰਣਾ ਕਰਨਗੇ,ਉਥੇ ਉਥੇ ਸੁਧਾਰ ਜਰੂਰ ਹੋਵੇਗਾ।ਜਿਥੋ ਜਿਥੋ ਦੇ ਲੋਕ ਆਪਸ ਵਿਚ ਲੜਨ ਝੱਗੜਣਗੇ ਉਥੇ ਸੁਧਾਰ ਨਹੀ ਹੋ ਸਕਦਾ।ਉਹ ਲੋਕ ਇਹ ਫੈਸਲਾ ਨਹੀ ਕਰ ਸਕਣਗੇ ਕਿ ਫਲਾਣਾ ਅਧਿਕਾਰੀ ਚੋਰ ਹੈ।ਜਾ ਫਲਾਣੀ ਪਾਰਟੀ ਚੋਰ ਹੈ,ਫਲਾਣਾ ਨੇਤਾ ਚੋਰ ਹੈ।ਉਹਨਾਂ ਨੂੰ ਇਹ ਕਹਿਣਾ ਪਵੇਗਾ ਕਿ ਅਸੀ ਸਾਰੇ ਹੀ ਨਿਕੰਮੇ ਹਾ,ਅਸੀ ਹੀ ਲੜਦੇ ਰਹਿੰਦੇ ਹਾ,ਜਦੋ ਤੱਕ ਅਸੀ ਨਹੀ ਸੁਧਰਾਗੇ ਤਦ ਤੱਕ ਸੁਧਾਰ ਨਹੀ ਹੋ ਸਕਦਾ।ਫਿਰ ਉਹ ਕਿਸੇ ਹੋਰ ਨੂੰ ਦੋਸ਼ ਨਹੀ ਦੇ ਸਕਣਗੇ।ਆਪਣੀ ਤਕਦੀਰ,ਆਪਣੀ ਜ਼ਿੰਦਗੀ,ਆਪਣੀ ਗਰੀਬੀ,ਆਪਣੀ ਬੇਰੁਜਗਾਰੀ ਦੇ ਲਈ ਉਹਨਾਂ ਖੁੱਦ ਨੂੰ ਦੋਸ ਦੇਣਾ ਪਵੇਗਾ।

ਅੱਜ ਦੀ ਵਿਵਸਥਾ ਵਿਚ ਦਿੱਲੀ,ਲਖਨਊ,ਭੂਪਾਲ,ਵਿਚ ਬੈਠਕੇ ਕੋਈ ਅਫਸਰ,ਨੇਤਾ ਸਾਡੀ ਜ਼ਿੰਦਗੀ ਦੇ ਫੈਸਲੇ ਕਰਦਾ ਹੈ।ਹੁਣ ਤੁਸੀ ਹੀ ਦੱਸੋ ਕਿਹੜੀ ਗੱਲ ਜਿਆਦਾ ਠੀਕ ਹੈ।ਸਾਡੀ ਜ਼ਿੰਦਗੀ ਦੇ ਫੈਸਲੇ ਪਿੰਡ ਦੇ ਲੋਕ ਕਰਨ ਕਿ ਜਾ ਦੂਰ ਬੈਠਕੇ ਕੋਈ ਅਧਿਕਾਰੀ ਜਾ ਨੇਤਾ ਕਰੇ।ਯਕੀਨਨ ਹੀ ਜੇ ਸਾਰਾ ਪਿੰਡ ਬੈਠ ਕੇ ਫੈਸਲਾ ਕਰੇਗਾ ਤਾਂ ਲੜਾਈ,ਝਗੜਾ,ਮਾਰ,ਕੁੱਟ ਸਭ ਹੋਵੇਗਾ ਪਰ ਅਖੀਰ ਵਿਚ ਅਸੀ ਆਪਣੇ ਪਿੰਡ ਦੇ ਲਈ ਚੰਗੇ ਫੈਸਲੇ ਵੀ ਕਰਾਗੇ।ਅਸੀ ਪਿਆਸੇ ਹਾ ਸਾਨੂੰ ਪਾਣੀ ਚਾਹੀਦਾ ਹੈ।ਉਹ ਦੂਰ ਬੈਠਾ ਅਧਿਕਾਰੀ ਕਹਿੰਦਾ ਹੈ ਕਿ ਨਹੀ ਪਾਰਕ ਬਣਨਗੇ,ਕੰਮਪਿਊਟਰ ਭੇਜੇ ਜਾਣਗੇ।ਉਸਨੂੰ ਸਾਡੀਆਂ ਜਰੂਰਤਾਂ ਦਾ ਕੀ ਪਤਾ ਹੈ?ਚਾਹੇ ਸਾਡੇ ਪਿੰਡ ਵਿਚ ਲੜਾਈ ਹੋਵੇ,ਝਗੜਾ ਹੋਵੇ ਲੇਕਿਨ ਫੈਸਲੇ ਸਾਡੇ ਪਿੰਡ ਦੇ ਲਈ ਹੀ ਲਏ ਜਾਣਗੇ।ਸਾਡੇ ਮੁਹੱਲੇ ਦੇ ਲਈ ਫੈਸਲੇ ਹੋਣਗੇ।ਉਸ ਦੇ ਵਿਚ ਹੀ ਸਾਡਾ ਸਾਰਿਆਂ ਦਾ ਫਾਇਦਾ ਹੈ।

## ਪੇਸਾ ਕਾਨੂੰਨ ਦਾ ਕੀ ਹੋਇਆ:

ਕੁਝ ਲੋਕਾਂ ਦਾ ਕਹਿਣਾ ਹੈ ਕਿ ਪੇਸਾ ਕਾਨੂੰਨ ਵਿਚ ਗ੍ਰਾਮ ਸਭਾਵਾਂ ਨੂੰ ਸਾਰੀਆਂ ਤਾਕਤਾਂ ਦਿੱਤੀਆਂ ਗਈਆਂ ਹਨ।ਕੀ ਆਦਿਵਾਸੀ ਇਲਾਕੇ ਜਿੱਥੇ ਪੇਸਾ ਕਾਨੂੰਨ ਲਾਗੂ ਹੈ?ਉਥੇ ਗ੍ਰਾਮ ਸਭਾਵਾਂ ਵਧੀਆਂ ਕੰਮ ਕਰ ਰਹੀਆਂ ਹਨ?ਕੀ ਉਸ ਇਲਾਕੇ ਵਿਚ ਸੁਧਾਰ ਹੋਇਆਂ ਹੈ?ਬਿਲਕੁਲ ਨਹੀ।ਪੇਸਾ ਇਲਾਕੇ ਵਿਚ ਵੀ ਗ੍ਰਾਮ ਸਭਾਵਾਂ ਬਿਲਕੁਲ ਨਾਕਾਮਯਾਬ ਹਨ।ਉਹ ਇਸ

ਲਈ ਕਿ ਪੇਸਾ ਕਾਨੂੰਨ ਵਿਚ ਵੀ ਗ੍ਰਾਮ ਸਭਾਵਾਂ ਨੂੰ ਅਧੂਰੀ ਤਾਕਤ ਦਿੱਤੀ ਹੈ।ਦੂਸਰੀ ਗੱਲ ਜਿਨੀ ਪੇਸਾ ਕਾਨੂੰਨ ਵਿਚ ਲਿਖਿਆ ਹੈ।ਉਸ ਤੇ ਵੀ ਅੱਧੇ ਅਧੂਰੇ ਰਾਜ ਸਰਕਾਰਾਂ ਨੇ ਲਾਗੂ ਕੀਤੇ ਹਨ।

ਵੈਸੇ ਪੇਸਾ ਕਾਨੂੰਨ ਕਹਿੰਦਾ ਹੈ ਕਿ ਪਿੰਡ ਦੀ ਵਿਕਾਸ ਯੋਜਨਾ ਗ੍ਰਾਮ ਸਭਾਵਾਂ ਵਿਚ ਬਣੇਗੀ।ਮਤਲਬ ਪਿੰਡ ਵਿਚ ਸਰਕਾਰੀ ਪੈਸਾ ਕਿਥੇ ਖਰਚ ਹੋਣਾ।ਇਹ ਗ੍ਰਾਮ ਸਭਾਵਾਂ ਹੀ ਤਹਿ ਕਰਨਗੀਆਂ,ਅੰਕੜਿਆਂ ਦੇ ਮੁਤਾਬਕ ਪਿੰਡ ਵਿਚ ਪਹੁੰਚਣ ਵਾਲਾ ਸਾਰਾ ਸਰਕਾਰੀ ਪੈਸਾ ਦਿੱਲੀ ਵਿਚ ਜਾ ਰਾਜ ਸਰਕਾਰਾਂ ਵੱਲੋ ਬਣੀਆਂ ਯੋਜਨਾਵਾਂ ਦੇ ਤਹਿਤ ਹੀ ਪਹੁੰਚਦਾ ਹੈ।ਮੁੱਕਤ ਫੰਡ ਬਿਲਕੁਲ ਨਹੀ ਦਿੱਤਾ ਜਾਦਾ।ਸਾਰੇ ਪੈਸੇ ਦੇ ਬਾਰੇ ਵਿਚ ਦਿੱਲੀ ਜਾ ਰਾਜਧਾਨੀਆਂ ਵਿਚ ਹੀ ਤਹਿ ਹੋ ਜਾਦਾ ਹੈ ਕਿ ਕਿੰਨਾ ਪੈਸਾ ਕਿਸ ਪਿੰਡ ਵਿਚ ਖਰਚ ਹੋਵੇਗਾ।ਤਾ ਪਿੰਡ ਵਾਲੇ ਕੀ ਯੋਜਨਾਵਾਂ ਬਣਾਉਣ?ਹੈ ਨਾ ਮਜੇ ਦੀ ਗੱਲ ਪਿੰਡ ਵਾਲਿਆਂ ਨੂੰ ਪੈਸੇ ਵਰਤਣ ਦਾ ਅਧਿਕਾਰ ਦੇ ਦਿੱਤਾ ਹੈ ਪਰ ਪੈਸਾ ਨਹੀ ਹੈ।ਪੇਸਾ ਦੇ ਤਹਿਤ ਗ੍ਰਾਮ ਸਭਾਵਾਂ ਦਾ ਪਿੰਡ ਦੇ ਅਧਿਆਪਕ,ਜ਼ੰਗਲਾਤ ਅਧਿਕਾਰੀ,ਪੁਲਿਸ ਅਧਿਕਾਰੀ,ਤਸੀਲਦਾਰ,ਸਿਹਤ ਕਰਮਚਾਰੀਆਂ ਆਦਿ ਤੇ ਕਿਸੇ ਤਰਾ ਦਾ ਕੋਈ ਵੀ ਹੁਕਮ ਨਹੀ ਚੱਲਦਾ। ਗ੍ਰਾਮ ਸਭਾਵਾਂ ਕੋਈ ਵੀ ਫੈਸਲਾ ਕਰ ਲੈਣ ਉਹਨਾਂ ਨਿਰਣਿਆਂ ਦਾ ਪਾਲਨ ਉਹਨਾਂ ਅਧਿਕਾਰੀਆਂ ਨੂੰ ਹੀ ਕਰਨਾ ਪੈਦਾ ਹੈ।ਅਗਰ ਇਹ ਉਹਨਾ ਨਿਰਣਿਆਂ ਦਾ ਪਾਲਨ ਨਾ ਕਰਨ ਤਾ ਗ੍ਰਾਮ ਸਭਾਵਾਂ ਉਹਨਾਂ ਦਾ ਕੁਝ ਨਹੀ ਵਿਗਾੜ ਸਕਦੀਆਂ। ਇਹ ਕਰਮਚਾਰੀ ਸਿੱਧੇ ਰਾਜ ਸਰਕਾਰ ਦੇ ਅਧੀਨ ਆਉਦੇ ਹਨ।ਇਹ ਗ੍ਰਾਮ ਸਭਾਵਾਂ ਦੀ ਬਜਾਏ ਰਾਜ ਸਰਕਾਰ ਦਾ ਹੁਕਮ ਮੰਨਦੇ ਹਨ।ਅਕਸਰ ਦੇਖਿਆ ਗਿਆ ਹੈ ਕਿ ਗ੍ਰਾਮ ਸਭਾਵਾਂ ਦੇ ਨਿਯਮਾਂ ਦੇ ਪਾਲਣ ਕਰਨ ਦੀ ਬਜਾਏ ਇਹ ਅਧਿਕਾਰੀ ਪਿੰਡ ਦੇ ਲੋਕਾਂ ਤੇ ਅੱਤਿਆਚਾਰ ਕਰਦੇ ਹਨ।

ਫਿਰ ਪੇਸਾ ਵਿਚ ਲਿਖਿਆ ਹੈ ਕਿ ਜ਼ਮੀਨ ਅਕੁਆਇਰ ਕਰਨ ਤੋ ਪਹਿਲਾ ਗ੍ਰਾਮ ਸਭਾਵਾਂ ਵਿਚ ਵਿਚਾਰ ਚਰਚਾ ਹੋਇਆ ਕਰੇਗੀ।ਜਿਆਦਾ ਤਰ ਜਗਾਹ ਤੇ ਦੇਖਿਆ ਗਿਆ ਹੈ ਕਿ ਵਿਚਾਰ ਚਰਚਾ ਕੇਵਲ ਕਾਗਜ਼ੀ ਕਾਰਵਾਈ ਹੈ।ਇਹ ਕਾਗਜ਼ੀ ਕਾਰਵਾਈ ਪੂਰੀ ਕਰਨ ਤੋ ਬਾਅਦ ਪੁਲਿਸ ਭੇਜਕੇ ਜਬਰਦਸਤੀ ਜ਼ਮੀਨ ਖੋਹ ਲਈ ਜਾਦੀ ਹੈ।

ਹਾਲਾਂਕਿ ਪੇਸਾ ਕਾਨੂੰਨ ਪੰਚਾਇਤੀ ਰਾਜ ਕਾਨੂੰਨਾਂ ਦੇ ਮੁਕਾਬਲੇ ਵੱਧ ਪ੍ਰਗਤੀਸੀਲ ਹਨ।ਪਰ ਜਦੋ ਸਿੱਧਾ ਸਿੱਧਾ ਸਰਕਾਰੀ ਫੰਡਾਂ,ਸਰਕਾਰੀ ਕਰਮਚਾਰੀਆਂ ਦੇ ਬਾਰੇ ਅੰਤਮ ਫੈਸਲਾ ਲੈਣ ਦਾ ਅਧਿਕਾਕ ਗ੍ਰਾਮ ਸਭਾਵਾਂ ਨੂੰ ਨਹੀ ਮਿਲੇਗਾ,ਤਦ ਤੱਕ ਪੂਰਨ ਸਵਰਾਜ ਦਾ ਸੁਪਨਾ ਅਧੂਰਾ ਰਹੇਗਾ।

## ਚੰਗੇ ਲੋਕਾਂ ਦਾ ਸੱਤਾ ਵਿਚ ਆਉਣ ਨਾਲ ਸੁਧਾਰ ਹੋਵੇਗਾ :

ਕਈ ਲੋਕਾਂ ਦਾ ਇਹ ਮੰਨਣਾ ਹੈ ਕਿ ਅਗਰ ਅਸੀ ਚੰਗੇ ਲੋਕਾਂ ਨੂੰ ਵਿਧਾਇਕ ਜਾ ਸੰਸਦ ਮੈਬਰ ਚੁਣਾਗੇ।ਚੰਗੇ ਲੋਕਾਂ ਨੂੰ ਆਪਣਾ ਪ੍ਰਤੀਨਿਧ ਚੁਣਾਂਗੇ ਇਸ ਨਾਲ ਸਾਡੇ ਇਲਾਕੇ ਦੀਆਂ ਸਮਸਿਆਵਾਂ ਵਿਚ ਫਰਕ ਪਵੇਗਾ।ਇਸ ਨਾਲ ਸਾਡੇ ਇਲਾਕੇ ਦੀਆਂ ਸਮਸਿਆਵਾਂ ਖਤਮ ਹੋ ਜਾਣਗੀਆਂ।ਇਹ ਸੋਚਣਾ ਬਿਲਕੁਲ ਗਲਤ ਹੈ।

ਇਹ ਸਮਝਣਾ ਬਹੁਤ ਜਰੂਰੀ ਹੈ ਕਿ ਇਕ ਵਿਧਾਇਕ ਜਾ ਸੰਸਦ ਮੈਬਰ ਦੀ ਸਾਰੀ ਵਿਵਸਥਾ ਵਿਚ ਕੀ ਭੂਮਿਕਾ ਹੋਵੇਗੀ?ਸੰਵਿਧਾਨ ਦੇ ਹਿਸਾਬ ਨਾਲ ਇਕ ਵਿਧਾਇਕ ਐਮ.ਐਲ.ਏ.ਹੁੰਦਾ ਹੈ।ਇਕ ਸੰਸਦ ਮੈਬਰ ਆਫ ਪਾਰਲੀਮੈਂਟ ਹੁੰਦਾ ਹੈ।ਉਹ ਸੰਸਦ ਦਾ ਮੈਬਰ ਹੁੰਦਾ ਹੈ।

ਅਗਰ ਸਾਡੇ ਇਲਾਕੇ ਵਿਚ ਪਾਣੀ ਨਹੀ ਆ ਰਿਹਾ,ਬਿਜਲੀ ਨਹੀ ਆ ਰਹੀ,ਸੜਕ ਟੁੱਟ ਗਈ ਹੈ,ਸਫਾਈ ਨਹੀ ਹੁੰਦੀ,ਗਰੀਬੀ,ਬੇਰੁਜਗਾਰੀ ਹੈ ਤਾ ਅਸੀ ਹਰ ਸਮਸਿਆ ਦੇ ਹੱਲ ਲਈ ਭੱਜੇ ਭੱਜੇ ਐਮ.ਐਲ.ਏ.,ਸੰਸਦ ਮੈਬਰ ਕੋਲ ਜਾਦੇ ਹਾ।ਸਾਨੂੰ ਇਹ ਸਮਝਣਾ ਪਵੇਗਾ ਕਿ ਐਮ.ਐਲ.ਏ.,ਸੰਸਦ ਮੈਬਰ ਕੋਲ ਇਸ ਸਮਸਿਆ ਦੇ ਹੱਲ ਕਰਨ ਲਈ ਕੋਈ ਤਾਕਤ ਨਹੀ ਹੈ।ਸੰਵਿਧਾਨ ਦੇ ਹਿਸਾਬ ਨਾਲ ਉਸਦਾ ਕੰਮ ਨਹੀ ਹੈ।ਸੰਵਿਧਾਨ ਦੇ ਹਿਸਾਬ ਨਾਲ ਇਕ ਸੰਸਦ ਜਾ ਵਿਧਾਇਕ ਦਾ ਕੰਮ ਚੰਗੇ ਕਾਨੂੰਨ ਬਣਾਉਣਾ ਹੈ।ਅਗਰ ਸਾਡੇ ਇਲਾਕੇ ਵਿਚ ਸਰਕਾਰੀ ਵਿਵਸਥਾ ਠੀਕ ਕੰਮ ਨਹੀ ਕਰ ਰਹੀ ਹੈ।ਉਸਦੇ ਬਾਰੇ ਵਿਚ ਵਿਧਾਇਕ ਜਾ ਸੰਸਦ ਮੈਬਰ ਕੁਝ ਨਹੀ ਕਰ ਸਕਦਾ।ਸੰਵਿਧਾਨ ਜਾ ਕਾਨੂੰਨ ਵਿਚ ਇਹਨਾਂ ਸਮਸਿਆਵਾਂ ਦੇ ਹੱਲ ਲਈ ਕੋਈ ਸਕਤੀ ਨਹੀ ਦਿੱਤੀ ਗਈ।ਮੰਨ ਲਵੋ ਕਿ ਸਾਡੇ ਇਲਾਕੇ ਵਿਚ ਸੜਕ ਟੁੱੱਟ ਗਈ ਹੈ ਜਾ ਸਾਡੇ ਇਲਾਕੇ ਵਿਚ ਰਾਸਨ ਵਾਲਾ ਠੀਕ ਢੰਗ ਨਾਲ ਰਾਸਨ ਨਹੀ ਦਿੰਦਾ।ਤਾ ਵਿਧਾਇਕ ਜਾ ਸੰਸਦ ਉਸ ਰਾਸਨ ਵਾਲੇ ਦੇ ਖਿਲਾਫ ਕੋਈ ਕਾਰਵਾਈ ਨਹੀ ਕਰ ਸਕਦਾ।ਉਹ ਵਿਧਾਨ ਸਭਾ ਜਾ ਸੰਸਦ ਵਿਚ ਪ੍ਰਸਨ ਕਾਲ ਸਮੇ ਪ੍ਰਸਨ ਪੁਛ ਸਕਦਾ ਹੈ।ਇਸਦੇ ਲਈ ਉਸ ਨੂੰ ਬੇਨਤੀਆਂ ਆ ਸਕਦੀਆਂ ਹਨ ਕਿ ਕਿਹੜੇ ਕਿਹੜੇ ਸਵਾਲ ਪੁੱਛੇ ਜਾ ਸਕਦੇ ਹਨ।ਇਸ ਦੀ ਚੋਣ ਲਾਟਰੀ ਨਾਲ ਹੁੰਦੀ ਹੈ।ਇਹ ਇੱਛਾ ਹੋਣ ਦੇ ਬਾਵਜੂਦ ਵੀ ਵਿਧਾਇਕ ਜਾ ਸੰਸਦ ਆਪਣੀਆਂ ਸਮਸਿਆਵਾਂ ਦੇ ਪ੍ਰਸਨ ਸੰਸਦ ਜਾ ਵਿਧਾਨ ਸਭਾ ਵਿਚ ਨਹੀ ਪੁੱਛ ਸਕਦੇ।

ਇਕ ਸਾਂਸਦ ਜਾ ਵਿਧਾਇਕ ਨੂੰ 2 ਕਰੋੜ ਰੁਪਏ ਦਾ ਫੰਡ ਵੀ ਮਿਲਦਾ ਹੈ।ਉਸ ਨੂੰ ਇਹ ਹਦਾਇਤ ਕੀਤੀ ਜਾਦੀ ਹੈ ਕਿ ਇਸ ਫੰਡ ਦੇ ਨਾਲ ਆਪਣੇ ਵਿਧਾਨ ਸਭਾ ਜਾ ਸੰੰਸਦ ਹਲਕੇ ਵਿਚ ਵਿਕਾਸ ਦਾ ਕੰਮ ਕਰੇ।ਲੇਕਿਨ ਇਸ ਫੰਡ ਦੇ ਨਾਲ ਕੀ

ਕੀ ਕੰਮ ਹੋਣੇ ਚਾਹੀਦੇ ਹਨ,ਉਹ ਕੇਵਲ ਉਹਨਾਂ ਕੰਮਾਂ ਦੇ ਲਈ ਮਨਜੂਰੀ ਹੀ ਦੇ ਸਕਦੇ ਹਨ ਕੰਮ ਚੰਗਾ ਹੋਇਆ ਜਾ ਬੁਰਾ ਹੋਇਆ ਹੈ ਇਸ ਤੇ ਉਹਨਾ ਦਾ ਕੋਈ ਕਿੰਤੂ ਕਰਨ ਦਾ ਹੱਕ ਨਹੀ ਹੁੰਦਾ।ਇਹ ਹੱਕ ਵੱਖ ਵੱਖ ਵਿਭਾਗਾ ਦੇ ਸਰਕਾਰੀ ਅਧਿਕਾਰੀਆਂ ਦੇ ਕੋਲ ਹੁੰਦਾ ਹੈ।ਸਾਂਸਦ ਜਾ ਵਿਧਾਇਕ ਦਾ ਉਹਨਾਂ ਸਰਕਾਰੀ ਵਿਭਾਗਾਂ ਦੇ ਅਫਸਰਾਂ ਦੇ ਉਪਰ ਕਿਸੇ ਪ੍ਰਕਾਰ ਦਾ ਕੋਈ ਹੁਕਮ ਨਹੀ ਹੰਦਾ।ਇਹ ਸੁਣਨ ਵਿਚ ਜਰੂਰ ਆਇਆ ਹੈ ਕਿ ਕੁਝ ਸਾਸਦ ਮੈਬਰ ਜਾ ਵਿਧਾਇਕ ਉਸ ਫੰਡ ਵਿਚੋ ਘੱਟ ਸੈਕਸਨ ਕਰਨ ਦੀ ਰਿਸਵਤ ਲੈਦੇ ਹਨ।ਇਹ ਤਾ ਗਲਤ ਹੈ ਹੀ।ਪਰ ਜਦ ਉਸ ਫੰਡ ਨਾਲ ਕੀਤਾ ਗਿਆ ਕੰਮ ਖਰਾਬ ਹੋਇਆ ਤਾ ਉਸਦਾ ਭੁਗਤਾਨ ਰੋਕਣ ਦਾ ਜਾ ਉਸ ਨੂੰ ਠੀਕ ਕਰਵਾਉਣ ਦਾ ਅਧਿਕਾਰ ਨਹੀ ਹੈ।

## ਰਾਜਨੀਤੀ ਵਿਚ ਬਦਲਾਊ ਬਿਨਾ ਸੁਧਾਰ ਸੰਭਵ ਨਹੀ:

ਸਾਡੇ ਦੇਸ ਵਿਚ ਸਾਰੇ ਅੱਛੇ ਕੰਮ ਕਰਨ ਵਾਲਿਆਂ ਦੀਆਂ ਜੱਥੇਬੰਦੀਆਂ ਵੱਖ ਵੱਖ ਮੁੱਦਿਆਂ ਤੇ ਕੰਮ ਕਰ ਰਹੀਆਂ ਹਨ।ਕੋਈ ਸਿਖਿਆ ਦੇ ਮੁੱਦੇ ਤੇ ਕੋਈ ਸਿਹਤ ਦੇ ਮੁੱਦੇ ਤੇ,ਕੋਈ ਪਾਣੀ ਦੇ ਮੁੱਦੇ ਤੇ,ਜ਼ੰਗਲ,ਜ਼ਮੀਨ ਦੇ ਮੁੱਦੇ ਤੇ ਕੰਮ ਕਰ ਰਹੇ ਹਨ।ਸਾਨੂੰ ਇਹ ਸਮਝਣ ਦੀ ਜਰੂਰਤ ਹੈ ਕਿ ਜਦੋ ਤੱਕ ਇਹ ਸਾਰੀ ਦੀ ਸਾਰੀ ਰਾਜਨੀਤਿਕ ਵਿਵਸਥਾ ਨਹੀ ਬਦਲਦੀ ਮਤਲਬ ਫੈਸਲੇ ਕਰਨ ਦਾ ਅਧਿਕਾਰ ਸਿੱਧਾ ਸਿੱਧਾ ਲੋਕਾਂ ਦੇ ਕੋਲ ਨਹੀ ਆਉਦਾ ਤਦ ਤੱਕ ਨਾ ਸਿਖਿਆ ਸੁਧਰੇਗੀ,ਨਾ ਸਿਹਤ ਮਹਿਕਮਾਂ,ਨਾ ਪਾਣੀ,ਨਾ ਜ਼ੰਗਲ,ਨਾ ਜ਼ਮੀਨ ਦੇ ਮੁਦਿਆਂ ਤੇ ਸੁਧਾਰ ਹੋਵੇਗਾ।ਅਗਰ ਅਸੀ ਸਾਰੀ ਤਾਕਤ ਲਾਕੇ ਜ਼ੰਮੀਨ ਦੇ ਕਾਨੂੰਨ ਵਿਚ ਸੁਧਾਰ ਕਰਵਾ ਲਿਆ ਤਾਂ ਜ਼ੰਗਲ ਦੇ ਕਾਨੂੰਨ ਵਿਚ ਬਦਲਾਉ ਵੀ ਲੈ ਆਦਾ,ਪਾਣੀ ਦਾ ਕਾਨੂੰਨ,ਸਿਖਿਆ ਦੇ ਕਾਨੂੰਨ ਵੀ ਬਦਲ ਦਿੱਤੇ ਪਰ ਇਹਨਾਂ ਨੂੰ ਲਾਗੂ ਕਰਨ ਦਾ ਕੰਮ ਤਾ ਕੁਲੈਕਟਰ ਦਾ ਹੈ।ਜੇ ਉਹ ਲਾਗੂ ਨਹੀ ਕਰੇਗਾ ਜਾ ਉਸ ਵਿਚ ਕੋਈ ਤਬਦੀਲੀ ਕਰ ਦਿੰਦਾ ਹੈ ਤਾ ਅਸੀ ਕੀ ਕਰਾਗੇ?ਅਕਸਰ ਸਾਡੇ ਦੇਸ ਵਿਚ ਇਸ ਤਰਾ ਹੀ ਹੁੰਦਾ ਹੈ।ਕਾਨੂੰਨ ਬਹੁਤ ਵਧੀਆਂ ਵਧੀਆਂ ਬਣੇ ਹੋਏ ਹਨ ਪਰ ਕਾਨੂੰਨ ਦੀ ਪਾਲਣਾ ਨਹੀ ਹੁੰਦੀ।ਜਿਨਾਂ ਅਧਿਕਾਰੀਆਂ ਨੇ ਇਹ ਕਾਨੂੰਨਾਂ ਨੂੰ ਲਾਗੂ ਕਰਵਾਉਣਾ ਹੁੰਦਾ ਉਹ ਜੇ ਫਿਰ ਵੀ ਇਹ ਕਾਨੂੰਨ ਲਾਗੂ ਨਾ ਕਰਨ ਤਾ ਫਿਰ ਕੀ ਹੋ ਸਕਦਾ ਹੈ।

ਜਦੋ ਤੱਕ ਇਹਨਾਂ ਲੋਕਾਂ ਦੇ ਉਪਰ ਸਿੱਧਾ ਗ੍ਰਾਮ ਸਭਾ ਦਾ ਕੰਟਰੋਲ ਨਹੀ ਹੋਵੇਗਾ- ਪਿੰਡ ਦੀ ਗ੍ਰਾਮ ਸਭਾ ਵਿਚ ਲੋਕ ਅਧਿਕਾਰੀਆਂ ਨੂੰ ਤਲਬ ਕਰ ਸਕਣ,ਅਗਰ ਉਹ ਠੀਕ ਕੰਮ ਨਹੀ ਕਰਦੇ ਤਾ ਉਹ ਉਹਨਾਂ ਨੂੰ ਸਜਾ ਲਾ ਸਕਣ,ਜਦੋ ਤਕ ਇਹ ਵਿਵਸਥਾ ਲਾਗੂ ਨਹੀ ਕੀਤੀ ਜਾਦੀ ਤਦ ਤੱਕ ਨਾ ਤਾ ਸਿਖਿਆ ਸੁਧਰੇਗੀ,ਨਾ ਸਿਹਤ,ਨਾ ਜ਼ਮੀਨ,ਨਾ ਪਾਣੀ, ਨਾ ਜ਼ੰਗਲ, ਇਸ ਦੇ ਲਈ ਸਾਨੂੰ ਸਮਝਣਾ ਪਵੇਗਾ ਕਿ ਜਦ ਤਕ ਜੜ ਨਹੀ ਫੜੀ ਜਾਵੇਗੀ ਤਦ ਤੱਕ ਸੁਧਾਰ ਨਹੀ ਹੋਵੇਗਾ।

## ਵਿਅਕਤੀ ਨਿਰਮਾਣ ਤੇ ਵਿਵਸਥਾ ਸੁਧਾਰ :

ਕੁਝ ਲੋਕਾਂ ਦਾ ਮੰਨਣਾ ਹੈ ਕਿ ਸਾਨੂੰ ਵਿਅਕਤੀ ਨਿਰਮਾਣ ਤੇ ਜੋਰ ਦੇਣਾ ਚਾਹੀਦਾ ਹੈ ਅਗਰ ਲੋਕ ਸੁਧਰ ਗਏ ਤੇ ਵਿਵਸਥਾ ਆਪੇ ਸੁਧਰ ਜਾਵੇਗੀ।

ਪ੍ਰਸਨ ਇਹ ਉਠਦਾ ਹੈ ਕਿ ਮੌਜੂਦਾ ਵਿਵਸਥਾ ਐਨੀ ਗੰਧਲੀ ਹੋ ਗਈ ਹੈ ਕਿ ਕੀ ਇਹ ਵਿਵਸਥਾ ਵਿਅਕਤੀਆਂ ਦਾ ਨਿਰਮਾਣ ਹੋਣ ਦੇਵੇਗੀ ? ਕੀ ਇਹ ਵਿਵਸਥਾ ਵਿਅਕਤੀ ਨਿਰਮਾਣ ਦੀ ਰੋਕ ਨਹੀ ਹੈ? ਇਸ ਨੂੰ ਸਮਝਣ ਦੇ ਲਈ ਇਕ ਉਦਾਹਰਣ ਦਿੰਦੇ ਹਾ।ਰਾਸਨ ਤੋ ਮਿੱਟੀ ਦਾ ਤੇਲ ਵੇਚਣ ਵਾਲੇ ਦਾ ਕਮਿਸ਼ਨ ਐਨਾ ਜਿਆਦਾ ਘੱਟ ਹੈ ਕਿ ਉਹ ਬਿਨਾ ਰਾਸਨ ਦੀ ਚੋਰੀ ਦੇ ਆਪਣਾ ਗੁਜਾਰਾ ਕਰ ਹੀ ਨਹੀ ਸਕਦਾ ਮਿੱਟੀ ਦੇ ਤੇਲ ਦਾ 7 ਪੈਸੇ ਪ੍ਰਤੀ ਲੀਟਰ ਕਮਸ਼ਿਨ ਮਿਲਦਾ ਹੈ 10,000 ਲੀਟਰ ਦਾ ਉਸਦਾ ਕੋਟਾ ਹੈ ਮਹੀਨੇ ਦਾ 700 ਰੁਪਏ ਕਮਾਈ ਹੋਈ ਹੈ।ਇਹਨਾਂ 700 ਰੁਪਏ ਦੀ ਆਮਦਨ ਨਾਲ ਉਸ ਨੇ ਆਪਣੀ ਦੁਕਾਨ ਦਾ ਖਰਚਾ ਤੇ ਆਪਣੇ ਪਰਵਾਰ ਨੂੰ ਵੀ ਪਾਲਣਾ ਹੈ।ਜੋ ਕਿ ਅਸੰਭਵ ਹੈ।ਉਹ ਵਿਚਾਰਾ ਚੋਰੀ ਨਾ ਕਰੇਗਾ ਤਾ ਹੋਰ ਕੀ ਕਰੇਗਾ ? ਦਿੱਲੀ ਵਿਚ 4000 ਦੇ ਲੱਗਭਗ ਰਾਸਨ ਵਾਲੇ ਹਨ,ਸਰਕਾਰ ਨੇ ਗਲਤ ਵਿਵਸਥਾ ਅਪਣਾ ਕੇ ਇਕ ਹੀ ਝਟਕੇ ਨਾਲ 4000 ਵਿਅਕਤੀਆਂ ਨੂੰ ਗੰਦਾ ਕਰ ਦਿੱਤਾ।ਜਦੋ ਤੱਕ ਸਰਕਾਰ ਉਹਨਾਂ ਦਾ ਕਮਿਸ਼ਨ ਨਹੀ ਵਧਾਉਗੀ ਤਦ ਤੱਕ ਉਹ ਇਮਾਨਦਾਰੀ ਨਾਲ ਕੰਮ ਨਹੀ ਕਰ ਸਕਣਗੇ? ਜਦੋ ਤਕ ਇਹ ਵਿਵਸਥਾ ਨਹੀ ਬਦਲਦੀ ਕੀ ਉਦੋ ਤੱਕ ਵਿਅਕਤੀਗੱਤ ਨਿਰਮਾਣ ਸੰਭਵ ਹੈ?

ਆਖਰ ਵਿਅਕਤੀ ਨਿਰਮਾਣ ਕਿਉ?ਅਵਸਥਾ ਨਿਰਮਾਣ ਕਿਉ?ਆਪਣੀਆਂ ਇਛਾਵਾਂ ਤੇ ਵਿਕਾਰਾਂ ਤੇ ਕਾਬੂ ਕਰਕੇ ਬੁੱਧੀਮਾਨ ਬਣੀਏ ਇਹ ਹੀ ਜ਼ਿੰਦਗੀ ਦਾ ਮਨੋਰਥ ਹੋਣਾ ਚਾਹੀਦਾ ਹੈ।ਵਿਅਕਤੀਤਵ ਜੀਵਨ ਨਿਰਮਾਣ ਲਈ ਸੰਤੁਸਟੀ ਜਰੂਰੀ ਹੈ।ਅੱਛੀ ਅਵਸਥਾ ਹੋਵੇਗੀ ਤਾ ਵਿਅਕਤੀਗਤ ਨਿਰਮਾਣ ਵਿਚ ਤੇਜੀ ਆਵੇਗੀ,ਬੁਰੀ ਅਵਸਥਾ ਹੋਵੇਗੀ ਤਾ ਵਿਅਕਤੀਤਵ ਨਿਰਮਾਣ ਵਿਚ ਖੜੌਤ ਆ ਜਾਵੇਗੀ।ਵਿਅਕਤੀਤਵ ਨਿਰਮਾਣ ਦੇ ਲਈ ਇਹ ਇਕ ਪੌੜੀ ਹੈ।ਇਸ ਵਿਚ ਕੋਈ ਦੋ ਰੈਆਂ ਨਹੀ ਹਨ ਜਿਵੇ ਜਿਵੇ ਵਿਅਕਤੀਤਵ ਨਿਰਮਾਣ ਹੁੰਦਾ ਜਾਵੇਗਾ ਉਵੇ ਉਵੇ ਹੀ ਅਵਸਥਾ ਸੁਧਰਦੀ ਜਾਵੇਗੀ।ਸੱਚਾਈ ਦੇ ਰਸਤੇ ਤੇ ਚੱਲਕੇ ਨਿਆ ਦੇ ਲਈ ਲੜਾਈ ਲੜਨਾ ਤੇ ਅਵਸਥਾ ਨਿਰਮਾਣ ਦੇ ਵਿਚ ਸਹਿਯੋਗ ਕਰਨਾ ਸਭ ਤੇ ਵੱਡਾ ਕਰਮਯੋਗ ਹੈ।ਅਜਿਹਾ ਕਰਮਯੋਗ ਕਰਨ ਨਾਲ ਹੀ ਵਿਅਕਤੀਤਵ ਨਿਰਮਾਣ ਦੀ ਪ੍ਰਕ੍ਰਿਆਂ ਸੁਦ੍ਰਿੜ ਹੁੰਦੀ ਹੈ।

ਹੁਣ ਅਸੀ ਦੇਖਦੇ ਹੀ ਕਿ ਜਿਆਦਾਤਰ ਨੇਤਾ,ਅਫਸਰ,ਕਰਮਚਾਰੀ,ਅਧਿਕਾਰੀ ਚੋਰੀ ਕਰਦੇ ਹਨ।ਇਸ ਨਾਲ ਜਿਆਦਾਤਰ ਮਜਬੂਰੀ ਵਿਚ ਗਲਤ ਕੰਮ ਕਰਦੇ ਹਨ।ਜਦੋ ਉਹਨਾਂ ਨੂੰ ਸਹੀ ਅਵਸਥਾ ਦਿੱਤੀ ਜਾਵੇ ਤਾ ਉਹਨਾਂ ਵਿਚੋ ਕਈ ਠੀਕ ਹੋ ਸਕਦੇ ਹਨ ਤਾ ਵਿਅਕਤੀਤਵ ਨਿਰਮਾਣ ਤੇ ਅਵਸਥਾਂ ਨਿਰਮਾਣ ਦੋਹਾਂ ਕੰਮਾਂ ਲਈ ਆਤਮਿਕ ਸਾਂਤੀ ਜਰੂਰੀ ਹੈ।

# ਗ੍ਰਾਮ ਸਵਰਾਜ ਦੇ ਲਈ ਕਾਨੂੰਨ ਬਣੇ.......................................................

ਗ੍ਰਾਮ ਸਭਾਵਾਂ ਦੇ ਜਰੀਏ ਸਿੱਧਾ ਜਨਤਾ ਫੈਸਲਾ ਕਰੇ।ਇਸ ਦੇ ਲਈ ਕਾਨੂੰਨੀ ਢਾਂਚੇ ਵਿਚ ਸੋਧ ਕਰਨ ਦੀ ਲੋੜ ਹੈ।ਤਾ ਕਿ ਲੋਕ ਆਪਣੀ ਜ਼ਿੰਦਗੀ,ਨੀਤੀਆਂ ਤੇ ਨਿਰਮਾਣ ਦੀਆਂ ਜੁੰਮੇਵਾਰੀਆਂ ਖੁਦ ਲੈ ਸਕਣ।

## ਗ੍ਰਾਮ ਸਭਾਵਾਂ ਸਰਵਉਚ ਹੋਣੀਆਂ ਚਾਹੀਦੀਆਂ ਹਨ :

### ਸਮਸਿਆ :

ਵਰਤਮਾਨ ਸਮੇ ਵਿਚ ਪੰਚਾਇਤਾਂ ਨੂੰ ਬਹੁਤ ਹੀ ਘੱਟ ਅਧਿਕਾਰ ਦਿੱਤੇ ਗਏ ਹਨ।ਜੋ ਥੋੜੇ ਬਹੁਤੇ ਅਧਿਕਾਰ ਦਿੱਤੇ ਗਏ ਹਨ।ਉਹਨਾਂ ਤੇ ਸਰਪੰਚ,ਮੁੱਖੀਆਂ,ਪ੍ਰਧਾਨ ਦਾ ਹੀ ਕਬਜਾ ਹੁੰਦਾ ਹੈ। ਗ੍ਰਾਮ ਸਭਾਵਾਂ ਦਾ ਸਰਪੰਚ ਤੇ ਕੋਈ ਜ਼ੋਰ ਨਹੀ ਹੈ।ਉਹਨਾਂ ਨੂੰ ਸਰਪੰਚ ਦੇ ਚਮਚੇ ਬਣਾ ਦਿੱਤਾ ਹੈ।ਜਿਆਦਾਤਰ ਪੰਚਾਇਤੀ ਕਾਨੂੰਨਾ ਵਿਚ ਗ੍ਰਾਮ ਸਭਾਵਾਂ ਦੀ ਭੂਮਿਕਾਂ ਕੇਵਲ ਸਰਪੰਚਾਂ ਨੂੰ ਸਲਾਹ ਦੇਣ ਜੋਗੇ ਹੀ ਬਣਾ ਦਿੱਤਾ ਹੈ।ਜਿਸ ਨੂੰ ਸਰਪੰਚ ਮੰਨੇ ਜਾ ਨਾ।ਜਿਸ ਦੇ ਨਤੀਜੇ ਦੇ ਤੌਰ ਤੇ ਜਿਆਦਾ ਸਰਪੰਚ ਭਰਿਸਟ ਹੋ ਗਏ ਹਨ।ਪੰਚਾਇਤ ਦੇ ਕੰਮਾਂ ਵਿਚ ਸਰੇਆਮ ਹੋ ਰਹੇ ਭਰਿਸਟਾਚਾਰ ਨੂੰ ਲੋਕ ਬੇਵੱਸ ਹੋ ਕੇ ਦੇਖਦੇ ਰਹਿੰਦੇ ਹਨ।ਉਹ ਇਸ ਦੇ ਬਾਰੇ ਕੁਝ ਨਹੀ ਕਰ ਸਕਦੇ।ਪੰਚਾਇਤ ਦੇਕੰਮਾਂ ਤੇ ਗ੍ਰਾਮ ਸਭਾਵਾਂ ਦੀਆਂ ਮੀਟਿੰਗਾਂ ਤੋ ਲੋਕ ਦੂਰ ਰਹਿੰਦੇ ਹਨ।

ਜਦੋ ਸਰਪੰਚ ਕੁਝ ਗਲਤ ਕੰਮ ਕਰਦਾ ਹੈ,ਜਾਂ ਭਰਿਸਟਾਚਾਰ ਕਰਦਾ ਹੈ।ਉਸ ਨੂੰ ਠੀਕ ਕਰਨ ਦਾ ਅਧਿਕਾਰ ਕਾਨੂੰਨਣ ਲੋਕਾਂ ਨੂੰ ਨਹੀ ਦਿੱਤਾ ਜਾਦਾ।ਜਿਲਾ ਅਧਿਕਾਰੀ ਨੂੰ ਉਸਦੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਹੈ।ਇਕ ਜਿਲਾ ਅਧਿਕਾਰੀ ਦੇ ਅਧੀਨ ਲਗਭੱਗ 1000 ਪੰਚਾਇਤਾਂ ਆਉਦੀਆਂ ਹਨ।ਜਿਲਾ ਅਧਿਕਾਰੀ ਪਿੰਡਾਂ ਤੋ ਬਹੁਤ ਦੂਰ ਜਿਲਾ ਸਥਿਤ ਆਪਣੇ ਦਫਤਰ ਵਿਚ ਬੈਠਾ ਰਹਿੰਦਾ ਹੈ।ਭਲਾ ਉਸ ਨੂੰ ਕੀ ਪਤਾ ਹੈ ਕਿ ਸਰਪੰਚ ਚੰਗਾ ਹੈ ਜਾ ਬੁਰਾ ਹੈ।ਜਦੋ ਲੋਕ

ਜਿਲਾ ਅਧਿਕਾਰੀ ਦੇ ਕੋਲ ਸਰਪੰਚ ਦੀ ਸਕਾਇਤ ਕਰਦੇ ਹਨ ਤਾ ਜਿਆਦਾ ਮਾਮਲਿਆਂ ਵਿਚ ਉਹਨਾਂ ਦੀ ਸਿਕਾਇਤ ਤੇ ਕੋਈ ਕਾਰਵਾਈ ਨਹੀ ਹੁੰਦੀ।ਕਿਉਕਿ ਜਿਲਾ ਅਧਿਕਾਰੀ ਦੇ ਕੋਲ ਸਮਾਂ ਹੀ ਨਹੀ ਹੁੰਦਾ।ਜੇ ਸਰਪੰਚ ਕਿਸੇ ਸੱਤਾ ਧਾਰੀ ਪਾਰਟੀ ਨਾਲ ਸਬੰਧਿਤ ਹੋਵੇ ਜਾ ਕਿਸੇ ਵਿਧਾਇਕ,ਸੰਸਦ ਮੈਬਰ ਜਾ ਕਿਸੇ ਹੋਰ ਨਾਲ ਰਾਜਨੀਤਿਕ ਮਿਤਰਤਾ ਹੋਵੇ ਤਾ ਜਿਲਾ ਅਧਿਕਾਰੀ ਦਬਾਅ ਵਿਚ ਆ ਕੇ ਕੋਈ ਕਾਰਵਾਈ ਕਰਦਾ।ਇਸ ਪ੍ਰਕਾਰ ਸਰਪੰਚਾਂ ਦੇ ਖਿਲਾਫ ਕੋਈ ਕਾਰਵਾਈ ਨਹੀ ਹੁੰਦੀ।

ਉਲਟਾ ਜਿਲਾ ਅਧਿਕਾਰੀ ਪੱਧਰ ਤੱਕ ਇਸ ਅਧਿਕਾਰ ਦੀ ਦੁਰਵਰਤੋ ਕੀਤੀ ਜਾਦੀ ਹੈ।ਕਈ ਇਮਾਨਦਾਰ ਸਰਪੰਚਾਂ ਦੇ ਖਿਲਾਫ ਝੂਠੀ ਕਾਰਵਾਈ ਸੁਰੂ ਕਰ ਦਿੱਤੀ ਜਾਦੀ ਹੈ।ਕਈ ਜਿਲਾ ਅਧਿਕਾਰੀ ਦੇ ਕੋਲ ਕਈ ਪਿੰਡ ਹੁੰਦੇ ਹਨ।ਤਾ ਉਹ ਕੁਝ ਪਿੰਡਾਂ ਦਾ ਕੰਮ ਬੀ.ਡੀ.ਓ. ਨੂੰ ਜਾ ਕਿਸੇ ਹੋਰ ਅਧਿਕਾਰੀ ਨੂੰ ਸੌਪ ਦਿੰਦਾ ਹੈ।ਇਹ ਅਧਿਕਾਰੀ ਉਹਨਾਂ ਸਰਪੰਚਾਂ ਤੋ ਪੈਸਾ ਉਗਰਾਉਣ ਦਾ ਕੰਮ ਕਰਦੇ ਹਨ।ਜੋ ਸਰਪੰਚ ਪੈਸਾ ਨਹੀ ਦਿੰਦੇ ਕਈ ਵਾਰ ਉਹਨਾਂ ਦੇ ਖਿਲਾਫ ਫਰਜੀ ਕੇਸ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਜਾਦੀ ਹੈ।

## ਸੁਝਾਓ :

ਸਭ ਤੋ ਪਹਿਲਾ ਸਾਨੂੰ ਸਰਪੰਚ ਨੂੰ ਕੁਲੈਕਟਰ ਦੇ ਚੁੰਗਲ ਵਿਚੋ ਛਡਾਉਣਾ ਪਵੇਗਾ।ਸਿੱਧਾ ਜਨਤਾ ਨੂੰ ਜੁਆਬਦੇਹ ਬਣਾਉਣਾ ਪਵੇਗਾ।ਇਸ ਦੇ ਕੁਝ ਸਝਾਅ ਹੇਠਾਂ ਦਿੱਤੇ ਗਏ ਹਨ।

1. ਸਾਰੇ ਫੈਸਲੇ ਕਰਨ ਦਾ ਅਧਿਕਾਰ ਗ੍ਰਾਮ ਸਭਾਵਾਂ ਦੇ ਕੋਲ ਹੋਵੇ।ਗ੍ਰਾਮ ਸਭਾ ਦੁਆਰਾ ਲਿਆ ਗਿਆ ਫੈਸਲਾ ਆਖਰੀ ਹੋਵੇਗਾ।ਸਰਪੰਚ ਦਾ ਕੰਮ ਉਹਨਾਂ ਫੈਸਲਿਆਂ ਨੂੰ ਲਾਗੂ ਕਰਨਾ ਹੈ।

2. ਜਦੋ ਸਰਪੰਚ ਭਰਿਸਟਾਚਰ ਜਾ ਕਿਸੇ ਹੋਰ ਕੇਸ ਵਿਚ ਦੋਸੀ ਪਾਇਆ ਜਾਵੇ ਤਾ ਗ੍ਰਾਮ ਸਭਾਵਾਂ ਪੁਲਿਸ ਨੂੰ ਹੁਕਮ ਦੇ ਕੇ ਸਰਪੰਚ ਦੇ ਖਿਲਾਫ ਕੇਸ ਦਰਜ ਕਰਵਾਕੇ ਸਮੇ ਸਮੇ ਤੇ ਜਾਂਚ ਦੀ ਰਿਪੋਰਟ ਗ੍ਰਾਮ ਸਭਾ ਨੂੰ ਪ੍ਰਾਪਤ ਹੋਣੀ ਚਾਹੀਦੀ ਹੈ।

3. ਜਦੋ ਤੱਕ ਗ੍ਰਾਮ ਸਭਾਵਾਂ ਦੇ ਵੱਲੋ ਵਿਸੇਸ ਰੂਪ ਵਿਚ ਸੂਚਿਤ ਨਾ ਕੀਤਾ ਜਾਵੇ ਤਦ ਤਕ ਜਿਲਾ ਅਧਿਕਾਰੀ ਜਾ ਕਿਸੇ ਵੀ ਹੋਰ ਅਧਿਕਾਰੀ ਨੂੰ ਸਰਪੰਚ ਦੇ ਖਿਲਾਫ ਕੋਈ ਵੀ ਕਾਰਵਾਈ ਕਰਨ ਦਾ ਅਧਿਕਾਰ ਨਹੀ ਹੋਣਾ ਚਾਹੀਦਾ।
4. ਜੇ ਸਰਪੰਚ ਗ੍ਰਾਮ ਸਭਾ ਦੀ ਇੱਛਾ ਦਾ ਪਾਲਣ ਨਹੀ ਕਰਦਾ ਤਾ ਗ੍ਰਾਮ ਸਭਾ ਉਸ ਸਰਪੰਚ ਨੂੰ ਵਾਪਿਸ ਬੁਲਾ ਸਕੇ।ਜਦੋ ਅੱਧੋ ਤੋ ਜਿਆਦਾ ਵੋਟਰ ਬੇਭਰੋਸਗੀ ਦੇ ਮੱਤੇ ਤੇ ਦਸਤਖਤ ਕਰਕੇ ਰਾਜ ਸਰਕਾਰ ਨੂੰ ਦੇਣ ਤਾ ਰਾਜ ਸਰਕਾਰ 15 ਦਿਨ ਵਿਚ ਸਾਰੇ ਦਸਤਖਤਾਂ ਦੀ ਸਨਾਖਤ ਕਰਵਾਕੇ 1 ਮਹੀਨੇ ਦੇ ਵਿਚ ਬੇਭਰੋਸਗੀ ਦੇ ਗੁਪਤ ਮੱਤਦਾਨ ਕਰਵਾਏ।ਅਵਿਸਵਾਸ ਮੱਤਾ ਪਾਸ ਹੋਣ ਤੋ ਬਾਅਦ ਸਰਪੰਚ ਨੂੰ ਉਸਦੇ ਆਹੁਦੇ ਤੋ ਬਰਖਾਸਤ ਕਰਕੇ ਨਵਾ ਸਰਪੰਚ ਚੁਣਨ ਦੇ ਲਈ ਵੋਟਾਂ ਪਵਾਏ।

ਸਰਪੰਚਾਂ ਨੂੰ ਵਾਪਿਸ ਬਲਾਉਣ ਦਾ ਅਧਿਕਾਰ ਇਕ ਤਰਾ ਨਾਲ ਬਹੁਤ ਵੱਡਾ ਖਤਰਨਾਕ ਹਥਿਆਰ ਹੈ।ਇਸ ਦਾ ਇਸਤੇਮਾਲ ਅਣਸਰਦੇ ਨੂੰ ਹੀ ਕਰਨਾ ਚਾਹੀਦਾ ਹੈ।ਹਾਲਾ ਕਿ ਕਈ ਰਾਜਾਂ ਵਿਚ ਅੱਜ ਵੀ ਇਹ ਅਧਿਕਾਰ ਗ੍ਰਾਮ ਸਭਾਵਾਂ ਨੂੰ ਦਿੱਤਾ ਹੋਇਆਂ ਹੈ।ਇਹਨਾਂ ਰਾਜਾਂ ਵਿਚ ਗ੍ਰਾਮ ਸਭਾਵਾਂ ਨੇ ਇਸ ਦਾ ਪ੍ਰਯੋਗ ਵੀ ਕੀਤਾ ਹੈ।ਲੇਕਿਨ ਦੁੱਖ ਦੀ ਗੱਲ ਇਹ ਹੈ ਕਿ ਕਾਨੂੰਨ ਦੀ ਸਥਿਤੀ ਵਿਚ ਸਰਪੰਚ ਤੇ ਕਾਰਵਾਈ ਕਰਨ ਦਾ ਅਧਿਕਾਰ ਗ੍ਰਾਮ ਸਭਾਵਾਂ ਨੂੰ ਨਹੀ ਦਿੱਤੇ ਗਏ।ਸਥਿਤੀ ਇਹ ਹੈ ਕਿ ਜਾ ਤਾ ਸਰਪੰਚ ਨੂੰ ਰੱਖੋ ਜਾ ਉਸ ਨੂੰ ਹਟਾ ਦਿਉ।ਸਮੇ ਸਮੇ ਤੇ ਲੋਕ ਸਲਾਹਾਂ ਦੇ ਕੇ ਠੀਕ ਨਹੀ ਕਰ ਸਕਦੇ।ਪਿੰਡ ਵਿਚ ਸਰਪੰਚ ਨੂੰ ਹਟਾਉਣ ਦੇ ਲਈ ਤਿਆਰੀ ਜਦੋ ਵੀ ਸੁਰੂ ਹੁੰਦੀ ਹੈ।ਸਥਾਨਕ ਰਾਜਨੀਤੀ ਉਦੋ ਹੀ ਸੁਰੂ ਹੋ ਜਾਦੀ ਹੈ।ਨਾਲ ਹੀ ਇਸ ਨਾਲ ਜੁੜੇ ਪ੍ਰਭਾਵ ਦਿਖਾਈ ਦੇਣੇ ਸੁਰੂ ਹੋ ਜਾਦੇ ਹਨ।ਜਿਸ ਨਾਲ ਪਿੰਡ ਵਿਚ ਕਈ ਗਲਤ ਗਤੀਵਿਧੀਆਂ ਸੁਰੂ ਹੋ ਜਾਦੀਆਂ ਹਨ।ਜਿਸ ਨਾਲ ਸਰਪੰਚ ਦੇ ਖਿਲਾਫ ਅਵਿਸਵਾਸ ਦੇ ਮੱਤੇ ਤੇ ਅਗਾਹਵਧੂ ਵਹਿਸ ਨਹੀ ਹੋ ਸਕਦੀ।

ਸਾਡਾ ਮੰਨਣਾ ਹੈ ਕਿ ਜਦੋ ਗ੍ਰਾਮ ਸਭਾਵਾਂ ਨੂੰ ਕਾਨੂੰਨਣ ਸਾਰੇ ਕਿਸਮ ਦੇ ਫੈਸਲੇ ਕਰਨ ਦਾ ਅਧਿਕਾਰ ਮਿਲ ਜਾਵੇ ਤਾ ਲੋਕ ਸਮੇ ਸਮੇ ਤੇ ਸਰਪੰਚ ਨੂੰ ਦਿਸਾ ਨਿਰਦੇਸ ਦੇ ਸਕਣਗੇ।ਸਰਪੰਚ ਨੂੰ ਫਿਰ ਸਾਇਦ ਹਟਾਉਣ ਦੀ ਜਰੂਰਤ ਨਾ ਪਵੇ।ਨਿਰਣੇ ਲੈਣ ਦੀ ਹਰ ਇਕ ਪ੍ਰਕ੍ਰਿਆਂ ਵਿਚ ਗ੍ਰਾਮ ਸਭਾਵਾਂ ਦੇ ਨਾਲ ਸਾਂਝੀ ਰਾਏ ਹੋਵੇਗੀ।ਦੂਜੇ ਸਬਦਾਂ ਵਿਚ ਜੇ ਕਹਿ ਦੇਈਏ ਕਿ ਖਤਰਨਾਕ ਹਥਿਆਰ ਵਰਤਨ ਦੀ ਜਰੂਰਤ ਨਹੀ ਪਵੇਗੀ।

## ਪਿੰਡ ਪੱਧਰ ਦਾ ਕੰਮ ਪਿੰਡ ਪੱਧਰ ਤੇ ਹੋਵੇ:

### ਸਮਸਿਆ :

ਅਜ ਇਸ ਗੱਲ ਨੂੰ ਲੈ ਕੇ ਘੋਰ ਚਿੰਤਾ ਹੈ ਕਿ ਕਿਹੜਾ ਕੰਮ,ਕਿਹੜੀ ਸੰਸਥਾ ਕਿਸ ਦੇ ਅਧੀਨ ਆਉਦੇ ਹਨ?

### ਸੁਝਾਉ :

ਕਿਸੇ ਕੰਮ ਸੰਸਥਾਂ,ਸਥਾਨ ਦਾ ਪ੍ਰਬੰਧ ਕਿਸ ਦੇ ਅਧੀਨ ਹੋਵੇ

ਪਿਛੇ ਦੱਸੇ ਗਏ ਦੇ ਅਨੁਸਾਰ ਇਸਦੀਆਂ ਸੂਚੀਆਂ ਬਣਾ ਕੇ ਦਸਤਖਤ ਕਰਵਾ ਲਏ ਜਾਣ ਉਸ ਦੇ ਬਾਅਦ ਹਰ ਕੰਮ, ਸੰਸਥਾ,ਸਥਾਨ ਨੂੰ ਚਲਾਉਣ ਉਸਦੇ ਸਾਭ ਸੰਭਾਲ ਨਾਲ ਸਬੰਧਿਤ ਫੰਡ ਤੇ ਕਰਮਚਾਰੀ ਉਸ ਕਮੇਟੀ ਦੇ ਅਧੀਨ ਹੀ ਆਉਣਗੇ ਜਿਸ ਦੇ ਉਤੇ ਉਹਨਾਂ ਨੇ ਦਸਤਖਤ ਕੀਤੇ ਹੋਣਗੇ।

## ਸਰਕਾਰੀ ਕਰਮਚਾਰੀਆਂ ਤੇ ਕੰਟਰੋਲ:

### ਸਮਸਿਆ:

ਅੱਜ ਸਥਾਨਕ ਸਰਕਾਰੀ ਕਰਮਚਾਰੀਆਂ ਦੇ ਅੱਗੇ ਆਮ ਲੋਕ ਬੇਬੱਸ ਮਹਿਸੂਸ ਕਰਦੇ ਹਨ।

### ਸੁਝਾਉ :

1. ਵੱਖ ਵੱਖ ਕਮੇਟੀਆਂ ਨੂੰ ਸੌਂਪੇ ਗਏ ਕੰਮ,ਸੰਸਥਾ,ਸਥਾਨ ਦੇ ਨਾਲ ਜੁੜੇ ਸਾਰੇ ਕਰਮਚਾਰੀਆਂ ਦਾ ਪੂਰਾ ਪ੍ਰਬੰਧ (ਪ੍ਰਸਾਸਨਿਕ,ਕਾਰਿਆਕਾਰੀ)ਸੰਬਧਿਤ ਕਮੇਟੀ ਨੂੰ ਦਿੱਤਾ ਜਾਵੇਗਾ।ਅੱਗੇ ਤੋ ਸਾਰੇ ਕਰਮਚਾਰੀਆਂ ਨੂੰ ਉਸ ਪੰਚਾਇਤ ਦੇ ਕਰਮਚਾਰੀ ਮੰਨਿਆ ਜਾਵੇਗਾ ਜਿਥੇ ਉਹਨਾਂ ਦੀ ਨਿਯੁਕਤੀ ਕੀਤੀ ਹੋਵੇਗੀ।ਜਦੋ ਉਹ ਕਰਮਚਾਰੀ

ਸੇਵਾ ਮੁੱਕਤ ਹੋਵੇਗਾ ਤਾ ਉਸੇ ਪੰਚਾਇਤ ਕਮੇਟੀ ਵੱਲੋ ਉਸ ਦੀ ਜਗਾਂਹ ਤੇ ਸਿੱਧੀ ਭਰਤੀ ਕੀਤੀ ਜਾਵੇਗੀ।ਹੁਣ ਨਿਯੁਕਤੀਆਂ ਰਾਜ ਸਰਕਾਰ ਵੱਲੋ ਹੁੰਦੀਆਂ ਹਨ।

2. ਸਾਰੇ ਪੱਧਰਾਂ ਤੇ ਪੰਚਾਇਤਾਂ ਨੂੰ ਆਪਣੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਦੇ ਲਈ ਉਤਨੀ ਗਿਣਤੀ ਵਿਚ ਕਰਮਚਾਰੀ ਭਰਤੀ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।ਇਹਨਾ ਕਰਮਚਾਰੀਆਂ ਨੂੰ ਰਾਜ ਸਰਕਾਰ ਦੇ ਕਰਮਚਾਰੀ ਨਾ ਮੰਨਿਆ ਜਾਵੇ।ਇਹ ਪੰਚਾਇਤ ਦੇ ਕਰਮਚਾਰੀ ਹੋਣ।

3. ਪੰਚਾਇਤਾਂ ਦਾ ਆਪਣੇ ਕਰਮਚਾਰੀਆਂ ਦੇ ਉਪਰ ਅਨੁਸ਼ਾਸਨਾਤਮਕ ਅਧਿਕਾਰ ਹੋਣਾ ਚਾਹੀਦਾ ਹੈ।ਭਲੇ ਦੀ ਉਹ ਸਥਾਨਕ ਭਰਤੀ ਹੋਵੇ ਜਾ ਪੰਚਾਇਤ ਦੁਆਰਾ ਸਿੱਧੀ ਭਰਤੀ ਕੀਤੀ ਗਈ ਹੋਵੇ।ਯਾਨੀ ਦੀ ਗ੍ਰਾਮ ਸਭਾਵਾਂ ਆਪਣੇ ਕਰਮਚਾਰੀਆਂ ਨੂੰ ਚੇਤਾਵਨੀ ਦੇ ਸਕਣ,ਹਰ ਪ੍ਰਕਾਰ ਦੇ ਦੰਡ ਦੇਣ ਦੇ ਨਾਲ ਨਾਲ ਉਹਨਾਂ ਨੂੰ ਬਰਖਾਸਤ ਵੀ ਕਰ ਸਕਣ।

4. ਗ੍ਰਾਮ ਸਭਾਵਾਂ ਨੂੰ ਇਹ ਤਾਕਤ ਦਿੱਤੀ ਜਾਵੇ ਕਿ ਉਹ ਕਿਸੇ ਵੀ ਸਰਕਾਰੀ ਡੀਲਰ ਜਿਵੇ ਰਾਸਨ ਦੀ ਦੁਕਾਨ ਵਾਲੇ ਦਾ ਲਾਈਸੈਂਸ ਕੈਂਸਲ ਕਰਕੇ ਕਿਸੇ ਨਵੇ ਦੁਕਾਨਦਾਰ ਨੂੰ ਨਿਯੁਕਤ ਕਰ ਸਕਣ।

5. ਸਾਰੀਆਂ ਗ੍ਰਾਮ ਸਭਾਵਾਂ ਨੂੰ ਇਹ ਅਧਿਕਾਰ ਦਿੱਤਾ ਜਾਵੇ ਕਿ ਉਹ ਆਪਣੇ ਬਲਾਕ ਜਾਂ ਜਿਲਾ ਪੰਚਾਇਤ ਨੂੰ ਦਿਸਾ ਨਿਰਦੇਸ ਜਾਰੀ ਕਰ ਸਕਣ।ਜੇ ਲੋੜ ਪਵੇ ਤਾਂ ਉਸਨੂੰ -ਸੰਮਨ- ਉਥੇ ਹਾਜਰ ਹੋਣ ਦਾ ਆਦੇਸ ਦੇ ਸਕੇ।ਜਦੋ ਗ੍ਰਾਮ ਸਭਾ ਦੇ ਇਹਨਾਂ ਨਿਰਦੇਸਾਂ ਦਾ ਕਿਸੇ ਦੂਸਰੇ ਪਿੰਡ ਦੇ ਨਿਰਦੇਸਾਂ ਨਾਲ ਟਕਰਾ ਨਾ ਹੋਵੇ।ਤਾ ਉਹਨਾ ਨਿਰਦੇਸਾਂ ਨੂੰ ਸਬੰਧਿਤ ਅਧਕਾਰੀ ਦੇ ਲਈ ਜਰੂਰੀ ਮੰਨਿਆ ਜਾਵੇ ਟਕਰਾ ਦੀ ਸਥਿਤੀ ਵਿਚ ਉਸਦਾ ਹੱਲ ਉਪਯੁਕਤ ਪੱਧਰ ਦੀ ਪੰਚਾਇਤ ਪੱਧਰ ਤੇ ਕੀਤਾ ਜਾਣਾ ਚਾਹੀਦਾ ਹੈ।ਜਦੋ ਕੋਈ ਅਧਿਕਾਰੀ ਗ੍ਰਾਮ ਸਭਾ ਦੇ ਆਉਣ ਵਾਲੇ ਸੰਮਨਾਂ ਦੀ ਲੰਘਣਾ ਕਰਦਾ ਹੈ ਉਹਨਾਂ ਨੂੰ ਨਹੀ ਮੰਨਦਾ,ਅਜਿਹੀ ਸਥਿਤੀ ਵਿਚ ਗ੍ਰਾਮ ਸਭਾ ਦੇ ਕੋਲ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਸ ਸਬੰਧਿਤ ਅਧਿਕਾਰੀ ਨੂੰ ਫਿਟਕਾਰ ਲਗਾ ਸਕਣ ਉਸਨੂੰ ਜਰਮਾਨਾ ਲਗਾ ਸਕਣ।

## ਸਰਕਾਰੀ ਫੰਡਾਂ ਤੇ ਕੰਟਰੋਲ :

### ਸਮਸਿਆ :

ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਅਜਿਹੀਆਂ ਹਵਾਈ ਯੋਜਨਾਵਾਂ ਬਣਕੇ ਜਨਤਾ ਤੇ ਥੋਪ ਦਿੰਦੀਆਂ ਹਨ।ਜਿਸਦਾ ਲੋਕਾਂ ਦੀਆਂ ਸਮੱਸਿਆਵਾਂ ਨਾਲ ਕੋਈ ਲੈਣਾ ਦੇਣਾ ਨਹੀ ਹੁੰਦਾ।ਕਿਸ ਤਰਾਂ ਇਹ ਯੋਜਨਾਵਾਂ ਭਰਿਸਟਾਚਾਰ ਨੂੰ ਵਧਾਉਦੀਆਂ ਹਨ।ਜਨਤਾ ਦੀਆ ਜਰੂਰਤਾਂ ਤੋ ਪਰੇ ਹੈ।ਜਨਤਾ ਨੂੰ ਭੀਖ ਮੰਗਣ ਦੀ ਆਦਤ ਪਾ ਰਿਹਾ ਹੈ।ਇਸ ਬਾਰੇ ਵਿਸਥਾਰ ਨਾਲ ਪੁਸਤਕ ਵਿਚ ਹੀ ਚਰਚਾ ਕੀਤੀ ਜਾ ਚੁੱਕੀ ਹੈ।

### ਸੁਝਾਉ :

ਸਾਡਾ ਮੰਨਣਾ ਹੈ ਕਿ ਇਹਨਾ ਸਾਰੀਆਂ ਯੋਜਨਾਵਾਂ ਨੂੰ ਬੰਦ ਕਰ ਦਿੱਤਾ ਜਾਵੇ।ਪੰਚਾਇਤਾਂ ਨੂੰ ਦਿੱਤਾ ਜਾਣ ਵਾਲਾ ਬਹੁਤਾ ਫੰਡ ਕਿਸੇ ਵੀ ਯੋਜਨਾ ਵਿਚ ਨਾ ਬੰਨਿਆ ਹੋਵੇ।ਗ੍ਰਾਮ ਸਭਾਵਾਂ ਵਿਚ ਜਨਤਾ ਇਸਦਾ ਫੈਸਲਾ ਕਰੇ ਕਿ ਉਹ ਪੈਸੇ ਨੂੰ ਕਿਥੇ ਖਰਚ ਕਰਨਾ ਚਹੰਦੇ ਹਨ।

ਕੇਰਲ ਦੀ ਸਰਕਾਰ ਆਪਣੇ ਬੱਜਟ ਦਾ 40% ਸਿੱਧਾ ਪੰਚਾਇਤਾਂ ਨੂੰ ਭੇਜਦੀ ਹੈ।ਅੱਜ ਜਰੂਰਤ ਹੈ ਕਿ ਹਰ ਰਾਜ ਸਰਕਾਰ ਕੁਲ ਬੱਜਟ ਦਾ 50% ਸਿੱਧਾ ਪੰਚਾਇਤਾਂ ਨੂੰ ਮੁੱਕਤ ਰਾਸੀ ਦੇ ਰੂਪ ਵਿਚ ਭੇਜੇ।ਇਸ ਰਾਸੀ ਦੇ ਨਾਲ ਕੋਈ ਸਰਤ ਨਹੀ ਹੋਣੀ ਚਾਹੀਦੀ ਪਿੰਡ ਵਾਲੇ ਇਸ ਰਾਸੀ ਨੂੰ ਮਰਜੀ ਦੇ ਕੰਮਾਂ ਤੇ ਖਰਚ ਕਰਨ ਦਾ ਅਧਿਕਾਰ ਰੱਖਦੇ ਹੋਣ।

ਉਚ ਅਧਿਕਾਰੀਆਂ ਦੇ ਕੋਲ ਕਈ ਵਾਰ ਫੰਡ ਰਲੀਜ ਕਰਾਉਣ ਦੇ ਲਈ ਸਮਸਿਆ ਆਉਦੀ ਹੈ।ਉਹਨਾਂ ਨੂੰ ਰਿਸਵਤ ਦੇਣੀ ਪੈਦੀ ਹੈ।ਇਸ ਲਈ ਜਿਵੇ ਕਿ ਕੇਰਲ ਵਿਚ ਹੁੰਦਾ ਹੈ ਰਾਜ ਪੱਧਰ ਤੇ ਰਾਜ ਪੰਚਾਇਤ ਦਾ ਪੈਸਾ ਰਾਜ ਵਿਚ ਅਪ੍ਰੈਲ ਦੀ ਪਹਿਲੀ ਤਰੀਕ ਨੂੰ ਸਿੱਧਾ ਉਹਨਾਂ ਦੇ ਖਾਤੇ ਵਿਚ ਆ ਜਾਣਾ ਚਾਹੀਦਾ ਹੈ।ਇਸ ਨਾਲ ਪੰਚਾਇਤਾਂ ਨੂੰ ਫੰਡ ਰੀਲੀਜ਼ ਕਰਵਾਉਣ ਦੀ ਜਰੂਰਤ ਨਾ ਪਵੇ।

ਜਦੋ ਕਿਸੇ ਪਿੰਡ ਵਿਚ ਦਲਿਤਾਂ ਦਾ ਗਰੁੱਪ ਮੰਗ ਕਰੇ ਤਾਂ ਸਬੰਧਿਤ ਪਿੰਡ ਵਿਚ ਉਹਨਾਂ ਦੀ ਅਬਾਦੀ ਨੂੰ ਧਿਆਨ ਵਿਚ ਰੱਖਕੇ ਗ੍ਰਾਮ ਪੰਚਾਇਤ ਦੇ ਫੰਡ ਦਾ ਇੱਕ ਨਿਸਚਿਤ ਕੀਤਾ ਹਿੱਸਾ ਉਸ ਦਲਿੱਤ ਗ੍ਰਾਮ ਸਭਾ ਨੂੰ ਦਿੱਤਾ ਜਾਣਾ ਚਾਹੀਦਾ ਹੈ।ਇਸ ਨਾਲ ਇਹ ਨਿਸਚਿਤ ਕੀਤਾ ਜਾਵੇ ਕਿ ਦਲਿੱਤਾਂ ਤੇ ਉਸ ਪਿੰਡ ਦੇ ਦੂਸਰੇ ਵਰਗਾਂ ਦਾ ਕੋਈ ਜ਼ੋਰ ਨਾ ਚੱਲੇ।

## ਬਲਾਕ ਤੇ ਜਿਲਾ ਪੰਚਾਇਤਾਂ ਤੇ ਅਧਿਕਾਰ:

## ਸਮਸਿਆ :

ਮੌਜੂਦਾ ਹਾਲਾਤ ਵਿਚ ਗ੍ਰਾਮ ਪੰਚਾਇਤ ਮੱਧ ਪੱਧਰ ਤੇ ਜਿਲਾ ਪੱਧਰ ਪੰਚਾਇਤਾਂ ਦੇ ਅਧੀਨ ਹੋ ਕੇ ਕੰਮ ਕਰਦੀ ਹੈ।ਮੱਧ ਪੱਧਰ ਪੰਚਾਇਤਾਂ ਗ੍ਰਾਮ ਪੰਚਾਇਤਾਂ ਦੇ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੰਦੀਆਂ ਹਨ। ਗ੍ਰਾਮ ਸਭਾ ਦੇ ਕੰਮਾਂ ਦਾ ਭੁਗਤਾਨ ਵੀ ਮੱਧ ਪੱਧਰ ਪੰਚਾਇਤਾਂ ਤੇ ਜਿਲਾ ਪੱਧਰ ਪੰਚਾਇਤਾਂ ਦੁਆਰਾ ਹੁੰਦਾ ਹੈ।ਇਹਨਾਂ ਮੱਧ ਪੱਧਰ ਪੰਚਾਇਤਾਂ ਤੇ ਜਿਲਾ ਪੱਧਰ ਪੰਚਾਇਤਾਂ ਦੇ ਕੰਮ ਕਾਜ ਤੇ ਜਨਤਾ ਦਾ ਕੋਈ ਨਿਰਣਾ ਨਹੀ ਹੁੰਦਾ

## ਸੁਝਾਉ :

ਗ੍ਰਾਮ ਸਭਾਵਾਂ ਮੱਧ ਪੱਧਰ ਤੇ ਜਿਲਾ ਪੰਚਾਇਤਾਂ ਦੇ ਨੀਚੇ ਹੋਣ ਦੀ ਬਜਾਏ ਉਹਨਾਂ ਤੇ ਸਿੱਧਾ ਸਿੱਧਾ ਨਿਰਣੇ ਕਰ ਸਕਣ,ਸਾਨੂੰ ਅਜਿਹੀ ਵਿਵਸਥਾ ਬਣਾਉਣੀ ਪਵੇਗੀ।ਸਾਡਾ ਪ੍ਰਸਤਾਵ ਹੈ ਕਿ ਲੋਕ ਆਪਣੀ ਗ੍ਰਾਮ ਸਭਾ ਤੇ ਗ੍ਰਾਮ ਪ੍ਰਧਾਨਾਂ ਦੇ ਰਾਹੀ ਮੱਧ ਪੱਧਰ ਤੇ ਜਿਲਾ ਪੰਚਾਇਤਾਂ ਤੇ ਸਿੱਧੀ ਨਿਗਰਾਨੀ ਰੱਖ ਸਕਣ।

1. ਗ੍ਰਾਮ ਸਭਾਵਾਂ ਦੇ ਨਿਰਣੇ ਦੇ ਪ੍ਰਸਤਾਵ ਆਖਰੀ ਹੋਣ,ਉਹਨਾਂ ਤੇ ਕਿਸੇ ਵੀ ਪੱਧਰ ਤੇ ਪ੍ਰਸਾਸਨਿਕ,ਆਰਥਿਕ ਆਦਿ ਕਿਸੇ ਤਰਾ ਦੀ ਮਨਜ਼ੂਰੀ ਲੈਣ ਦੀ ਜਰੂਰਤ ਨਾ ਪਵੇ।

2. ਕੋਈ ਵੀ ਨਵੀ ਯੋਜਨਾ ਸੁਰੂ ਕਰਨ ਤੋ ਪਹਿਲਾ ਬਲਾਕ ਜਾਂ ਜਿਲਾ ਪੰਚਾਇਤਾਂ ਨੂੰ ਉਸ ਨਾਲ ਪ੍ਰਭਾਵਿਤ ਸਾਰੀਆਂ ਗ੍ਰਾਮ ਸਭਾਵਾਂ ਤੋ ਮਨਜ਼ੂਰੀ ਲੈਣੀ ਪਵੇ।ਦੂਸਰਾ ਹੋਰ ਕੋਈ ਗ੍ਰਾਮ ਸਭਾ ਆਪਣੇ ਬਲਾਕ ਜਾ ਜਿਲਾ ਪੰਚਾਇਤ ਨੂੰ ਕੋਈ ਨਵੀ ਪਰਯੋਜਨਾ ਸੁਰੂ ਕਰਨ ਵੇਲੇ ਸੁਝਾਉ ਦੇ ਸਕਦੀਆਂ ਹਨ।ਕਿਸੇ ਵੀ ਨਿਰਣੇ ਨੂੰ ਤਾ ਹੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਜਦੋ ਸਾਰੀਆਂ ਗ੍ਰਾਮ ਸਭਾਵਾਂ ਨੇ ਉਸਨੂੰ ਮਨਜੂਰੀ ਦੇ ਦੇਤੀ ਹੋਵੇ।

3. ਸਰਪੰਚ ਕੇਵਲ ਗ੍ਰਾਮ ਸਭਾ ਤੇ ਬਲਾਕ ਪੰਚਾਇਤ ਦੇ ਵਿਚ ਪੁਲ ਦਾ ਕੰਮ ਕਰੇਗਾ।ਬਲਾਕ ਪੰਜਾਇਤ ਨਾਲ ਕੋਈ ਵਾਅਦਾ ਕਰਨ ਤੋ ਪਹਿਲਾ ਸਰਪੰਚ ਨੂੰ ਗ੍ਰਾਮ ਸਭਾ ਤੋ ਮਨਜੂਰੀ ਲੈਣੀ ਪਵੇਗੀ।ਇਸ ਪ੍ਰਕਾਰ ਬਲਾਕ ਪੰਚਾਇਤ ਦੇ ਅਧਿਕਾਰੀ ਨੂੰ ਜਿਲਾ ਪੱਧਰ ਤੇ ਕੋਈ ਵਾਅਦਾ ਕਰਨ ਤੋ ਪਹਿਲਾ ਆਪਣੀ ਬਲਾਕ ਪੰਚਾਇਤ ਤੋ ਪ੍ਰਮਿਸਨ ਲੈਣੀ ਪਵੇਗੀ। ਗ੍ਰਾਮ ਸਭਾ ਚਾਹੇ ਤਾਂ ਸਰਪੰਚ ਨੂੰ ਇਕ ਹੱਦ ਤਕ ਮਨਜੂਰੀ ਨਾ ਲੈਣ ਦੀ ਇਜਾਜਤ ਦੇ ਸਕਦੀ ਹੈ।ਲੇਕਿਨ ਇਹ ਛੋਟ ਸੀਮਿਤ ਹੀ ਹੋਵੇਗੀ।

## ਨੀਤੀ ਨਿਰਣਿਆਂ ਤੇ ਵਿਧਾਨ ਸਭਾ ਤੇ ਸਿੱਧਾ ਦਖਲ:

### ਸਮਸਿਆ :

ਭਾਰਤ ਵਿਚ ਪ੍ਰਤੀਨਿਧਤ ਲੋਕਤੰਤਰ ਹੈ।ਯਾਨਿ ਕਿ ਸਾਨੂੰ ਆਪਣੇ ਪ੍ਰਤੀਨਿਧ ਚੁਣਨ ਦਾ ਹੱਕ ਹੈ।ਫਿਰ ਦੋ ਚੋਣਾਂ ਦੇ ਵਿਚਕਾਰ ਸਾਡਾ ਉਹਨਾਂ ਤੇ ਕੋਈ ਹੱਕ ਨਹੀ ਹੈ।ਰਾਜ ਜਾਂ ਕੇਂਦਰ ਦੁਆਰ ਬਣਾਏ ਜਾਣ ਵਾਲੇ ਕਾਨੂੰਨਾਂ ਤੇ ਸਾਡਾ ਕੋਈ ਦਖਲ ਨਹੀ ਹੁੰਦਾ।ਪਿਛਲੇ ਕੁਝ ਸਾਲਾ ਵਿਚ ਅਜਿਹਾ ਦੇਖਣ ਨੂੰ ਮਿਲਿਆ ਹੈ ਕਿ ਸਰਕਾਰਾਂ ਅਜਿਹੇ ਕਾਨੂੰਨ ਬਣਾ ਰਹੀਆ ਹਨ ਜ਼ੋ ਅਕਸਰ ਹੀ ਜਨਤਾ ਦੇ ਹਿੱਤਾ ਦੇ ਵਿਰੁਧ ਹੁੰਦੇ ਹਨ।ਕੁਝ ਦੇਸੀ ਵਿਦੇਸੀ ਕੰਪਨੀਆਂ ਨੂੰ ਫਾਇਦਾ ਪਹੁਚਾਣ ਦੇ ਲਈ ਵਿਦੇਸੀ ਸਰਕਾਰਾਂ ਦੇ ਦਬਾਉ ਥੱਲੇ ਬਣਾਏ ਜਾਦੇ ਹਨ।ਇਹਨਾਂ ਤੇ ਰੋਕ ਲਾਉਣ ਦੀ ਜਰੂਰਤ ਹੈ।

## ਸੁਝਾਉ :

ਕਾਨੂੰਨਾਂ ਦੇ ਬਣਨ ਵਿਚ ਜਨਤਾ ਦਾ ਕੁਝ ਹੱਦ ਤੱਕ ਸਿੱਧਾ ਦਖਲ ਹੋਣਾ ਚਾਹੀਦਾ ਹੈ।ਇਹ ਹੱਕ ਲੋਕਾਂ ਨੂੰ 2 ਤਰਾਂ ਨਾਲ ਦੇਣਾ ਚਾਹੀਦਾ ਹੈ।

(a) ਨਵੇ ਕਾਨੂੰਨਾਂ ਤੇ ਨਵੀਆਂ ਨੀਤੀਆਂ ਬਣਾਉਣ ਵਿਚ ਜਨਤਾ ਦੀ ਭਮਿਕਾ

ਜਦੋ 5% ਤੋ ਅਧਿਕ ਗ੍ਰਾਮ ਸਭਾਵਾਂ ਕਿਸੇ ਕਾਨੂੰਨ ਜਾ ਨੀਤੀ ਨੂੰ ਬਣਾਉਣ ਦਾ ਪ੍ਰਸਤਾਵ ਦੇ ਦੇਵੇ ਤਾ ਰਾਜ ਸਰਕਾਰ ਉਸ ਪ੍ਰਸਤਾਵ ਦੀ ਇਕ ਕਾਪੀ ਸਾਰੀਆਂ ਗ੍ਰਾਮ ਸਭਾਵਾਂ ਨੂੰ ਭੇਜੇ,ਜਦੋ ੫੦# ਤੋ ਵੱਧ ਗ੍ਰਾਮ ਸਭਾਵਾਂ ਉਸ ਪ੍ਰਸਤਾਵ ਨੂੰ ਪਾਸ ਕਰ ਦੇਣ ਤਾ ਰਾਜ ਸਰਕਾਰ ਨੂੰ ਉਹ ਕਾਨੂੰਨ ਬਣਾਉਣਾ ਪਵੇਗਾ,ਜਾ ਨੀਤੀ ਨੂੰ ਲਾਗੂ ਕਰਨਾ ਪਵੇਗਾ,ਇਸ ਪ੍ਰਕਾਰ ਗ੍ਰਾਮ ਸਭਾਵਾਂ ਨੂੰ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਕਾਨੂੰਨ ਨੂੰ ਪੂਰਨ ਤੌਰ ਤੇ ਜਾਂ ਕਿਸੇ ਵੀ ਭਾਗ ਨੂੰ ਰੱਦ ਕਰਵਾ ਸਕਦੇ ਹੋਣ।ਕਿਸੇ ਵੀ ਸਰਕਾਰੀ ਨੀਤੀ ਅਤੇ ਯੋਜਨਾ ਨੂੰ ਪਾਸ ਜਾ ਰੱਦ ਕਰਵਾ ਸਕਣ।
ਇਸ ਨਾਲ ਜਨਤਾ ਵੱਖ ਵੱਖ ਖੇਤਰਾਂ ਵਿਚ ਸਿੱਧੀ ਦਖਲ ਦੇ ਸਕਦੀ ਹੈ।ਜਿਵੇ ਪੁਲਿਸ ਸੁਧਾਰ,ਨਿਆਨਿਕ ਸੁਧਾਰ,ਭਰਿਸਟਾਚਾਰ ਵਿਰੋਧੀ ਕਾਨੂੰਨਾਂ ਦਾ ਨਿਰਮਾਣ ਆਦਿ,ਇਸ ਨਾਲ ਸੁਧਾਰਾਂ ਦਾ ਇਕ ਨਵਾ ਅਧਿਆਏ ਸੁਰੂ ਹੋਵੇਗਾ।

(b) ਸੰਸਦ ਜਾ ਰਾਜ ਸਰਕਾਰਾਂ ਨੂੰ ਜਾਰੀ ਕੀਤੇ ਸਾਰੇ ਕਾਨੂੰਨਾਂ ਤੇ ਪ੍ਰਸਤਾਵਾਂ ਤੇ ਜਨਤਾ ਦੀ ਰਾਏ ਲਵੇ :

ਸੰਵਿਧਾਨ ਦੇ ਅਨੁਸਾਰ ਸਥਾਨਕ ਵਿਧਾਨ ਸਭਾ ਤੇ ਸਾਂਸਦ ਬਲਾਕ ਤੇ ਜਿਲਾ ਪੰਚਾਇਤਾਂ ਦੇ ਮੁੱਖੀ ਹੁੰਦੇ ਹਨ।ਪਰ ਕਾਨੂੰਨਾ ਵਿਚ ਉਹਨਾਂ ਦੀ ਕੋਈ ਭੂਮਿਕਾ ਨਹੀ ਹੈ।ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਵਿਧਾਨ ਸਭਾ ਦੇ ਮੈਬਰ ਜਾ ਸੰਸਦ (ਅਵਿਸਵਾਸ ਦੇ ਮੱਤੇ ਨੂੰ ਛੱਡ ਕੇ) ਇਕ ਬਲਾਕ ਪੰਚਾਇਤ (ਜਿਲਾ ਪ੍ਰੀਸਦ)ਵਿਚ ਲੈਕੇ ਆਉਣ ਉਸਦੀ ਇਕ ਇਕ ਕਾਪੀ ਉਸ ਬਲਾਕ ਜਾ ਜਿਲਾ ਪੰਚਾਇਤ ਦੀਆ ਸਾਰੀਆਂ ਗ੍ਰਾਮ ਸਭਾਵਾਂ ਦੇ ਪ੍ਰਤੀਨਿਧਾਂ ਨੂੰ ਵੰਡੀਆਂ ਜਾਣ।ਸਾਰੀਆਂ ਗ੍ਰਾਮ ਸਭਾਵਾਂ ਵਿਚ ਉਹਨਾਂ ਤੇ ਵਿਚਾਰ ਚਰਚਾ ਹੋਵੇ ਤੇ ਗ੍ਰਾਮ ਸਭਾਵਾਂ ਦੀ ਸਾਝੀ ਰੈਅ ਦੇ ਅਧਾਰ ਤੇ ਵਿਧਾਨ ਸਭਾ ਜਾ ਸੰਸਦ ਵਿਚ ਆਪਣੀ ਰਾਇ ਰੱਖੇ

## ਗ੍ਰਾਮ ਸਭਾ ਦੁਆਰਾ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ:

## ਸਮਸਿਆਂ :

ਰਾਜ ਸਰਕਾਰ ਦੁਆਰਾ ਲਏ ਜਾਣ ਵਾਲੇ ਕਈ ਫੈਸਲਿਆਂ ਦੀ ਜਨਤਾ ਨੂੰ ਕੋਈ ਜਾਣਕਾਰੀ ਨਹੀ ਹੁੰਦੀ।ਜਿਨਾ ਦਾ ਉਹਨਾਂ ਦੀ ਜ਼ਿੰਦਗੀ ਤੇ ਸਿੱਧਾ ਅਸਰ ਹੁੰਦਾ ਹੈ।

## ਸੁਝਾਉ :

ਗ੍ਰਾਮ ਸਭਾਵਾਂ ਨੂੰ ਇਹ ਅਧਿਕਾਰ ਮਿਲਣਾ ਚਾਹੀਦਾ ਹੈ ਕਿ ਉਹ ਰਾਜ ਪੱਧਰ ਤੱਕ ਦੇ ਵੀ ਅਧਿਕਾਰੀ ਤੋ ਉਹ ਸੂਚਨਾ ਮੰਗ ਸਕੇ ਜੋ ਅਸਿੱਧੇ ਜਾ ਸਿੱਧੇ ਰੂਪ ਵਿਚ ਪਿੰਡ ਨਾਲ ਸਬੰਧਤ ਹੋਵੇ।ਮੰਗੀ ਗਈ ਸੂਚਨਾ ਨਾ ਦੇਣ ਦੀ ਸੂਰਤ ਵਿਚ ਸਬੰਧਿਤ ਅਧਿਕਾਰੀ ਨੂੰ ੨੫ ਹਜਾਰ ਰੁਪਏ ਤਕ ਦਾ ਜਰਮਾਨਾ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

# ਪੰਚਾਇਤ ਸਕੱਤਰ ਦੇ ਉਪਰ ਕੰਟਰੋਲ:

## ਸਮਸਿਆ :

ਪੰਚਾਇਤ ਸਕੱਤਰ ਦੀ ਨਿਯੁਕਤੀ ਰਾਜ ਸਰਕਾਰ ਦੁਆਰਾ ਕੀਤੀ ਜਾਦੀ ਹੈ।ਉਹ ਸਰਪੰਚ ਤੇ ਹੋਰ ਅਧਿਕਾਰੀਆਂ ਨਾਲ ਮਿਲਕੇ ਭਰਿਸਟਾਚਾਰ ਕਰਦਾ ਹੈ।ਜਨਤਾ ਦੇ ਪ੍ਰਤੀ ਕੋਈ ਵੀ ਜਵਾਬਦੇਹ ਨਹੀ ਹੈ।ਜਨਤਾ ਦਾ ਉਸ ਤੇ ਕੋਈ ਜੋਰ ਨਹੀ ਹੈ।

## ਸੁਝਾਉ:

ਪੰਚਾਇਤ ਸਕੱਤਰ ਦੀ ਨਿਯੁਕਤੀ ਗ੍ਰਾਮ ਸਭਾਵਾਂ ਦੁਆਰਾ ਹੋਣੀ ਚਾਹੀਦੀ ਹੈ।ਉਸਦਾ ਕੰਮ ਕੇਵਲ ਗ੍ਰਾਮ ਸਭਾਵਾਂ ਦੇ ਨਿਰਣਿਆਂ ਨੂੰ ਲਾਗੂ ਕਰਨਾ ਹੋਣਾ ਚਾਹੀਦਾ ਹੈ। ਗ੍ਰਾਮ ਸਭਾਵਾਂ ਦਾ ਉਸ ਤੇ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ।ਜਿਸ ਵਿਚ ਉਸ ਨੂੰ ਦੰਡ ਦੇਣ,ਤਨਖਾਹ ਰੋਕਣ ਤੇ ਜੇ ਜਰੂਰਤ ਪਵੇ ਤਾ ਬਰਖਾਸਤ ਕਰਨ ਦਾ ਅਧਿਕਾਰ ਵੀ ਹੋਣਾ ਚਾਹੀਦਾ ਹੈ।

## ਪੰਚਾਇਤਾਂ ਵਿਚ ਭਰਿਸ਼ਟਾਚਾਰ ਦਾ ਮਾਮਲਾ:

## ਸਮਸਿਆ :

ਸਰਕਾਰੀ ਕੰਮਾਂ ਵਿਚ ਭਾਰੀ ਭਰਿਸਟਾਚਾਰ ਦੇਖਿਆ ਜਾ ਸਕਦਾ ਹੈ।ਕਈ ਵਾਰੀ ਤਾਂ ਬਹੁਤ ਹੀ ਘਟੀਆਂ ਤੇ ਕਾਗਜ਼ੀ ਕੰਮਾਂ ਦੇ ਲਈ ਵੀ ਭੁਗਤਾਨ ਕਰ ਦਿੱਤਾ ਜਾਦਾ ਹੈ।ਜਨਤਾ ਸਿਕਾਇਤ ਕਰਦੀ ਹੈ।ਪਰ ਕੋਈ ਸੁਣਵਾਈ ਨਹੀ ਹੁੰਦੀ ਇਸ ਤਰਾ ਭਰਿਸ਼ਟਾਚਾਰ ਦੇ ਪਿਛੇ ਦੋ ਕਾਰਨ ਹਨ।

1. ਜਦੋ ਵੀ ਕਦੇ ਪਿੰਡ ਵਿਚ ਸਰਕਾਰੀ ਕੰਮ ਹੁੰਦਾ ਹੈ ਤਾਂ ਕਈ ਸਰਕਾਰੀ ਅਧਿਕਾਰੀ ਉਥੇ ਮੌਜੂਦ ਇਹ ਫੈਸਲਾ ਕਰਦੇ ਹਨ ਕਿ ਸਾਰਾ ਕੰਮ ਤਸੱਲੀਬਖਸ ਹੋ ਗਿਆ ਹੈ।ਤੇ ਇਸ ਦੇ ਲਈ ਭੁਗਤਾਨ ਕਰ ਦਿੱਤਾ ਜਾਵੇ।ਇਸ ਸਬੰਧ ਵਿਚ ਗ੍ਰਾਮ ਸਭਾਵਾਂ ਜਾ ਲੋਕਾਂ ਨੂੰ ਨਹੀ ਪੁੱਛਿਆ ਜਾਦਾ। ਜਿਵੇ ਉਤਰਪ੍ਰਦੇਸ ਵਿਚ ਇਕ ਐਸ.ਡੀ.ਐਮ. ਇਹ ਤਸਦੀਕ ਕਰਦਾ ਹੈ ਕਿ ਕਿਸੇ ਨਹਿਰ ਦੀ ਸਫਾਈ ਠੀਕ ਹੋ ਗਈ ਹੈ।ਯਾਨੀ ਰਿਸਵਤ ਲੈ ਕੇ ਐਸ.ਡੀ.ਐਮ. ਇਹ ਤਸਦੀਕ ਕਰ ਦਿੰਦਾ ਹੈ।ਭਲਾ ਨਹਿਰ ਵਿਚ ਕੋਈ ਕੰਮ ਹੋਇਆ ਹੈ ਜਾਂ ਨਹੀ,ਉਹ ਕਿਸਾਨ ਜੋ ਇਸ ਨਹਿਰ ਦੇ ਪਾਣੀ ਦਾ ਉਪਯੋਗ ਕਰਦੇ ਹਨ ਉਹਨਾਂ ਨੂੰ ਕੋਈ ਨਹੀ ਪੁਛਦਾ।

2. ਦੂਸਰਾ ਕਾਰਨ ਇਹ ਹੈ ਕਿ ਜਦੋ ਉਹਨਾਂ ਅਧਿਕਾਰੀਆ ਦੇ ਖਿਲਾਫ ਸਿਕਾਇਤ ਕੀਤੀ ਜਾਦੀ ਹੈ ਤਾ ਉਹਨਾਂ ਦੀ ਜਾਂਚ ਸਬੰਧਿਤ ਮਹਿਕਮੇ ਦੇ ਉਚ ਅਧਿਕਾਰੀ ਹੀ ਕਰਦੇ ਹਨ।ਉਹ ਲਾਪਰਵਾਹੀ ਵੱਸ ਜਾ ਰਿਸਵਤ ਲੈ ਕੇ ਜਾ ਫਿਰ ਰਾਜਨੀਤਕ ਦਬਾਊ ਵਿਚ ਉਹਨਾਂ ਸਿਕਾਇਤਾਂ ਤੇ ਕੋਈ ਕਾਰਵਾਈ ਨਹੀ ਕਰ ਸਕਦੇ।

## ਸੁਝਾਉ:

ਸਾਡੀ ਇਹ ਰੈਅ ਹੈ ਕਿ ਉਪ੍ਰੋਕਤ ਦੋਹਾਂ ਮਾਮਲਿਆਂ ਵਿਚ ਗ੍ਰਾਮ ਸਭਾ ਨੂੰ ਹੇਠ ਲਿਖੇ ਅਧਿਕਾਰ ਦਿੱਤੇ ਜਾਣ

1. ਜਦੋ ਤੱਕ ਗ੍ਰਾਮ ਸਭਾ ਦੀ ਸੰਤੁਸ਼ਟੀ ਪ੍ਰਮਾਣ ਪੱਤਰ ਨਾ ਦੇਵੇ ਤਦ ਤੱਕ ਪਿੰਡ ਦੇ ਕਿਸੇ ਵੀ ਸਰਕਾਰੀ ਕੰਮ ਦਾ ਭੁਗਤਾਨ ਨਾ ਕੀਤਾ ਜਾਵੇ।ਜਦੋ ਗ੍ਰਾਮ ਸਭਾ ਤੇ ਪਿੰਡ ਦੇ ਲੋਕਾਂ ਦੀ ਤਸੱਲੀ ਨਾ ਹੋਵੇ ਤਾਂ ਉਹ ਭੁਗਤਾਨ ਰੋਕਣ ਦੇ ਨਾਲ ਨਾਲ ਜਾਂਚ ਕਰਕੇ ਘਟੀਆਂ ਕੰਮਾਂ ਦੇ ਕਾਰਨਾਂ ਦੀ ਪੜਤਾਲ ਵੀ ਕਰ ਸਕੇ।ਦੋਸੀਆਂ ਦੀ ਪਛਾਣ ਕਰਕੇ ਸਾਰੀਆਂ ਕਮੀਆਂ ਦੂਰ ਕਰਨ ਦੇ ਆਦੇਸ ਵੀ ਦੇ ਸਕੇ।ਜੇ ਦੋਸੀ ਕਰਮਚਾਰੀ ਪੰਚਾਇਤ ਦੇ ਕਿਸੇ ਵੀ ਪੱਧਰ ਤੇ ਸਬੰਧਿਤ ਹੋਵੇ ਤਾ ਵੀ ਗ੍ਰਾਮ ਸਭਾ ਉਸ ਦੇ ਖਿਲਾਫ ਕਾਰਵਾਈ ਕਰ ਸਕੇ ਇਹ ਵੀ ਅਧਿਕਾਰ ਗ੍ਰਾਮ ਸਭਾ ਨੂੰਂ ਹੋਣਾ ਚਾਹੀਦਾ ਹੈ।

2. ਜਦੋ ਅਪਰਾਧਿਕ ਭਰਿਸਟਾਚਾਰ ਦਾ ਮਾਮਲਾ ਬਣਦਾ ਹੈ ਤਾ ਗ੍ਰਾਮ ਸਭਾ ਪੁਲਿਸ ਦੇ ਕੋਲ ਮਾਮਲਾ ਦਰਜ ਕਰਵਾ ਸਕਦੀ ਹੋਵੇ।ਸਮੇ ਸਮੇ ਤੇ ਉਸ ਕੇਸ ਦੀ ਕਾਰਵਾਈ ਬਾਰੇ ਜਾਣਕਾਰੀ ਲੈਣ ਤੇ ਉਸ ਕੇਸ ਬਾਰੇ ਆਪਣੇ ਵਿਚਾਰ ਦੇਣ ਦਾ ਹੱਕ ਵੀ ਹੋਵੇ।

## ਪਿੰਡਾਂ ਵਿਚ ਸ਼ਰਾਬ ਦੀ ਲਤ:

### ਸਮਸਿਆ :

ਅੱਜ ਦੇ ਸਮੇ ਵਿਚ ਸ਼ਰਾਬ ਦੀ ਵਿਕਰੀ ਲਈ ਰਾਜਸੀ ਲੀਡਰਾਂ ਦੀ ਸਿਫਾਰਸ ਨਾਲ ਲਾਈਸੈਂਸ ਦੇ ਦਿੱਤਾ ਜਾਦਾ ਹੈ।ਉਹ ਰਿਸ਼ਵਤ ਲੈ ਕੇ ਲਾਈਸੈਸ ਦਿੰਦੇ ਹਨ।ਸ਼ਰਾਬ ਦੀਆਂ ਦੁਕਾਨਾਂ ਦੇ ਕਾਰਨ ਹੀ ਕਈ ਤਰਾ ਦੀਆਂ ਸਮਸਿਆਵਾਂ ਪੈਦਾ ਹੋ ਜਾਦੀਆਂ ਹਨ।ਲੋਕਾਂ ਦਾ ਪਰਵਾਰਿਕ ਜੀਵਨ ਤਬਾਹ ਹੋ ਜਾਦਾ ਹੈ।ਸੋਚਣਾ ਇਹ ਹੈ ਕਿ ਇਸ ਦੇ ਪ੍ਰਭਾਵ ਨਾਲ ਜ਼ੋ ਲੋਕ ਸਿੱਧੇ ਹੀ ਪ੍ਰਭਾਵਿਤ ਹੁੰਦੇ ਹਨ।ਉਹਨਾਂ ਨੂੰ ਇਸ ਗੱਲ ਦੇ ਲਈ ਕੋਈ ਨਹੀ ਪੁਛਦਾ ਕਿ ਕੀ ਸ਼ਰਾਬ ਦੀ ਦੁਕਾਨ ਖੁਲਣੀ ਚਾਹੀਦੀ ਹੈ ਜਾ ਨਹੀ?ਉਹਨਾਂ ਤੇ ਥੋਪ ਦਿੱਤੀ ਜਾਦੀ ਹੈ।

## ਸੁਝਾਉ :

ਸ਼ਰਾਬ ਦੀ ਦੁਕਾਨ ਖੋਲਣ ਦੇ ਲਈ ਕੋਈ ਲਾਇਸੈਂਸ ਤਾਂ ਹੀ ਜਾਰੀ ਕੀਤਾ ਜਾਵੇ ਜਦੋ ਗ੍ਰਾਮ ਸਭਾ ਇਸ ਦੀ ਮਨਜ਼ੂਰੀ ਦੇ ਦੇਵੇ।ਗ੍ਰਾਮ ਸਭਾ ਦੀ ਮੀਟਿੰਗ ਵਿਚ ਜੇ 90% ਔਰਤਾਂ ਇਸ ਦੀ ਮਨਜ਼ੂਰੀ ਲਈ ਹਾਂ ਵਿਚ ਵੋਟ ਪਾ ਦੇਣ। ਗ੍ਰਾਮ ਸਭਾ ਨੂੰ ਇਹ ਹੱਕ ਹੋਵੇ ਕਿ ਜੇ ਔਰਤਾਂ ਇਸ ਦੇ ਵਿਰੋਧ ਵਿਚ ਬਹੁਮੱਤ ਦੇ ਦੇਣ ਤਾਂ ਸ਼ਰਾਬ ਦਾ ਲਾਈਸੈਂਸ ਰੱਦ ਕਰਵਾ ਸਕੇ।

## ਉਦਯੋਗ ਤੇ ਖਾਣਾਂ ਦੇ ਲਈ ਲਾਈਸੈਂਸ:

## ਸਮਸਿਆਂ :

ਉਦਯੋਗੁ ਜਾ ਖਾਣ ਗਤੀਵਿਧੀਆਂ ਦੇ ਲਈ ਲਾਈਸੈਂਸ ਕੇਦਰ ਜਾ ਰਾਜ ਸਰਕਾਰਾਂ ਦੁਆਰਾ ਜਾਰੀ ਕੀਤੇ ਜਾਦੇ ਹਨ।ਉਸਦੇ ਪ੍ਰਭਾਵਾਂ ਨਾਲ ਲੋਕਾਂ ਨੂੰ ਹੀ ਦੋ-ਚਾਰ ਹੋਣਾ ਪੈਦਾ ਹੈ।ਲਾਈਸੈਂਸ ਦੇਣ ਦੀ ਪ੍ਰਕ੍ਰਿਆਂ ਵਿਚ ਲੋਕਾਂ ਦੀ ਕੋਈ ਵੀ ਭੂਮਿਕਾ ਨਹੀ ਹੈ।

## ਸੁਝਾਉ :

ਗ੍ਰਾਮ ਸਭਾ ਦੀ ਮਨਜ਼ੂਰੀ ਦੇ ਬਿਨਾ ਕਿਸੇ ਵੀ ਉਦਯੋਗਿਕ ਇਕਾਈ ਨੂੰ ਜਾਂ ਖਾਣਾਂ ਪੁੱਟਣ ਦੇ ਲਈ ਇਜਾਜਤ ਨਹੀ ਹੋਣੀ ਚਾਹੀਦੀ।ਮਨਜ਼ੂਰੀ ਦੇਣ ਤੋ ਪਹਿਲਾ ਗ੍ਰਾਮ ਸਭਾ ਕੋਈ ਮੰਗਾਂ ਵੀ ਜੋੜ ਸਕਦੀ ਹੈ।ਜੇ ਭਵਿੱਖ ਵਿਚ ਕਿਸੇ ਵੀ ਮੰਗ ਦਾ ਉਲੰਘਣ ਹੁੰਦਾ ਹੈ।ਤਾਂ ਗ੍ਰਾਮ ਸਭਾ ਨੂੰ ਹੱਕ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਮਨਜ਼ੂਰੀ ਵਾਪਿਸ ਲੈ ਸਕੇ।

## ਜ਼ਮੀਨ ਅਕੁਆਇਰਮਿੰਟ:

## ਸਮਸਿਆ :

ਜਨਤਾ ਦੀ ਪਰਵਾਹ ਕੀਤੇ ਬਿਨਾਂ ਹੀ ਰਾਜ ਦੀਆਂ ਵੱਖ ਵੱਖ ਏਜੰਸੀਆਂ ਦੁਆਰਾ ਲੋਕਾਂ ਦੀ ਜ਼ਮੀਨ ਅਕੁਆਇਰ ਕਰ ਲਈ ਜਾਦੀ ਹੈ।ਇਸਦੇ ਕਾਰਨ ਹੀ ਲੋਕ ਆਪਣੇ ਘਰ ਬਾਰ ਖੋ ਬੈਠਦੇ ਹਨ,ਉਹ ਬੇਰੁਜਗਾਰ ਹੋ ਜਾਦੇ ਹਨ।ਇਸ ਦੇ ਬਦਲੇ ਦਿੱਤਾ ਗਿਆ ਮੁਆਵਜ਼ਾ ਬਹੁਤ ਘੱਟ ਹੁੰਦਾ ਹੈ।ਜੇ ਇਸ ਦੀ ਕੀਮਤ ਬਜਾਰ ਦੇ ਬਰਾਬਰ ਹੋਵੇ ਤਾਂ ਵੀ ਇੱਕ ਕਿਸਾਨ ਦੀ ਸਮਸਿਆ ਨਹੀ ਸੁਲਝਦੀ।ਇਕ ਕਿਸਾਨ ਆਪਣੀ ਏਕੜ ਜ਼ਮੀਨ ਦੀ ਪੈਦਾਵਰ ਵਿਚੋ ਆਪਣੇ ਪਰਵਾਰ ਦਾ ਪਾਲਨ ਪੋਸਣ ਕਰਦਾ ਹੈ।ਉਹ ਇਸ ਜ਼ਮੀਨ ਦੇ ਬਦਲੇ ਮਿਲੇ ੪੦ ਹਜਾਰ ਰੁਪਏ ਨਾਲ ਆਪਣੀ ਜ਼ਿੰਦਗੀ ਤੇ ਆਪਣੇ ਪਰਵਾਰ ਦਾ ਗੁਜਾਰਾ ਕਿਵੇ ਕਰ ਸਕਦਾ ਹੈ?ਇਸ ਤਰਾਂ ਕਰਨ ਨਾਲ ਗਰੀਬ ਲੋਕ ਹੋਰ ਗਰੀਬ ਹੋ ਜਾਦੇ ਹਨ।

ਇਸ ਦੇ ਇਲਾਵਾ ਜਦੋ ਜ਼ਮੀਨ ਅਕੁਆਇਰ ਕੀਤੀ ਜਾਦੀ ਹੈ।ਜ਼ਮੀਨਾਂ ਵਾਲਿਆਂ ਨੂੰ ਤਾ ਥੋੜਾ ਬਹੁਤਾ ਮਆਵਜਾ ਮਿਲ ਜਾਦਾ ਹੈ।ਪਰ ਜੋ ਬਜ਼ਮੀਨੇ ਹਨ ਉਹ ਉਸ ਜ਼ਮੀਨ ਤੇ ਮਜਦੂਰੀ ਕਰਦੇ ਹਨ,ਉਹਨਾਂ ਨੂੰ ਕੁਝ ਨਹੀ ਮਿਲਦਾ ਉਹ ਬਿਲਕੁਲ ਬੇਰੁਜਗਾਰ ਹੋ ਜਾਦੇ ਹਨ। ਕਈ ਥਾਵਾਂ ਤੇ ਦੇਖਿਆ ਗਿਆ ਹੈ ਕਿ ਲੋਕਾਂ ਦੇ ਕਰੜੇ ਵਿਰੋਧ ਦੇ ਬਾਵਜੂਦ ਜਦੋ ਜ਼ਮੀਨ ਤੇ ਕਬਜਾ ਕਰ ਲਿਆ ਤਾਂ ਲੋਕ ਨਕਸਲਵਾੜੀਆਂ ਨਾਲ ਜਾ ਮਿਲੇ।

## ਸੁਝਾਉ :

ਗ੍ਰਾਮ ਸਭਾ ਨੂੰ ਇਹ ਹੱਕ ਹੋਣਾ ਚਾਹੀਦਾ ਹੈ ਕਿ ਉਹ ਨਿਰਣਾ ਲੈ ਸਕਣ ਕਿ ਇਹ ਯੋਜਨਾ ਲੋਕਾਂ ਦੇ ਹਿਤ ਵਿਚ ਹੈ ਜਹ ਨਹੀ।ਉਸਦੇ ਲਈ ਜ਼ਮੀਨ ਦੇਣੀ ਹੈ ਜਾ ਨਹੀ,ਅਗਰ ਦੇਣੀ ਹੈ ਤਾ ਕਿਹੜੀਆਂ ਕਿਹੜੀਆਂ ਸਰਤਾਂ ਦੇ ਅਧੀਨ ਦੇਣੀ ਹੈ।ਇਸ ਦੇ ਬਾਰੇ ਵਿਚ ਆਖਰੀ ਫੈਸਲਾ ਕਰ ਸਕਣ।ਉਸ ਨੂੰ ਲਾਗੂ ਕਰਨ ਦੇ ਲਈ ਸੰਵਿਧਾਨ ਦੇ ਵਿਚ ਹੇਠਾਂ ਲਿਖੀਆਂ ਸੋਧਾਂ ਕਰਨ ਦੀ ਜਰੂਰਤ ਹੈ।

(a) ਜਦੋ ਕੋਈ ਕੰਪਨੀ ਜਾ ਕੇਦਰ ਸਰਕਾਰ,ਰਾਜ ਸਰਕਾਰ ਕਿਸੇ ਪਿੰਡ ਦੀ ਜ਼ਮੀਨ ਅਕੁਆਇਰ ਕਰਨਾ ਚਾਹੁੰਦੀ ਹੈ ਤਾ ਉਹ ਪਿੰਡ ਦੀ ਪੰਚਾਇਤ ਨੂੰ ਇਸ ਦੀ ਬੇਨਤੀ ਕਰੇ।

(b) ਉਸ ਜ਼ਮੀਨ ਦਾ ਕੀ ਕੀਤਾ ਜਾਵੇਗਾ,ਉਸ ਤੇ ਕਿਹੜਾ ਪ੍ਰਜੈਕਟ ਲਾਇਆ ਜਾਵੇਗਾ,ਉਸਦੇ ਬਾਰੇ ਸਬੰਧਿਤ ਕਾਗਜਾਂ ਦੇ ਮੁਢਲੇ ਦਸਤਾਵੇਜਾਂ ਦੀਆਂ ਕਾਪੀਆਂ ਦੇ ਨਾਲ ਨਾਲ ਉਸਦਾ ਸਥਾਨਿਕ ਭਾਸਾ ਵਿਚ ਅਨੁਵਾਦ ਕਰਕੇ।ਉਸ ਪ੍ਰੋਜੈਕਟ ਨਾਲ ਪ੍ਰਵਾਵਿਤ ਹੋਣ ਵਾਲੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਭੇਜੇ ਜਾਣ ਤਾਂ ਜੋ ਲੋਕ ਉਸ ਨਾਲ ਸਾਰੇ ਪਹਿਲੂ ਜਾਣ ਸਕਣ।

(c) ਪੰਚਾਇਤਾਂ ਨੂੰ ਸਾਰੇ ਕਾਗਜ਼ ਮਹੁਈਆਂ ਕਰਵਾਉਣ ਦੇ ੨ ਮਹੀਨੇ ਦੇ ਅੰਦਰ ਉਹਨਾਂ ਕਾਗਜਾ ਦੇ ਸਬੰਧਤ ਲੋਕਾਂ ਨੂੰ ਜਾਗਰਿਤ ਮੁਹਿੰਮ ਚਲਾਈ ਜਾਵੇ।ਜੇ ਕੋਈ ਪਿੰਡ ਦਾ ਵਿਅਕਤੀ ਉਸਦੀ ਫੋਟੋ ਲੈਣੀ ਚਾਹੇ ਤਾਂ ਉਸਨੂੰ ਦਿੱਤੀ ਜਾਵੇ।

(d) ਪੰਚਾਇਤਾਂ ਨੂੰ ਕਾਗਜ ਮਹੁਇਆ ਕਰਵਾਉਣ ਦੇ ਦੋ ਮਹੀਨੇ ਦੇ ਅੰਦਰ ਹਰ ਪੰਚਾਇਤ ਆਪਣੀ ਗ੍ਰਾਮ ਸਭਾ ਬੁਲਾਵੇ ਗ੍ਰਾਮ ਸਭਾ ਵਿਚ ਇਸ ਪ੍ਰੋਜੈਕਟ ਦੀ ਚਰਚਾ ਹੋਵੇਗੀ।ਜੇ ਗ੍ਰਾਮ ਸਭਾ ਦਾ ਕੋਈ ਸਵਾਲ ਜਾਂ ਸੰਕਾ ਹੋਵੇਗਾ ਤਾਂ ਗ੍ਰਾਮ ਸਭਾ ਆਪਣੀ ਪੰਚਾਇਤ ਦੇ ਮਾਧਿਅਮ ਨਾਲ ਬੇਨਤੀ ਕਰਨ ਵਾਲੀ ਕੰਪਨੀ ਜਾ ਰਾਜ ਸਰਕਾਰ,ਕੇਂਦਰ ਸਰਕਾਰ ਨੂੰ ਲਿਖੇਗੀ,ਕਿ ਅਗਲੀ ਗ੍ਰਾਮ ਸਭਾ ਦੀ ਮੀਟਿੰਗ ਵਿਚ ਉਹਨਾਂ ਸਵਾਲਾਂ ਦੇ ਜੁਆਬ ਦੇਣ ਲਈ ਕਿਸੇ ਜਾਣਕਾਰ ਅਧਿਕਾਰੀ ਨੂੰ ਭੇਜਿਆ ਜਾਵੇ।ਜੇ ਕਿਸੇ ਪੇਪਰ ਦੀ ਜਰੂਰਤ ਹੋਵੇਗੀ ਤਾ ਗ੍ਰਾਮ ਸਭਾ ਉਹ ਵੀ ਮੰਗ ਸਕਦੀ ਹੈ।

(e) ਅਗਲੀ ਗ੍ਰਾਮ ਸਭਾ ਦੀ ਮੀਟਿੰਗ ਵਿਚ ਭੇਜੇ ਗਏ ਅਧਿਕਾਰੀ ਤੋ ਜਨਤਾ ਸਵਾਲ ਪੁਛ ਸਕਦੀ ਹੈ।ਲੇਕਿਨ ਜ਼ਮੀਨ ਦੇਣ ਦੇ ਸਬੰਧ ਵਿਚ ਇਸ ਸਭਾ ਵਿਚ ਕੋਈ ਫੈਸਲਾ ਨਹੀ ਲਿਆ ਜਾਵੇਗਾ।ਇਸ ਸਭਾ ਵਿਚ ਕੇਵਲ ਅਧਿਕਾਰੀ ਨੂੰ ਸਵਾਲ ਹੀ ਪੁਛੇ ਜਾ ਸਕਦੇ ਹਨ।

(f) ਅਧਿਕਾਰੀ ਦੁਆਰਾ ਦਿੱਤੇ ਗਏ ਜਵਾਬਾਂ ਤੇ ਹੁਣ ਤੱਕ ਦੇ ਸਾਰੇ ਕਾਗਜ਼ਾ ਤੋ ਗ੍ਰਾਮ ਸਭਾ ਦੀ ਸੰਤੁਸਟੀ ਹੋ ਜਾਵੇ ਤਾ ਅੰਤਮ ਨਿਰਣਾ ਲੈਣ ਲਈ ਇਕ ਹੋਰ ਗ੍ਰਾਮ ਸਭਾ ਦੀ ਮੀਟਿੰਗ ਬੁਲਾਈ ਜਾਵੇਗੀ ਨਹੀ ਤਾ ਉਸ ਕੰਪਨੀ,ਰਾਜ ਸਰਕਾਰ,ਕੇਦਰ ਸਰਕਾਰ ਨੂੰ ਲਿਖ ਦੇਵਗੀ ਕਿ ਹੋਰ ਜਾਣਕਾਰੀ ਚਾਹੀਦੀ ਹੈ।

(g) ਅੰਤਮ ਨਿਰਣੇ ਵਾਲੀ ਗ੍ਰਾਮ ਸਭਾ ਦੀ ਮੀਟਿੰਗ ਵਿਚ ਬੂਹਰ ਦਾ ਕੋਈ ਆਦਮੀ ਜਾ ਅਧਿਕਾਰੀ ਹਾਜਰ ਨਹੀ ਹੋਵੇਗਾ ਨਾ ਹੀ ਪੁਲਿਸ ਹੋਵੇਗੀ।ਕੇਵਲ ਮੀਡੀਆਂ ਨੂੰ ਦੂਰੋ ਬੈਠਕੇ ਦੇਖਣ ਦੀ ਇਜਾਜਤ ਹੋਵੇਗੀ।ਅਜਿਹੀ ਗ੍ਰਾਮ ਸਭਾ ਦੀ ਕਾਰਵਾਈ ਸਰਪੰਚ ਜਾ ਪ੍ਰਧਾਨ ਨਹੀ ਕਰੇਗਾ।ਉਥੇ ਮੌਜੂਦ ਲੋਕ ਆਪਣੇ ਵਿਚੋ ਮੌਕੇ ਤੇ ਸਹਿਮਤੀ ਦੇ ਕੇ ਕਿਸੇ ਮਾਨਯੋਗ ਵਿਅਕਤੀ ਨੂੰ ਗ੍ਰਾਮ ਸਭਾ ਦੀ ਕਾਰਵਾਈ ਲਈ ਚੁਣਨਗੇ।ਮੀਟਿੰਗ ਦੇ ਮਿੰਨਟ ਪੰਚਾਇਤ ਸੈਕਟਰੀ ਨਹੀ ਲਿਖੇਗਾ।ਪਿੰਡ ਦੇ ਵਿਚੋ ਹੀ ਕਿਸੇ ਵਿਅਕਤੀ ਨੂੰ ਇਹ ਜੁੰਮੇਵਾਰੀ ਸੌਪੀ ਜਾ ਸਕਦੀ ਹੈ।ਇਸ ਗ੍ਰਾਮ ਸਭਾ ਵਿਚ ਆਮ ਸਹਿਮਤੀ ਨਾਲ ਇਹ ਤਹਿ ਹੋਵੇਗਾ ਕਿ ਲੋਕ ਜ਼ਮੀਨਾਂ ਦੇਣੀਆਂ ਚਾਹੁੰਦੇ ਹਨ ਜਾ ਨਹੀ।ਜੇ ਹਾ ਤਾ ਕਿਹੜੀਆਂ ਕਿਹੜੀਆਂ ਸਰਤਾਂ ਦੇ ਅਧੀਨ ਦੇਣੀਆਂ ਹਨ।ਆਮ ਸਹਿਮਤੀ ਬਣਾਉਣ ਦੇ ਸਮੇ ਗ੍ਰਾਮ ਸਭਾ ਸਾਰਿਆਂ ਲੋਕਾਂ ਦੇ ਹਿੱਤਾਂ ਦਾ ਧਿਆਨ ਰੱਖੇਗੇ।ਜੋ ਭੂਮੀਹੀਣ ਹਨ ਜ਼ਮੀਨਾਂ ਦੇ ਵਿੱਕ ਜਾਣ ਕਰਕੇ ਉਹ ਬੇਰੁਜਗਾਰ ਹੋ ਜਾਣਗੇ।ਜੇ ਲੋੜ ਪਏ ਤਾਂ ਇਕ ਤੋ ਵੱਧ ਪਿੰਡਾਂ ਦੇ ਲੋਕ ਸੰਯੁਕਤ ਗ੍ਰਾਮ ਸਭਾ ਦੀ ਮੀਟਿੰਗ ਬੁਲਾ ਸਕਦੇ ਹਨ।ਤਾ ਕਿ ਗੱਲ ਬਾਤ ਦੇ ਜਰੀਏ ਇਕ ਮੱਤ ਤੇ ਪਹੁੰਚਿਆ ਜਾਵੇ

(h) ਗ੍ਰਾਮ ਸਭਾ ਦਾ ਇਹ ਫੈਸਲਾ ਅੰਤਮ ਹੋਵੇਗਾ। ਇਸ ਨੂੰ ਕੋਈ ਸਰਕਾਰ ਨਾ ਤਾ ਰੱਦ ਕਰ ਸਕਦੀ ਹੈ ਤੇ ਨਾ ਹੀ ਇਸ ਵਿਚ ਕੋਈ ਦਬਾਉ ਪਾ ਸਕਦੀ ਹੈ।

(i) ਰਾਸਟਰੀ ਪੱਧਰ ਤੇ ਇਕ ਪੁਨਰ ਵਾਸ ਨੀਤੀ ਬਣਾਈ ਜਾਵੇਗੀ ਜਿਸ ਵਿਚ ਭੂਮੀ ਵਾਲੇ ਤੇ ਭੂਮੀ ਰਹਿਤ ਦੋਹਾਂ ਦੇ ਲਈ ਨਵੇ ਅਧਿਕਾਰਾਂ ਦੇ ਲਈ ਗੱਲ ਬਾਤ ਲਿਖੀ ਜਾਵੇਗੀ।ਜਦੋ ਕੋਈ ਗ੍ਰਾਮ ਸਭਾ ਜ਼ਮੀਨ ਦੇਣ ਦੇ ਲਈ ਸਹਿਮਤ ਹੈ ਤਾ ਉਸ ਦੇ ਲਈ ਪੁਨਰਵਾਸ ਨੀਤੀ ਦੇ ਅਨੁਸਾਰ ਨਵੇ ਅਧਿਕਾਰ ਹੋਣਗੇ।ਪਰ ਜਦੋ ਗ੍ਰਾਮ ਸਭਾ ਚਾਹੇਗੀ ਉਸ ਤੋਂ ਅਧਿਕ ਮੰਗ ਕਰਨ ਦੇ ਲਈ ਅਜ਼ਾਦ ਹੋਵੇਗੀ।ਗ੍ਰਾਮ ਸਭਾ ਦਾ ਫੈਸਲਾ ਆਖਰੀ ਹੋਵੇਗਾ।

(j) ਦੇਸ ਇਸ ਸਮੇ ਭਾਰੀ ਸੰਕਟ ਵਿਚੋ ਲੰਘ ਰਿਹਾ ਹੈ।ਆਉਣ ਵਾਲੇ ਸਮੇ ਵਿਚ ਇਹ ਸੰਕਟ ਹੋਰ ਵੀ ਜਿਆਦਾ ਡੂੰਘਾ ਹੋਵੇਗਾ।ਇਸ ਲਈ ਰਾਸਟਰ ਦੇ ਹਿੱਤ ਵਿਚ ਹੋਵੇਗਾ ਕਿ ਦੇਸ ਦੀ ਉਪਜਾਊ ਭੂਮੀ ਨੂੰ ਖੇਤੀ ਦੇ ਲਈ ਹੀ ਇਸਤੇਮਾਲ ਕੀਤਾ ਜਾਵੇ।ਸੜਕ,ਬਿਜਲੀ,ਤੇ ਕਾਰਖਾਨਿਆਂ ਦੇ ਬਿਨਾਂ ਤਾ ਦੇਸ ਵਿਚ ਕੰਮ ਸਰ ਜਾਵੇਗਾ ਪਰ ਰੋਟੀ ਦੇ ਬਗੈਰ ਤਾ ਇਕ ਦਿਨ ਵੀ ਗੁਜਾਰਾ ਨਹੀ ਹੋ ਸਕਦਾ। ਇਸ ਲਈ ਇਹ ਕਾਨੂੰਨ ਵਿਚ ਪਾਇਆ ਜਾਵੇ ਕਿ ਜਿਸ ਭੂਮੀ ਤੇ ਦੋ ਜਾ ਦੋ ਤੋ ਜਿਆਦਾ ਫਸਲਾਂ ਹੁੰਦੀਆਂ ਹਨ।ਹਰ ਪਿੰਡ ਆਪਣੀ ਅਜਿਹੀ ਭੂਮੀ ਨੂੰ ਗ੍ਰਾਮ ਸਭਾ ਦੇ ਧਿਆਨ ਵਿਚ ਲਿਆਵੇ।ਕਿਸੇ ਵੀ ਹਾਲਤ ਵਿਚ ਅਜਿਹੀ ਜ਼ਮੀਨ ਵਿਚ ਖੇਤੀ ਦੇ ਇਲਾਵਾ ਕੋਈ ਵੀ ਦੂਸਰੇ ਉਦਯੋਗਾਂ ਲਈ ਨਾ ਵਰਤੀ ਜਾਵੇ।

## ਭੂਮੀ ਦਸਤਾਵੇਜ਼ :

ਸਥਾਨਕ ਸਰਕਾਰੀ ਕਰਮਚਾਰੀਆਂ ਦੁਆਰਾ ਭੂਮੀ ਦਸਤਾਵੇਜਾਂ ਦੇ ਨਾਲ ਵੱਡੀ ਪੱਧਰ ਤੇ ਛੇੜ ਛਾੜ ਤੇ ਧੋਖਾਧੜੀ ਕੀਤੀ ਜਾ ਰਹੀ ਹੈ।ਅਜਿਹੇ ਕਈ ਮਾਮਲੇ ਆਏ ਹਨ।ਜਿਨਾ ਵਿਚ ਜ਼ਮੀਨ ਦੇ ਗਰੀਬ ਮਾਲਕ ਦੀ ਜ਼ਮੀਨ ਉਸਨੂੰ ਦੱਸੇ ਤੋ ਬਗੈਰ ਹੀ ਕਿਸੇ ਹੋਰ ਨੂੰ ਵੇਚ ਦਿੱਤੀ ਜਾਦੀ ਹੈ।ਇਸਦੇ ਇਲਾਵਾ ਭੂਮੀ ਦਸਤਾਵੇਜ਼ ਦੇ ਦਫਤਰਾਂ ਵਿਚੋ ਕੋਈ ਵੀ ਜਾਣਕਾਰੀ ਹਾਸਿਲ ਕਰਨਾ ਟੇਢੀ ਖੀਰ ਵਰਗਾ ਹੈ।ਦਫਤਰਾਂ ਵਿਚੋ ਕੰਮ ਕਰਾਉਣਾ ਬਹੁਤ ਔਖਾ ਹੈ।

## ਸੜਾਉ :

ਭੂਮੀ ਨਾਲ ਸਬੰਧਿਤ ਦਸਤਾਵੇਜਾਂ ਦੀ ਦੇਖ ਭਾਲ ਤੇ ਉਹਨਾਂ ਤੇ ਸਾਰਾ ਕੰਮ ਗ੍ਰਾਮ ਸਭਾ ਦੀ ਦੇਖ ਰੇਖ ਵਿਚ ਪੰਚਾਇਤ ਸਕੱਤਰ ਦੁਆਰਾ ਕੀਤੇ ਜਾਣੇ ਚਾਹੀਦੇ ਹਨ।ਹਰ ਮਹੀਨੇ ਹੋਣ ਵਾਲੇ ਕੰਮਾਂ ਦੀ ਸੂਚੀ ਗ੍ਰਾਮ ਸਭਾ ਵੱਲੋ ਪ੍ਰਕਾਸਿਤ ਹੋਣੀ ਚਾਹੀਦੀ ਹੈ।

## ਕੁਦਰਤੀ ਸੋਮਿਆਂ ਦੀ ਜੁੰਮੇਵਾਰੀ:

## ਸਮਸਿਆ :

ਸਦੀਆਂ ਤੋ ਸਥਾਨਕ ਲੋਕ ਕੁਦਰਤੀ ਸੋਮਿਆਂ ਦਾ ਸੀਮਤ ਵਰਤੋ ਕਰਦੇ ਸਨ।ਉਹਨਾਂ ਦੀ ਸੰਭਾਲ ਦੀ ਜੁੰਮੇਵਾਰੀ ਵੀ ਉਹਨਾਂ ਦੀ ਹੁੰਦੀ ਸੀ।ਅੰਗਰੇਜਾ ਦੇ ਜਮਾਨੇ ਵਿਚ ਨਦੀ,ਜ਼ੰਗਲ,ਖਾਣਾ ਤੇ ਸਰਕਾਰਾਂ ਦਾ ਕਬਜਾ ਸੁਰੂ ਹੋਇਆ।ਉਦੋ ਤੋ ਲੈ ਕੇ ਇਹਨਾਂ ਕੁਦਰਤੀ ਸੋਮਿਆਂ ਨੂੰ ਰੱਜ ਕੇ ਲੁਟਿਆ ਗਿਆ।ਤੇ ਉਥੋ ਦੇ ਨਿਵਾਸੀਆਂ ਨੂੰ ਵੀ ਬੇਦਖਲ ਕਰ ਦਿੱਤਾ।ਅਜਾਦੀ ਤੇ ਬਾਅਦ ਵੀ ਇਹ ਪ੍ਰਕ੍ਰਿਆ ਚੱਲ ਰਹੀ ਹੈ।ਪਿਛਲੇ ਕੁਝ ਸਾਲਾ ਤੋ ਸਥਾਨਕ ਲੋਕਾਂ ਦੀਆਂ ਜ਼ਮੀਨਾਂ ਖੋਹ ਕੇ ਉਹਨਾਂ ਨੂੰ ਉਜਾੜ ਕੇ ਕੁਦਰਤੀ ਸੋਮਿਆਂ ਦੀ ਲੁੱਟ ਵਿਚ ਤੇਜੀ ਆਈ ਹੈ।ਜਿਵੇ ਕਿ ਇਸ ਕਿਤਾਬ ਵਿਚ ਪਹਿਲਾ ਵੀ ਦੱਸਿਆ ਜਾ ਚੁੱਕਿਆ ਹੈ।ਸਾਡੀਆਂ ਸਰਕਾਰਾਂ ਤੇਜੀ ਨਾਲ ਕੌਡੀਆਂ ਦੇ ਭਾਅ ਕੁਦਰਤੀ ਸੋਮਿਆਂ ਨੂੰ ਠੇਕੇਦਾਰਾਂ ਤੇ ਕੰਪਨੀਆਂ ਨੂੰ ਵੇਚ ਰਹੀਆਂ ਹਨ।

## ਸੁਝਾਉ :

ਗ੍ਰਾਮ ਸਭਾ ਨੂੰ ਉਸਦੇ ਅਧਿਕਾਰਿਤ ਇਲਾਕੇ ਵਿਚ ਆਉਣ ਵਾਲੇ ਸਾਰੇ ਛੋਟੇ ਪਾਈ ਦੇ ਸ੍ਰੋਤਾਂ,ਛੋਟੇ ਮੋਟੇ ਖਾਣ,ਛੋਟੇ ਮੋਟੇ ਜੰਗਲ ਦਾ ਮਾਲਿਕ ਬਣਾਇਆ ਜਾਵੇ।ਉਸਦੇ ਨਾਲ ਹੀ ਇਹ ਨਿਸਚਿਤ ਕੀਤਾ ਜਾਵੇ ਕਿ ਗ੍ਰਾਮ ਸਭਾਵਾਂ ਦੀ ਮਨਜੂਰੀ ਤੋ ਬਿਨਾ ਕਿਸੇ ਨੂੰ ਵੀ ਪਾਣੀ,ਜੰਗਲ,ਖਾਣਾ,ਜ਼ਮੀਨ ਆਦਿ ਨਹੀ ਦਿੱਤੇ ਜਾਣਗੇ। ਗ੍ਰਾਮ ਸਭਾਵਾਂ ਇਹ ਫੈਸਲਾ ਕਰਨ ਕਿ ਕੁਦਰਤੀ ਸੋਮਿਆਂ ਨੂੰ ਪੱਟਣ ਦੀ ਮਨਜੂਰੀ ਦੇਣੀ ਹੈ ਜਾਂ ਨਹੀ।ਅਗਰ ਪੱਟਣ ਦੀ ਮਨਜੂਰੀ ਦੇਣੀ ਹੈ ਤਾ ਕਿੰਨਾ ਸਰਤਾਂ ਦੇ ਅਧੀਨ ਦੇਣੀ ਹੈ।ਜੇ ਇਹਨਾਂ ਸਰਤਾਂ ਦਾ ਭਵਿੱਖ ਵਿਚ ਪਾਲਣ ਨਹੀ ਕੀਤਾ ਜਾਦਾ ਤਾ ਗ੍ਰਾਮ ਸਭਾਵਾਂ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਕੁਦਰਤੀ ਸੋਮਿਆਂ ਨੂੰ ਪੱਟਣ ਦੀ ਮਨਜੂਰੀ ਨੂੰ ਕੈਂਸਲ ਕਰ ਸਕਦੇ ਹੋਣ ਇਸ ਤਰਾ ਹੋਣ ਵਾਲੇ ਸਾਰੇ ਨੁਕਸਾਨ ਦੀ ਪੂਰਤੀ ਉਸ ਕੰਪਨੀ,ਰਾਜ ਸਰਕਾਰ ਜਾ ਸੰਬਧਤ ਅਦਾਰੇ ਵੱਲੋ ਕੀਤੀ ਜਾਵੇਗੀ। ਜਿਵੇ ਕਿ ਇਸ ਪੁਸਤਕ ਦੇ ਵਿਚ ਪਹਿਲਾ ਵੀ ਦੱਸਿਆ ਗਿਆ ਹੈ ਕਿ ਸਾਰੇ ਹੀ ਕੁਦਰਤੀ ਸੋਮੇ ਇਸ ਦੇਸ ਦੇ ਖਜਾਨੇ ਹਨ,ਇਹਨਾਂ ਦਾ ਰਾਸਟਰ ਦੇ ਹਿੱਤਾਂ ਦੇ ਲਈ ਕਿਵੇ ਪ੍ਰਯੋਗ ਕੀਤਾ ਜਾਵੇ।ਇਸ ਦੇ ਬਾਰੇ ਵਿਚ ਗ੍ਰਾਮ ਸਭਾਵਾਂ ਵਿਚ ਚਰਚਾ ਦੇ ਬਾਅਦ ਰਾਸਟਰੀ ਪੱਧਰ ਤੇ ਨੀਤੀਆਂ ਬਣਨ।ਭਵਿੱਖ ਵਿਚ ਆਪਣੇ ਇਲਾਕੇ ਤੋ ਕਿਸੇ ਵੀ ਯੋਜਨਾ ਦੇ ਲਈ ਗ੍ਰਾਮ ਸਭਾਵਾਂ ਇਹਨਾਂ ਦੇ ਅਨੁਸਾਰ ਹੀ ਕੰਮ ਕਰ ਸਕਣ।

## ਐਸ.ਡੀ.ਐਮ. ਦੇ ਦਫਤਰ ਵਿਚ ਭਰਿਸਟਾਚਾਰ:

### ਸਮਸਿਆ :

ਲੋਕਾ ਦੇ ਵੱਖ ਵੱਖ ਤਰਾਂ ਦੇ ਪ੍ਰਮਾਣ ਪੱਤਰ ਬਣਦੇ ਹਨ।ਜਿਨਾ ਦੇ ਲਈ ਰਿਸਵਤ ਦੇਣੀ ਪੈਦੀ ਹੈ ਤੇ ਹਰ ਕਿਸਮ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਦਾ ਹੈ।

### ਸੁਝਾਉ :

ਜਨ ਜਾਤੀ,ਉਮਰ ਦਾ,ਨਿਵਾਸ ਸਥਾਨ ਆਦਿ ਨਾਲ ਸਬੰਧਿਤ ਪ੍ਰਮਾਣ ਪੱਤਰ ਪੰਚਾਇਤਾਂ ਦਆਰਾ ਜਾਰੀ ਕੀਤੇ ਜਾਣ ਅਗਰ ਪੰਚਾਇਤ ਆਪਣੇ ਕੰਮ ਵਿਚ ਢਿੱਲ ਵਰਤਦੀ ਹੈ ਤਾ ਗ੍ਰਾਮ ਸਭਾ ਦੀ ਅਗਲੀ ਮੀਟਿੰਗ ਵਿਚ ਉਸ ਤੋ ਪੁਛਗਿੱਛ ਹੋਵੇਗੀ।

## ਟੈਕਸ ਉਗਰਾਹੀ:

### ਸਮਸਿਆਂ :

ਸਾਡੇ ਦੇਸ ਵਿਚ ਟੈਕਸਾਂ ਦੀ ਉਗਰਾਹੀ ਤੇ ਉਹਨਾਂ ਨੂੰ ਖਰਚ ਕਰਨ ਦਾ ਬਹੁਤ ਹੀ ਗੈਰ ਵਿਗਿਆਨਕ ਤਰੀਕਾ ਅਪਣਾਇਆ ਜਾ ਰਿਹਾ ਹੈ।ਬਹੁਤੇ ਟੈਕਸ ਕੇਦਰ ਤੇ ਰਾਜ ਸਰਕਾਰਾਂ ਹੀ ਇਕਠਾ ਕਰਦੀਆਂ ਹਨ।ਫਿਰ ਉਹਨਾਂ ਨੂੰ ਵੱਖ ਵੱਖ ਯੋਜਨਾਵਾਂ ਦੇ ਹਿਸਾਬ ਨਾਲ ਹੇਠਾਂ ਭੇਜਿਆ ਜਾਦਾ ਹੈ।ਇਸ ਤਰੀਕੇ ਨਾਲ ਦੋ ਥਾਵਾਂ ਤੇ ਕੁੰਡੀ ਲੱਗਦੀ ਹੈ ਪਹਿਲਾ ਤਾ ਜਦੋ ਟੈਕਸ ਦੀ ਉਗਰਾਹੀ ਹੁੰਦੀ ਹੈ ਉਸ ਪੱਧਰ ਤੇ ਜਦੋ ਪੈਸਾ ਥੱਲਿਓ ਉਪਰ ਨੂੰ ਜਾਦਾ ਹੈ ਤੇ ਦੂਸਰਾ ਖਰਚ ਕਰਨ ਸਮੇ ਜਦੋ ਪੈਸਾ ਉਪਰੋ ਹੇਠਾਂ ਨੂੰ ਆਉਦਾ ਹੈ।ਇਹ ਬਹੁਤ ਹੀ ਅਸਚਰਜ ਦੀ ਗੱਲ ਹੈ ਕਿ ਕਿਉ ਨਹੀ ਟੈਕਸਾਂ ਦਾ ਪੈਸਾ ਸਥਾਨਕ ਪੱਧਰ ਤੇ ਇਕਠਾ ਕਰਕੇ ਖਰਚ ਲਿਆ ਜਾਦਾ?

### ਸੁਝਾਉ :

ਤਜਰਬਾ ਇਹ ਦੱਸਦਾ ਹੈ ਕਿ ਟੈਕਸਾਂ ਦੀ ਉਗਰਾਹੀ ਦੇ ਲਈ ਲੋਕਾਂ ਨੂੰ ਸਾਮਿਲ ਕੀਤਾ ਜਾਵੇ।ਲੋਕਾਂ ਦੁਆਰਾ ਦਿੱਤੇ ਗਏ ਟੈਕਸਾਂ ਤੋ ਹੋਣ ਵਾਲੇ ਸਿੱਧੇ ਸਿੱਧੇ ਫਾਇਦੇ ਸਮਝ ਵਿਚ ਆ ਜਾਣ ਤਾਂ ਟੈਕਸਾਂ ਦੀ ਉਗਰਾਹੀ ਬਹੁਤ ਹੀ ਬੇਹਤਰ ਹੋਵੇਗੀ।

ਇਸ ਲਈ ਜਿਥੋ ਤੱਕ ਸੱਭਵ ਹੈ ਵੱਖ ਵੱਖ ਟੈਕਸਾਂ ਦੀ ਉਗਰਾਹੀ ਲਈ ਗ੍ਰਾਮ ਸਭਾਵਾਂ ਦੀ ਮਦਦ ਲਈ ਜਾ ਸਕਦੀ ਹੈ। ਗ੍ਰਾਮ ਸਭਾਵਾਂ ਉਹਨਾ ਲੋਕਾਂ ਦੀ ਮੁੱਢਲੀ ਇਕਾਈ ਹੈ।ਜਿਸ ਦੇ ਸਮੂਹਿਕ ਲਾਭ ਲਈ ਟੈਕਸ ਲਿਆ ਜਾਦਾ ਹੈ।ਇਸ ਤਰਾ ਉਗਰਾਹੀ ਕਰਕੇ ਖਰਚ ਕਰਨ ਦੇ ਲਈ ਗ੍ਰਾਮ ਸਭਾਵਾਂ ਤੋ ਬੇਹਤਰ ਤੇ ਦੂਸਰੀ ਸਰਕਾਰੀ ਜਾ ਗੈਰ ਸਰਕਾਰੀ ਸੰਸਥਾ ਦੀ ਕੋਈ ਵੀ ਇਕਾਈ ਨਹੀ ਹੈ।ਇਸ ਕਾਰਣ ਹੇਠਾਂ ਕੁਝ ਸੁਝਾਉ ਹੋਰ ਹਨ।

ਰਾਜ ਸਰਕਾਰ ਨੂੰ ਇਹ ਸੂਚੀਆਂ ਬਣਾਉਣੀਆਂ ਚਾਹੀਦੀਆਂ ਹਨ।

(a) ਇਹ ਟੈਕਸ ਰਾਜ ਸਰਕਾਰ ਦੁਆਰ ਲਾਇਆ ਗਿਆ ਤੇ ਇਕੱਠਾ ਕੀਤਾ ਜਾਵੇਗਾ।

(b) ਇਹ ਟੈਕਸ ਜਿਹੜਾ ਰਾਜ ਸਰਕਾਰ ਵੱਲੋ ਲਾਇਆ ਗਿਆ ਹੈ ਉਸ ਨੂੰ ਇੱਕਠਾ ਕਰਨ ਦੀ ਜੁੰਮੇਵਾਰੀ ਪੰਚਾਇਤ ਦੇ ਪੱਧਰ ਤੇ ਹੋਵੇਗੀ।

(c) ਇਹ ਟੈਕਸ ਜਿਹੜਾ ਉਚ ਪੱਧਰ ਪੰਚਾਇਤ ਦੁਆਰਾ ਲਾਇਆ ਗਿਆ ਹੈ ਤੇ ਇਸ ਨੂੰ ਇਕਠਾ ਕਰਨ ਦੀ ਜੁੰਮੇਵਾਰੀ ਪੰਚਾਇਤ ਦੇ ਨੀਚੇ ਪੱਧਰ ਨੂੰ ਹੋਵੇਗੀ।

(d) ਇਹ ਟੈਕਸ ਜਿਹੜਾ ਲਗਾਉਣ ਦੀ ਤੇ ਇਕਠਾ ਕਰਨ ਦੀ ਜੁੰਮੇਵਾਰੀ ਪੰਚਾਇਤ ਦੇ ਇਕ ਪੱਧਰ ਨੂੰ ਹੋਵੇਗੀ।ਉਹ ਟੈਕਸ ਇੱਕਠਾ ਕਰਕੇ ਇਸ ਸੂਚੀ ਵਿਚ ਪਾਏ ਤਾ ਕਿ ਪੰਚਾਇਤ ਦਾ ਹਰ ਪੱਧਰ ਦੀ ਵਿਰਤੀ ਤੇ ਬਰਾਬਰਤਾ ਹੋਵੇ।

ਗ੍ਰਾਮ ਸਭਾਵਾਂ ਦੀ ਸੰਪਤੀ ਤੋ ਹੋਣ ਵਾਲੀ ਤੇ ਉਥੋ ਇੱਕਠਾ ਹੋਣ ਵਾਲਾ ਟੈਕਸ ਸਿੱਧਾ ਪੰਚਾਇਤ ਦੇ ਖਾਤੇ ਵਿਚ

ਜਮਾਂ ਕਰਵਾਇਆ ਜਾਣਾ ਚਾਹੀਦਾ ਹੈ।ਮੰਡੀ ਦੁਆਰਾ ਇੱਕਠੇ ਕੀਤੇ ਗਏ ਪੈਸੇ ਦਾ ਵੀ ਕੁਝ ਹਿੱਸਾ ਪੰਚਾਇਤ ਨੂੰ ਦਿੱਤਾ ਜਾਣਾ ਚਾਹੀਦਾ ਹੈ।

## ਕਈ ਪਿੰਡਾਂ ਨੂੰ ਇਕ ਪੰਚਾਇਤ ਵਿਚ ਮਿਲਾਉਣਾ:

### ਸਮਸਿਆ :

ਦੂਰ ਦੁਰਾਡੇ ਦੇ ਕਈ ਪਿੰਡਾਂ ਨੂੰ ਇਕ ਪੰਚਾਇਤ ਨਾਲ ਜ਼ੋੜਿਆ ਜਾਦਾ ਹੈ।ਇਸ ਤਰਾ ਨਾਲ ਲੋਕਾਂ ਦਾ ਗ੍ਰਾਮ ਸਭਾਵਾਂ ਦੀ ਮੀਟਿੰਗਾਂ ਵਿਚ ਭਾਗ ਲੈਣਾ ਮੁਸਕਲ ਹੋ ਜਾਦਾ ਹੈ।ਫਿਰ ਸਾਰੇ ਪਿੰਡ ਇਕ ਦੂਸਰੇ ਤੋ ਵੱਖ ਵੱਖ ਹੁੰਦੇ ਹਨ।ਇਥੇ ਤੱਕ ਕਿ ਆਢ ਗੁਆਢ ਦੇ ਪਿੰਡਾਂ ਦਾ ਰਹਿਣ ਸਹਿਣ,ਜਾਤੀ ਸਮੀਕਰਣ,ਆਰਥਿਕ ਅਵਸਥਾ ਤੇ ਹੋਰ ਕਈ ਕੁਝ ਇਕ ਦੂਜੇ ਤੋ ਵੱਖ ਹੁੰਦਾ ਹੈ।ਉਹਨਾਂ ਦੀਆਂ ਸਮਸਿਆਵਾਂ ਅਲੱਗ ਹਨ ਤੇ ਉਹਨਾਂ ਦਾ ਹੱਲ ਵੀ ਅਲੱਗ ਹੈ।ਕਈ ਮਾਮਲਿਆਂ ਵਿਚ ਇਹ ਪਾਇਆ ਗਿਆ ਹੈ ਕਿ ਗੁਆਢੀ ਪਿੰਡ ਦੀ ਕਈ ਪੁਸਤਾਂ ਤੇ ਦੁਸਮਣੀ ਚੱਲੀ ਆਉਦੀ ਹੈ।ਇਹਨਾ ਸਾਰਿਆਂ ਪਹਿਲੂਆਂ ਦੇ ਨਾਲ ਜਦੋ ਪਿੰਡਾਂ ਵਿਚ ਲੰਬੀ ਦੂਰੀ ਤੇ ਆਵਾਜਾਈ ਦੇ ਕਾਰਣ ਜੁੜ ਜਾਦੇ ਹਨ ਤਾ ਸਾਰਿਆ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਵਿਚ ਲੋਕਾਂ ਦਾ ਆ ਸਕਣਾ ਮੁਸਕਲ ਹੋ ਜਾਦਾ ਹੈ।

### ਸੁਝਾਉ :

ਹਰੇਕ ਪਿੰਡ ਵਿਚ ਚਾਹੇ ਛੋਟਾ ਹੀ ਕਿਉ ਨਾ ਹੋਵੇ ਇਕ ਅਲੱਗ ਪੰਚਾਇਤ ਘੋਸਿਤ ਹੋਣੀ ਚਾਹੀਦੀ ਹੈ।ਜਦੋ ਆਡ ਗੁਆਡ ਦੇ ਦੋ ਪਿੰਡਾਂ ਜਾ ਉਸ ਤੋ ਜਿਆਦਾ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਆਪਸ ਵਿਚ ਮਿਲਕੇ ਇਕ ਪੰਚਾਇਤ(ਗ੍ਰਾਮ ਸਭਾ) ਹੋਣ ਦਾ ਫੈਸਲਾ ਕਰੇ ਤਾ ਉਹਨਾਂ ਨੂੰ ਮਿਲਾਕੇ ਇਕ ਪੰਚਾਇਤ ਦਾ ਦਰਜਾ ਦਿੱਤਾ ਜਾ ਸਕੇ।ਆਦਿਵਾਸੀ ਇਲਾਕਿਆਂ ਵਿਚ ਪੇਸਾ ਕਾਨੂੰਨ ਅਜਿਹਾ ਹੀ ਪ੍ਰਬੰਧ ਹੈ।ਗੈਰ ਆਦਿਵਾਸੀ ਇਲਾਕਿਆਂ ਵਿਚ ਇਸ ਤਰਾ ਦਾ ਪ੍ਰਬੰਧ ਕੀਤਾ ਜਾਵੇ।

## ਬਲਾਕ ਤੇ ਜ਼ਿਲਾ ਪੱਧਰੀ ਪੰਚਾਇਤਾਂ ਦਾ ਗੰਠਣ:

## ਸਮਸਿਆਂ :

ਮੌਜੂਦਾ ਢਾਂਚੇ ਵਿਚ ਕਿਸੇ ਵੀ ਇਲਾਕੇ ਵਿਚ ਆਉਣ ਵਾਲੀਆਂ ਸਾਰੀਆਂ ਪੰਚਾਇਤਾਂ ਨੂੰ ਉਪਰਲੇ ਪੱਧਰ ਦੀ ਪੰਚਾਇਤ ਦੇ ਮੈਬਰ ਹੁੰਦੇ ਹਨ।ਇਸ ਤੋ ਇਲਾਵਾ ਬਲਾਕ ਤੇ ਜ਼ਿਲਾ ਪੱਧਰ ਦੀ ਪੰਚਾਇਤ ਦੇ ਕੁਝ ਮੈਬਰਾਂ ਨੂੰ ਲੋਕਾਂ ਦੁਆਰਾ ਚੁਣਿਆ ਜਾਦਾ ਹੈ। ਤਜਰਬਾ ਦਸਦਾ ਹੈ ਕਿ ਇਹਨਾ ਚੁਣੇ ਹੋਏ ਮੈਬਰਾਂ ਦੇ ਕਾਰਨ ਹੀ ਬਲਾਕ ਤੇ ਜਿਲਾ ਪੰਚਾਇਤਾਂ ਦੇ ਕੰਮਾਂ ਵਿਚ ਕਦੇ ਕੋਈ ਸੁਧਾਰ ਹੋਇਆ ਹੋਵੇ ਅਜਿਹਾ ਕਦੇ ਦਿਖਾਈ ਨਹੀ ਦਿੰਦਾ ਉਲਟਾ ਉਹਨਾਂ ਵਿਚ ਭਰਿਸਟਾਚਾਰ ਨੂੰ ਹੀ ਹੌਸਲਾ ਮਿਲਿਆ ਹੈ।ਜਦੋ ਕਦੇ ਮੱਧ ਪੱਧਰ ਤੇ ਜਾਂ ਜਿਲਾ ਪੱਧਰ ਤੇ ਪੰਚਾਇਤ ਮੈਬਰਾਂ ਦੇ ਖਿਲਾਫ ਬੇਭਰੋਸਗੀ ਦਾ ਮਤਾ ਆਉਦਾ ਹੈ ਤਾ ਜਿਆਦਾਤਰ ਮੈਬਰ ਆਪਣੀ ਵੋਟ ਦੀ ਬੋਲੀ ਲੁਆਉਦੇ ਹਨ।ਕਈ ਮਾਮਲਿਆਂ ਵਿਚ ਤਾ ਆਹੁੰਦੇਦਾਰਾਂ ਨੂੰ ਆਪਣੀ ਕੁਰਸੀ ਬਚਾਉਣ ਦੇ ਲਈ ਮੈਬਰਾਂ ਨੂੰ ਪੈਸਾ ਵੀ ਦੇਣਾ ਪੈਦਾ ਹੈ।ਇਸ ਤੇ ਇਲਾਵਾ ਇਹ ਮੈਬਰ ਆਪਣੀਆਂਚੋਣਾ ਦੁਰਾਨ ਬੇਹੁਤਾਸਾ ਪੈਸਾ ਵਰਤਿਆ ਜਾਦਾ ਹੈ।ਕਿਉਕਿ ਚੋਣ ਇਲਾਕਾ ਬਹੁਤ ਹੀ ਵੱਡਾ ਹੁੰਦਾ ਹੈ।ਇਸ ਦੇ ਲਈ ਗ੍ਰਾਮ ਪੰਚਾਇਤਾਂ ਦਾ ਮੁਖੀਆ ਜਾ ਪ੍ਰਧਾਨ ਦੇ ਮੁਕਾਬਲੇ ਬਹੁਤ ਜਿਆਦਾ ਪੈਸਾ ਖਰਚ ਕੀਤਾ ਜਾਦਾ ਹੈ।ਸਪਸਟ ਹੈ ਕਿ ਚੋਣਾਂ ਤੇ ਖਰਚਿਆ ਸਾਰਾ ਪੈਸਾ ਉਹ ਆਪਣੀ ਜਿੱਤ ਤੋ ਬਾਅਦ ਸਮੇਤ ਵਿਆਜ ਵਸੂਲ ਕਰਨ ਵਿਚ ਕੋਈ ਕਸਰ ਨਹੀ ਛੱਡਦੇ।

## ਸੁਝਾਊ :

ਬਲਾਕ ਜਾਂ ਜਿਲਾ ਪੱਧਰ ਤੇ ਸਿੱਧਾ ਚੁਣੇ ਜਾਣ ਵਾਲੇ ਮੈਬਰਾਂ ਦੀ ਵਿਵਸਥਾ ਖਤਮ ਕਰ ਦੇਣੀ ਚਾਹੀਦੀ ਹੈ।ਕੇਵਲ ਹੇਠਲੀਆਂ ਪੰਚਾਇਤਾਂ ਦੇ ਪ੍ਰਤੀਨਿਧਾਂ ਨੂੰ ਹੀ ਉਪਰਲੇ ਪੱਧਰ ਦੀ ਪੰਚਾਇਤ ਦੇ ਮੈਬਰ ਬਣਾਉਣਾ ਚਾਹੀਦਾ ਹੈ।ਇਸ ਤਰਾ ਗ੍ਰਾਮ ਸਭਾਵਾਂ ਉਚ ਪੱਧਰੀ ਪੰਚਾਇਤਾਂ ਦੇ ਆਪਣੇ ਪ੍ਰaਤੀਨਿਧੀਆਂ ਨੂੰ ਸਿੱਧਾ ਨਿਯੁਕਤ ਕੀਤਾ ਜਾਵੇ।ਇਕ ਬਲਾਕ ਦੇ ਸਾਰੇ ਸਰਪੰਚਾਂ ਨੂੰ ਹੀ ਬਲਾਕ ਪੰਚਾਇਤ ਦੇ ਮੈਬਰ ਬਣਾਇਆ ਜਾਵੇ।ਇਹ ਮੈਬਰ ਹੀ ਆਪਣੇ ਵਿਚੋ ਕਿਸੇ ਨੂੰ ਬਲਾਕ ਪ੍ਰਧਾਨ ਚੁਣ ਲੈਣਗੇ।ਫਿਰ ਆਪਣੇ ਵਿਚੇ ਹੀ ਕਿਸੇ ਨੂੰ ਜ਼ਿਲਾ ਪੰਚਾਇਤ ਦਾ ਮੁੱਖੀ ਚੁਣ ਲੈਣ।ਗ੍ਰਾਮ ਪੰਚਾਇਤ ਦਾ ਸਰਪੰਚ ਗ੍ਰਾਮ ਸਭਾ ਤੇ ਬਲਾਕ ਪੰਚਾਇਤ ਦੇ ਵਿਚ ਇਕ ਕੜੀ ਦਾ ਕੰਮ ਕਰੇਗਾ।ਗ੍ਰਾਮ ਸਭਾ ਦੇ ਫੈਸਲੇ ਤੋ ਉਹ ਬਲਾਕ ਪੰਚਾਇਤ ਨੂੰ ਜਾਣੂ ਕਰਾਏ ਬਲਾਕ ਪੰਚਾਇਤ ਦੇ ਫੈਸਲੇ ਗ੍ਰਾਮ ਸਭਾ ਨੂੰ ਦੱਸੇ।ਇਸ ਤਰਾ ਸਰਪੰਚ ਦੇ ਜਰੀਏ ਗ੍ਰਾਮ ਸਭਾ ਬਲਾਕ ਪੱਧਰ ਤੱਕ ਹੋ ਰਹੀਆਂ ਗਤੀਵਿਧੀਆਂ ਤੋ ਜਾਣੂ ਹੋ ਜਾਵੇਗੀ,ਇਸ ਵਿਵਸਥਾ ਨੂੰ ਅੱਗੇ ਜਾ

ਕੇ ਬਲਾਕ ਪੰਚਾਇਤਾਂ ਨੂੰ ਬਲਾਕ ਪੰਚਾਇਤ ਤੇ ਜ਼ਿਲਾ ਪੰਚਾਇਤ ਦੇ ਵਿਚ ਇਕ ਕੜੀ ਦੇ ਰੂਪ ਵਿਚ ਕੰਮ ਕਰੇਗੀ।

## ਦਸਤਾਵੇਜ਼ਾਂ ਦੀ ਪਾਰਦਰਸ਼ਿਤਾ :

## ਸਮਸਿਆ :

ਸੂਚਨਾ ਦੇ ਅਧਿਕਾਰ ਤੇ ਵੀ ਸਾਰਿਆ ਪੱਧਰਾਂ ਤੇ ਪੰਚਾਇਤਾਂ ਦੀ ਕਾਰਜਵਿਧੀ ਤੇ ਉਹਨਾਂ ਦੇ ਫੈਸਲਿਆਂ ਦੀ ਜਾਣਕਾਰੀ ਹਾਸਿਲ ਕਰਨਾ ਬਹੁਤ ਹੀ ਮੁਸਕਲ ਹੈ।ਕਈ ਇਲਾਕਿਆਂ ਵਿਚ ਜਿਥੇ ਲੋਕਾਂ ਨੇ ਪੰਚਾਇਤਾਂ ਦੇ ਕੰਮਕਾਜ ਦੇ ਸਬੰਧ ਵਿਚ ਸਰਪੰਚਾਂ ਤੇ ਅਧਿਕਾਰੀਆਂ ਤੋਂ ਜਾਣਕਾਰੀ ਮੰਗੀ ਹੈ।ਉਹਨਾਂ ਨੂੰ ਸਜਾ ਦੇਣ ਦੇ ਮਾਮਲੇ ਸਾਹਮਣੇ ਆਏ ਹਨ। ਪੁਲਿਸ ਤੇ ਮੁਖੀਆਂ ਦੀ ਮਿਲੀਭੁਗਤ ਨਾਲ ਉਹਨਾਂ ਨੂੰ ਝੂਠੇ ਮਾਮਲਿਆਂ ਵਿਚ ਫਸਾਉਣਾ ਆਮ ਗੱਲ ਹੋ ਗਈ ਹੈ ਕਈ ਜਗਾਹ ਤੇ ਉਹਨਾ ਤੇ ਕਾਤਲਾਨਾ ਹਮਲੇ ਵੀ ਹੋਏ ਹਨ।

## ਸੁਝਾਉ :

ਪੰਚਾਇਤ ਦੇ ਸਾਰੇ ਪੱਧਰਾਂ ਤੇ ਕੀਤੇ ਗਏ ਕੰਮਾਂ ਦੀ ਪਾਰਦਰਸ਼ਤਾ ਲਿਆਉਣ ਦੇ ਲਈ ਪੰਚਾਇਤਾਂ ਦੇ ਸਾਰੇ ਦਸਤਾਵੇਜ਼ ਪਾਰਦਰਸ਼ੀ ਬਣਾਏ ਜਾਣ। ਗ੍ਰਾਮ,ਬਲਾਕ,ਜਿਲਾ ਪੰਚਾਇਤਾਂ ਨੂੰ ਸਾਰੇ ਦਸਤਾਵੇਜ਼ਾਂ ਨੂੰ ਸਰਵਜਨਕ ਕੀਤਾ ਜਾਣਾ ਚਾਹੀਦਾ ਹੈ।ਅਜਿਹੀ ਅਵਸਥਾ ਹੋਣੀ ਚਾਹੀਦੀ ਹੈ ਕਿ ਕੋਈ ਵੀ ਵਿਅਕਤੀ ਆਪਣੀ ਇੱਛਾ ਦੇ ਅਨੁਸਾਰ ਬਿਨਾ ਕਿਸੇ ਬੇਨਤੀ ਕੀਤੇ ਇਹਨਾਂ ਦਸਤਾਵੇਜਾਂ ਦੀ ਪੜਤਾਲ ਕਰ ਸਕੇ।ਇਸ ਦੇ ਲਈ ਹਫਤੇ ਦੇ ਦੋ ਦਿਨਾਂ ਵਿਚ ਕੰਮ ਕਰਨ ਲਈ ਸਮਾ ਨਿਸਚੁਤ ਕੀਤਾ ਜਾਵੇ।ਜਦੋ ਕੋਈ ਵਿਅਕਤੀ ਕਿਸੇ ਵੀ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਦੀ ਨਕਲ ਲੈਣੀ ਚਾਹੇ ਤਾ ਉਸਦੇ ਇਲਾਕੇ ਦੇ ਨੇੜਲੇ ਫੋਟੋਸਟੇਟ ਜਿਹੜੀ ਵੀ ਉਸ ਨੇ ਮੰਗੀ ਹੈ ਉਸ ਨੂੰ ਹਫਤੇ ਦੇ ਵਿਚ ਵਿਚ ਉਪਲਵੱਧ ਕਰਵਾਉਣੀ ਚਾਹੀਦੀ ਹੈ। ਗ੍ਰਾਮ ਸਭਾ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਕਰਮਚਾਰੀਆਂ ਨੂੰ ਸਜਾ ਦੇ ਸਕਣ।

## ਲੋਕ ਪਾਲ ਦੀ ਵਿਵਸਥਾ ਹੋਵੇ:

## ਸਮਸਿਆ :

ਅਜ ਜਦੋ ਪੰਚਾਇਤੀ ਰਾਜ ਕਾਨੂੰਨ ਦੀ ਉਲੰਘਨਾਂ ਹੋ ਰਹੀ ਹੈ ਤਾਂ ਗ੍ਰਾਮ ਸਭਾ ਦੇ ਕੰਮ ਕਾਜ ਨੂੰ ਠੀਕ ਢੰਗ ਨਾਲ ਨਾ ਚੱਲਣ ਦਿੱਤਾ ਜਾ ਰਿਹਾ ਹੋਵੇ।ਜਾ ਸਮਾਜ ਦੇ ਕਿਸੇ ਵਿਸੇਸ ਵਰਗ ਨੂੰ ਗ੍ਰਾਮ ਸਭਾ ਦੀ ਬੈਠਕ ਵਿਚ ਸਾਮਿਲ ਹੋਣ ਤੋ ਰੋਕਿਆ ਜਾ ਰਿਹਾ ਹੋਵੇ,ਜਾ ਗ੍ਰਾਮ ਸਭਾ ਦੀ ਕਿਸੇ ਕਾਰਵਾਈ ਦੀ ਰਿਪੋਰਟ(ਮਿੱਨਟਸ) ਠੀਕ ਤਰਾ ਨਾਲ ਨਾ ਤਿਆਰ ਕੀਤੇ ਹੋਣ ਤਾ ਅਜਿਹੀ ਸਥਿਤੀ ਨੂੰ ਨਿਜਿਠਣ ਦੇ ਲਈ ਕੋਈ ਪ੍ਰਭਾਵਸਾਲੀ ਤਰੀਕਾ ਅਜ ਦੇ ਕਾਨੂੰਨ ਵਿਚ ਨਹੀ ਹੈ।ਅਜਿਹੇ ਮਾਮਲੇ ਵਿਚ ਜ਼ਿਲਾ ਅਧਿਕਾਰੀ ਨੇ ਕਾਰਵਾਈ ਕਰਨੀ ਹੁੰਦੀ ਹੈ।ਅਫਸਰ ਸਥਾਨਕ ਨੇਤਾਵਾਂ ਦੇ ਦਬਾਊ ਵਿਚ ਆਕੇ ਕੋਈ ਕਾਰਵਾਈ ਨਹੀ ਕਰਦੇ।

ਇਸ ਗੱਲ ਦੀ ਚਿੰਤਾ ਪ੍ਰਗਟ ਕੀਤੀ ਜਾਦੀ ਹੈ ਕਿ ਕਈ ਇਲਾਕਿਆਂ ਵਿਚ ਉਚ ਜਾਤੀ ਦੇ ਲੋਕ ਦਲਿੱਤਾਂ ਨੂੰ ਗ੍ਰਾਮ ਸਭਾ ਦੀ ਮੀਟਿੰਗ ਵਿਚ ਬੈਠਣ ਤੋ ਹੀ ਰੋਕ ਦੇਣਗੇ।ਜੇ ਆਗਿਆ ਦੇ ਵੀ ਦਿੱਤੀ ਜਾਵੇਗੀ ਤਾ ਉਹਨਾਂ ਨੂੰ ਬੋਲਣ ਨਹੀ ਦਿੱਤਾ ਜਾਵੇਗਾ।ਅਗਰ ਬੋਲਣ ਦੇ ਦਿੱਤਾ ਗਿਆ ਤਾ ਉਹਨਾਂ ਦੀਆਂ ਮੰਗਾਂ ਨੂੰ ਬੈਠਕ ਦੀ ਲਿਖਤੀ ਕਾਰਵਾਈ ਵਿਚ ਦਰਜ ਨਹੀ ਕੀਤਾ ਜਾਵੇਗਾ।

## ਸੁਝਾਉ :

ਇਸ ਲਈ ਸਾਡਾ ਪ੍ਰਸਤਾਵ ਹੈ ਕਿ ਇਸ ਤਰਾ ਦੀਆਂ ਸਿਕਾਕਿਤਾਂ ਸੁਣਨ ਦੇ ਲਈ ਤੇ ਸਬੰਧਤ ਕਾਰਵਾਈ ਕਰਨ ਦੇ ਲਈ ਲੋਕ ਪਾਲ ਦਾ ਗੱਠਨ ਕੀਤਾ ਜਾਣਾ ਚਾਹੀਦਾ ਹੈ।ਕੇਰਲ ਵਿਚ ਇਹ ਪ੍ਰਣਾਲੀ ਕੰਮ ਕਰ ਰਹੀ ਹੈ ਜਿਸ ਦੇ ਬਹੁਤ ਹੀ ਵਧੀਆਂ ਨਤੀਜੇ ਹਨ।

ਸਾਡਾ ਸੁਝਾਉ ਹੈ ਕਿ ਰਾਜ ਪੱਧਰ ਤੇ ਲੋਕ ਪਾਲ ਦੀ ਨਿਯੁਕਤੀ ਹੋਣੀ ਚਾਹੀਦੀ ਹੈ।ਲੋਕ ਪਾਲ ਦਾ ਕੰਮ ਹੋਵੇਗਾ ਪੰਚਾਇਤੀ ਕਾਨੂੰਨ ਦੇ ਨਾਲ ਜੁੜੀਆਂ ਸਿਕਾਇਤਾਂ ਤੇ ਸੰਬਧਤ ਵਿਵਾਦਾਂ ਦਾ ਨਿਪਟਾਰਾ ਕਰਨ ਦੇ ਨਾਲ ਨਾਲ ਇਸ ਦੇ ਵਿਭਿੰਨ ਕੰਮ ਦੇ ਪ੍ਰਬੰਧ ਨੂੰ ਨਿਸਚਿਤ ਕਰਨ ਦੇ ਲਈ ਕਦਮ ਉਠਾਵੇ।

ਇਸਦੀ ਚੋਣ ਤੇ ਨਿਯੁਕਤੀ ਦੀ ਪਰਕ੍ਰਿਆ ਪੂਰੀ ਤਰਾ ਪਾਰਦਰਸੀ ਹੋਣੀ ਚਾਹੀਦੀ ਹੈ।ਜਨ ਮਹਾਂਸਭਾ ਦੇ ਅਧਾਰਿਤ ਹੋਣੀ ਚਾਹੀਦੀ ਹੈ।ਪ੍ਰਭਾਵੀ ਰੂਪ ਵਿਚ ਇਸ ਨੂੰ ਅਜਾਦ ਕੰਮ ਕਰਨ ਦੇ ਲਈ ਸਾਰੇ ਅਧਿਕਾਰ ਤੇ ਹੱਕ ਹੋਣੇ ਚਹੀਦੇ ਹਨ।

ਜਦੋ ਕੋਈ ਇਹ ਸਿਕਾਇਤ ਕਰੇ ਕਿ ਉਸਦੇ ਪਿੰਡ ਵਿਚ ਗ੍ਰਾਮ ਸਭਾ ਦੀ ਮੀਟਿੰਗ ਨਿਸਚਿਤ ਰੂਪ ਵਿਚ ਨਹੀ ਹੋ ਰਹੀ ਜਾ ਕੁਝ ਲੋਕਾਂ ਨੂੰ ਮੀਟਿੰਗ ਵਿਚ ਨਹੀ ਬੈਠਣ ਦਿੱਤਾ ਜਾਦਾ ਜਾਂ ਬੋਲਣ ਨਹੀ ਦਿੱਤਾ ਜਾਦਾ ਉਹਨਾਂ ਦੀਆਂ ਗੱਲਾਂ ਨੂੰ ਕਾਰਵਾਈ ਵਿਚ ਨਹੀ ਲਿਖਿਆ ਜਾਦਾ ਅਜਿਹੀ ਸਥਿਤੀ ਵਿਚ ਲੋਕ ਪਾਲ ਨੂੰ ਚਾਹੀਦਾ ਕਿ ਉਹ ਇਸ ਸਕਾਇਤ ਦੀ ਜਾਂਚ ਕਰੇ।ਜੇ ਸਿਕਾਇਤ ਸੱਚੀ ਹੋਵੇ ਤਾ ਆਪ ਜਾ ਆਪਣੇ ਪ੍ਰਤੀਨਿੰਧ ਦੀ ਹਾਜਰੀ ਵਿਚ ਗ੍ਰਾਮ ਸਭਾ ਦੀ ਦੁਬਾਰਾ ਮੀਟਿੰਗ ਕਰਵਾਏ।ਤੇ ਨਾਲੇ ਇਹ ਯਕੀਨੀ ਬਣਾਏ ਕਿ ਇਹ ਮੀਟਿੰਗਾਂ ਦੁਬਾਰਾ ਵੀ ਹੁੰਦੀਆਂ ਰਹਿਣ।

## ਰਾਜ ਸਰਕਾਰ ਦੇ ਹੁਕਮਾਂ ਤੇ ਰੋਕ ਲੱਗੇ:

## ਸਮਸਿਆ :

ਮੌਜੂਦਾ ਪੰਚਾਇਤੀ ਰਾਜ ਕਾਨੂੰਨਾਂ ਦੇ ਅਧੀਨ ਰਾਜ ਸਰਕਾਰਾਂ ਸਮੇਂ ਸਮੇਂ ਤੇ ਪੰਚਾਇਤਾਂ ਨੂੰ ਕੋਈ ਨਾ ਕੋਈ ਦਿਸਾ ਨਿਰਦੇਸ ਜਾਰੀ ਕਰਦੀਆਂ ਰਹਿੰਦੀਆਂ ਹਨ।ਇਸ ਤੇ ਚੱਲ ਕੇ ਪੰਚਾਇਤਾਂ ਰਾਜ ਸਰਕਾਰ ਦੇ ਨਿਕੰਮੇ ਵਿਭਾਗ ਦਾ ਰੂਪ ਲੈ ਚੁਕੀਆ ਹਨ।ਲੋਕਾਂ ਨਾਲ ਦੁਖ ਸੁਖ ਸੁਣਨ ਦੀ ਬਜਾਏ ਸਰਪੰਚ ਜਾ ਗ੍ਰਾਮ ਪ੍ਰਧਾਨ ਰਾਜ ਸਰਕਾਰ ਦੇ ਦਿਸਾ ਨਿਰਦੇਸਾਂ ਦਾ ਪਾਲਨ ਕਰਦਾ ਹੈ, ਗ੍ਰਾਮ ਸਭਾ ਕਿਸ ਕਿਸ ਤਰੀਖ ਨੂੰ ਹੋਵੇਗੀ ਉਸ ਦਾ ਕੀ ਏਜੰਡਾ ਹੋਵੇਗਾ?ਵੱਖ ਵੱਖ ਕਮੇਟੀਆਂ ਦਾ ਗੱਠਨ ਕੱਦੋ ਹੋਵੇਗਾ?ਉਹਨਾ ਦੀ ਕੰਮ ਕਾਜ ਕਰਨ ਦੀ ਪ੍ਰਕ੍ਰਿਆ ਕੀ ਹੋਵੇਗੀ?ਇਹ ਸਾਰੇ ਫੈਸਲੇ ਪਿੰਡ ਵਿਚ ਨਹੀ ਬਲਕਿ ਰਾਜ ਸਰਕਾਰ ਦੇ ਦਫਤਰਾਂ ਵਿਚ ਹੁੰਦੇ ਹਨ।ਰਾਜ ਦੀ ਕੋਸ਼ਿਸ ਹੁੰਦੀ ਹੈ ਕਿ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਛੋਟੇ ਤੋ ਛੋਟੇ ਫੈਸਲੇ ਉਹ ਕਰਕੇ ਭੇਜਣ।ਇਸਦਾ ਸਬੂਤ ਇਹ ਹੈ ਕਿ ਲੋਕ ਆਪਣਾ ਮੂਲ ਭੁਲ ਗਏ ਹਨ, ਤੇ ਸਾਥ ਹੀ ਪੰਚਾਇਤ ਤੇ ਗ੍ਰਾਮ ਸਭਾਵਾਂ ਦੀ ਅਜਾਦੀ ਵੀ ਖਤਮ ਹੋ ਗਈ ਹੈ।

## ਸਝਾਉ :

ਪੰਚਾਇਤਾਂ ਨੂੰ ਨਿਰਦੇਸਣ ਦੇਣ ਦਾ ਅਧਿਕਾਰ ਰਾਜ ਸਰਕਾਰ ਤੋ ਵਾਪਿਸ ਲਿਆ ਜਾਣਾ ਚਾਹੀਦਾ ਹੈ।ਪੰਚਾਇਤਾਂ ਨੂੰ ਪ੍ਰਸਾਸਨ ਦਾ ਤੀਸਰਾ ਸੁਤੰਤਰ ਢਾਂਚਾ ਮੰਨਿਆ ਜਾਣਾ ਚਾਹੀਦਾ ਹੈ।ਬਹਤਾ ਹੋਵੇ ਤਾ ਰਾਜ ਸਰਕਾਰਾਂ ਦੇ ਵੱਲੋ ਪੰਚਾਇਤਾਂ ਨੂੰ ਕੁਝ ਸੁਝਾਅ ਦਿੱਤੇ ਜਾ ਸਕਦੇ ਹਨ।ਲੇਕਿਨ ਪੰਚਾਇਤਾਂ ਨੂੰ ਬਾਰ ਬਾਰ ਹੁਕਮ ਦੇ ਕੇ ਰੋਜਾਨਾ ਦੇ ਕੰਮਕਾਜ ਵਿਚ ਦਖਲਅੰਦਾਜੀ ਰਾਜ ਸਰਕਾਰ ਵੱਲੋ ਨਹੀ ਹੋਣੀ ਚਾਹੀਦੀ।

## ਲਾਭ ਲੈਣ ਵਾਲੀਆਂ ਸੰਸਥਾਵਾਂ ਦਾ ਗੰਠਨ ਹੋਵੇ:

## ਸਮਸਿਆ :

ਮੰਨ ਲਵੋ ਕਿ 100 ਲੋਕਾਂ ਦੇ ਇਕ ਪਿੰਡ ਵਿਚ ਸਿਰਫ 10 ਆਦਮੀ ਹੀ ਰਾਸਨ ਲੈਦੇ ਹਨ।ਜਦੋ ਸਾਰੇ 100 ਆਦਮੀਆਂ ਨੂੰ ਰਾਸਨ ਦੀ ਵਿਵਸਥਾ ਦੇ ਬਾਰੇ ਵਿਚ ਪੁਛਿਆ ਜਾਵੇਗਾ ਤਾਂ 90 ਲੋਕ ਗਲਤ ਬੋਲ ਸਕਦੇ ਹਨ।

## ਸੁਝਾਉ :

ਇਸ ਸਮਸਿਆ ਨੂੰ ਲਾਭਕਾਰੀ ਸੰਸਥਾ ਨੂੰ ਹੋਂਦ ਵਿਚ ਲਿਆਉਣ ਨਾਲ ਸੁਲਜਾਇਆਂ ਜਾ ਸਕਦਾ ਹੈ।ਲਾਭਕਾਰੀ ਸਭਾਵਾਂ ਵਿਚ ਉਹ ਲੋਕਾਂ ਨੂੰ ਹੀ ਸਾਮਿਲ ਕੀਤਾ ਜਾਵੇਗਾ ਜੋ ਗ੍ਰਾਮ ਸਭਾ ਦੇ ਕਿਸੇ ਵਿਸੇਸ ਨਿਰਣੇ ਨਾਲ ਮੁਢਲੇ ਰੂਪ ਵਿਚ ਪ੍ਰਵਾਵਿਤ ਹੋਣਗੇ।ਉਪਰੋਕਤ ਉਦਾਹਰਣ ਵਿਚ ੧੦ ਆਦਮੀ ਮਿਲਕੇ ਲਾਭਕਾਰੀ ਸੰਸਥਾ ਬਣਾਉਣਗੇ।ਇਸ ਤਰਾ ਮੰਨ ਲਵੋ ਕਿ ਗ੍ਰਾਮ ਸਭਾ ਕੋਈ ਸੜਕ ਬਣਾਉਣ ਦੇ ਲਈ ਫੈਸਲਾ ਕਰਦੀ ਹੈ।ਉਸ ਸੜਕ ਦੇ ਦੋਵੇ ਪਾਸੇ ਰਹਿਣ ਵਾਲੇ ਲੋਕ ਲਾਭਕਾਰੀ ਸੰਸਥਾ ਦੇ ਮੈਬਰ ਬਣ ਸਕਦੇ ਹਨ।ਸੜਕ ਠੀਕ ਢੰਗ ਨਾਲ ਬਣਾਈ ਗਈ ਹੈ ਜਾ ਨਹੀ ਇਸ ਦਾ ਫੈਸਲਾ ਸਬੰਧਿਤ ਲਾਭ ਕਾਰੀ ਸਭਾ ਦੁਆਰਾ ਕੀਤਾ ਜਾਵੇਗਾ,ਲਾਭਕਾਰੀ ਸਭਾ ਦੇ ਫੈਸਲੇ ਨੂੰ ਹੀ ਗ੍ਰਾਮ ਸਭਾ ਦਾ ਫੈਸਲਾ ਮੰਨਿਆ ਜਾਵੇਗਾ।

# ਨਗਰ ਸਵਰਾਜ ਵੀ ਜਰੂਰ.......................................................................

ਕਿਸੇ ਵੀ ਪਿੰਡ ਵਿਚ ਰਹਿਣ ਵਾਲੇ ਲੋਕਾਂ ਦੀ ਆਮ ਸਭਾ ਨੂੰ ਗ੍ਰਾਮ ਸਭਾ ਕਹਿੰਦੇ ਹਨ,ਇਹ ਸਾਡੇ ਸੰਵਿਧਾਨ ਵਿਚ ਲਿਖਿਆ ਹੈ।ਸੰਵਿਧਾਨ ਵਿਚ ਗ੍ਰਾਮ ਸਭਾ ਦਾ ਤਾਂ ਜਿਕਰ ਹੈ ਪਰ ਗ੍ਰਾਮ ਸਭਾਵਾਂ ਨੂੰ ਕੋਈ ਹੱਕ ਨਹੀ ਦਿੱਤੇ ਗਏ।ਸਵਰਾਜ ਦੇ ਤਹਿਤ ਸਾਡਾ ਮੰਨਣਾ ਹੈ ਕਿ ਸਰਕਾਰੀ ਫੰਡ,ਸਰਕਾਰੀ ਕਰਮਚਾਰੀ,ਸਰਕਾਰੀ ਨੀਤੀਆਂ,ਕਾਨੂੰਨ ਬਣਾਉਣ ਦੀ ਪ੍ਰਕ੍ਰਿਆ ਤੇ ਕੁਦਰਤੀ ਸੋਮਿਆਂ ਤੇ ਗ੍ਰਾਮ ਸਭਾ ਦੇ ਜਰੀਏ ਸਿੱਧਾ ਜਨਤਾ ਦਾ ਅਧਿਕਾਰ ਹੋਵੇ।ਮੰਦਭਾਗਾ ਹੈ ਕਿ ਸਹਿਰਾਂ ਵਿਚ ਰਹਿਣ ਵਾਲੇ ਲੋਕਾਂ ਦੀ ਆਮ ਸਭਾ ਨੂੰ ਨਾ ਤਾਂ ਸੰਵਿਧਾਨਕ ਮਾਨਤਾ ਹੈ ਨਾ ਹੀ ਕਿਸੇ ਕਾਨੂੰਨ ਦੀ ਮਾਨਤਾ ਹੈ।ਇਸ ਦੇ ਲਈ ਨਵਾ ਕਾਨੂੰਨ ਬਣਾਉਣਾ ਪਵੇਗਾ।

## ਦਿੱਲੀ ਦੇ ਪ੍ਰਯੋਗ :

ਇਹ ਸੱਚ ਹੈ ਕਿ ਮੁਹੱਲਾ ਸਭਾਵਾਂ ਨੂੰ ਅਜੇ ਤੱਕ ਕਾਨੂੰਨੀ ਮਾਨਤਾ ਨਹੀ ਮਿਲੀ।ਲੇਕਿਨ ਕਈ ਸਥਾਨਾਂ ਤੇ ਨਾਗਰਿਕਾਂ ਨੇ ਆਪਣੀ ਪਹਿਲ ਤੇ ਇਹਨਾਂ ਦੀ ਸੁਰੂਆਤ ਕਰ ਦਿੱਤੀ ਹੈ।ਇਸ ਨਾਲ ਦਿੱਲੀ ਦਾ ਪ੍ਰਯੋਗ ਉਦਾਹਰਣ ਹੈ।ਪੂਰੀ ਦਿੱਲੀ ਦੇ ਕੁਝ ਇਲਾਕਿਆਂ ਵਿਚ ਇਕ ਲੰਮੇ ਸਮੇ ਤੋ ਸਵਰਾਜ ਦੀ ਪੂਰਤੀ ਲਈ ਮਹੱਲਾ ਸਭਾਵਾਂ ਦਾ ਅਯੋਜਿਤ ਕੀਤਾ ਗਿਆ ਹੈ।ਸਥਾਨਕ ਮਾਮਲਿਆਂ ਵਿਚ ਸਰਕਾਰੀ ਨਿਰਣੇ ਇਥੇ ਦੀ ਜਨਤਾ ਕਰਦੀ ਹੈ।ਨੇਤਾ ਦੇ ਅਧਿਕਾਰੀ ਇਹਨਾਂ ਨੂੰ ਲਾਗੂ ਕਰਨ ਵਿਚ ਜੁੱਟੇ ਹੋਏ ਹਨ।ਇਹ ਅਦਭੁਤ ਕਾਰਨਾਮਾਂ ਦਿੱਲੀ ਦੇ ਤਰਲੋਕਪੁਰੀ,ਸੁੰਦਰ ਨਗਰੀ ਵਾਰਡ ਵਿਚ ਹੋ ਰਿਹਾ ਹੈ।ਪੂਰੇ ਵਾਰਡ ਨੂੰ ੧੦ ਮਹੱਲਾ ਕਮੇਟੀਆਂ ਵਿਚ ਵੰਡ ਦਿੱਤਾ ਗਿਆ ਹੈ।ਪੂਰਾ ਮਹੱਲਾ ਸਭਾ ਮਹੀਨੇ ਬਾਅਦ ਜਾ ਮਹੀਨੇ ਵਿਚ ਦੋ ਵਾਰ ਮੀਟਿੰਗ ਕਰਦੀ ਹੈ।

ਮੁਹੱਲਾ ਸਭਾ ਦੀਆਂ ਮੀਟਿੰਗਾਂ ਵਿਚ ਪ੍ਰੀਸਦ ਤੇ ਨਗਰ ਨਿਗਮ ਦੇ ਸਥਾਨਿਕ ਅਧਿਕਾਰੀ ਹਾਜਰ ਰਹਿੰਦੇ ਹਨ।ਨਿਗਮ ਦੇ ਪੈਸੇ ਨੂੰ ਮਹੱਲੇ ਵਿਚ ਕਿਵੇ ਕਰਨਾ ਹੈ।ਇਸਦਾ ਫੈਸਲਾ ਲੋਕ ਮਿਲਕੇ ਮਹੱਲਾ ਸਭਾ ਵਿਚ ਕਰਦੇ ਹਨ।ਇਸ ਤੇ ਪਹਿਲਾ

ਇਹ ਸਾਰੇ ਫੈਸਲੇ ਅਫਸਰ ਤੇ ਨੇਤਾ ਬੰਦ ਕਮਰੇ ਵਿਚ ਬੈਠਕੇ ਕਰਦੇ ਸਨ।ਲੇਕਿਨ ਅੱਜ ਸਥਿਤੀ ਇਹ ਹੈ ਕਿ ਮਹੱਲਾ ਸਭਾ ਦਾ ਕੋਈ ਵੀ ਨਾਗਰਿਕ ਮੀਟਿੰਗ ਵਿਚ ਪਹੁੰਚ ਕੇ ਪਾਣੀ,ਬਿਜਲੀ,ਸੜਕ ਵਰਗੀ ਕਿਸੇ ਵੀ ਸਮਸਿਆ ਨੂੰ ਉਠਾ ਸਕਦਾ ਹੈ।ਉਸਦੀ ਮੰਗ ਨੂੰ ਮੀਟਿੰਗ ਵਿਚ ਹਾਜਰ ਪ੍ਰੀਸਦ ਤੇ ਅਧਿਕਾਰੀ ਨੋਟ ਕਰਦੇ ਹਨ।ਫਿਰ ਉਸਦੇ ਲਈ ਫੰਡ ਦੀ ਭਾਲ ਕੀਤੀ ਜਾਦੀ ਹੈ ਜੇ ਕੰਮਾਂ ਦੀ ਮੰਗ ਲੰਮੀ ਹੋਵੇ ਤੇ ਉਹਨਾਂ ਨੂੰ ਪੂਰਾ ਕਰਨ ਦੇ ਲਈ ਫੰਡ ਨਾ ਹੋਵੇ ਤਾ ਮੌਕੇ ਤੇ ਹੀ ਵੋਟਿੰਗ ਕਰਵਾ ਲਈ ਜਾਦੀ ਹੈ।ਕਿ ਕਿਹੜਾ ਕੰਮ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾਵੇ।

ਤਰਲੋਕਪੁਰੀ ਤੇ ਸੁੰਦਰ ਨਗਰੀ ਦੇ ਪ੍ਰੀਸਦਾਂ ਨੇ ਐਲਾਨ ਕਰ ਦਿੱਤਾ ਹੈ ਕਿ ਉਹਨਾਂ ਦੇ ਹਲਕੇ ਵਿਚ ਕਿਸੇ ਕੰਮ ਦੇ ਲਈ ਠੇਕੇਦਾਰ ਨੂੰ ਤਾ ਹੀ ਭੁਗਤਾਨ ਹੋਵੇਗਾ ਜੇ ਮਹੱਲਾ ਸਭਾ ਦੇ ਮੈਬਰ ਜੇ ਕੀਤੇ ਗਏ ਕੰਮ ਤੇ ਸੰਤੁਸਟ ਹਨ ।ਇਸ ਐਲਾਨ ਨਾਲ ਇਲਾਕੇ ਵਿਚ ਹੋਣ ਵਾਲੇ ਕੰਮਾਂ ਵਿਚ ਕਈ ਗੁਣਾਂ ਜਿਆਦਾ ਸੁਧਾਰ ਹੋਇਆ ਹੈ।

ਸਮਾਜਿਕ ਸੁਰਖਿਆ ਯੋਜਨਾਵਾਂ ਦੇ ਅਧੀਨ ਵਿਧਵਾ ਪੈਨਸਨ,ਬੁਢਾਪਾ ਪੈਨਸਨ,ਅੰਗਹੀਣ ਪੈਨਸਨ ਜਿਹੇ ਲਾਭ ਪ੍ਰਾਪਤ ਕਰਨ ਵਾਲੇ ਨਾਗਰਿਕਾਂ ਦੀ ਸੂਚੀ ਮੁਹੱਲਾ ਸਭਾ ਵਿਚ ਖੁੱਲੇ ਆਮ ਬਣਦੀ ਹੈ।ਲੋਕ ਪੂਰੀ ਪਾਰਦਰਸਤਾ ਦੇ ਨਾਲ ਚਰਚਾ ਕਰਦੇ ਹਨ।ਉਹਨਾਂ ਵਿਚੋ ਸਭ ਤੋ ਗਰੀਬ ਕੌਣ ਹੈ ਕਿਸ ਨੂੰ ਇਹ ਯੋਜਨਾਵਾਂ ਦਾ ਲਾਭ ਪਹੁੰਚਣਾ ਚਾਹੀਦਾ ਹੈ।ਪਹਿਲਾ ਇਹ ਲਾਭ ਪ੍ਰੀਸਦ ਮੈਬਰਾਂ ਦੇ ਨਜਦੀਕੀ ਹੀ ਜਾ ਨਗਰ ਨਿਗਮ ਦੇ ਜਾਣ ਪਹਿਚਾਣ ਵਾਲੇ ਹੀ ਲੈ ਜਾਦੇ ਸਨ।

ਦਿੱਲੀ ਦੇ ਉਪਰਾਜਪਾਲ ਨੇ ਆਪਣੇ ਵਾਰਡ ਵਿਚ ਮਹੱਲਾ ਸਭਾ ਕਰਵਾਉਣ ਵਾਲੇ ਪ੍ਰੀਸਦਾਂ ਨੂੰ ਵਧਾਈ ਦਿੱਤੀ ਹੈ।ਉਹਨਾਂ ਨੇ ਪੁਲਿਸ ਦੇ ਅਧਿਕਾਰੀਆਂ ਨੂੰ ਮਹੱਲਾ ਸਭਾ ਦੀ ਮੀਟਿੰਗ ਵਿਚ ਹਾਜਰ ਰਹਿਣ ਦਾ ਹੁਕਮ ਦਿੱਤਾ ਹੈ।ਨਾਨ ਹੀ ਨਗਰ ਨਿਗਮ ਦੇ ਮੁੱਖੀ ਨੂੰ ਕਿਹਾ ਹੈ ਕਿ ਅਜਿਹੀਆਂ ਮਹੱਲਾ ਸਭਾ ਦਿੱਲੀ ਦੇ ਹੋਰ ਇਲਾਕਿਆਂ ਵਿਚ ਕਰਵਾਉਣ ਦਾ ਯਤਨ ਕਰਨਾ ਚਾਹੀਦਾ ਹੈ।

## ਕੇਦਰ ਸਰਕਾਰ ਦੀ ਪਹਿਲ :

ਮੁਹੱਲਾ ਸਭਾ ਨੂੰ ਕਾਨੂੰਨੀ ਮਾਨਤਾ ਤੇ ਹੋਰ ਅਧਿਕਾਰ ਦੇਣ ਦੀ ਮੰਗ ਚਾਰ ਚੁਫੇਰਿਉ ਉਠ ਰਹੀ ਹੈ। ਚਾਲੂ ਸਾਲ ਵਿਚ ਕੇਂਦਰ ਸਰਕਾਰ ਵੱਲੋ ਰਾਜ ਸਰਕਾਰਾਂ ਨੂੰ ਨਗਰ ਰਾਜ ਬਿੱਲ ਦੀ ਇਕ ਕੱਚੀ ਕਾਪੀ ਭੇਜੀ ਹੈ ਤੇ ਨਾਲ ਹੀ ਬੇਨਤੀ ਕੀਤੀ ਹੈ ਕਿ ਆਪਣੇ ਵਿੱਤ ਅਨੁਸਾਰ ਕਾਨੂੰਨ ਵਿਚ ਸੋਧ ਕਰਨ ਲਈ ਇਸ ਨੂੰ ਵਿਧਾਨ ਸਭਾ ਵਿਚ ਪੇਸ਼ ਕਰੋ।ਕੇਂਦਰ ਸਰਕਾਰ ਦਾ

ਇਹ ਕਦਮ ਇਕ ਬਹੁਤ ਵੱਡੀ ਘਟਨਾ ਹੈ।ਇਹ ਪਹਿਲੀ ਵਾਰ ਹੋਇਆ ਹੈ ਕਿ ਸਹਿਰਾਂ ਵਿਚ ਮਹੱਲਾ ਸਭਾ ਦੇ ਨਾਮ ਨੂੰ ਨਾਗਰਿਕਾਂ ਦੀ ਇਕ ਇਕਾਈ ਦੇ ਰੂਪ ਵਿਚ ਮਾਨਤਾ ਦਿੱਤੀ ਗਈ ਹੈ।ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਮਹੱਲਾ ਸਭਾ ਨੂੰ ਕੋਈ ਅਧਿਕਾਰ ਨਹੀ ਦਿੱਤਾ ਗਿਆ।

## ਪ੍ਰਚੱਲਿਤ ਕਾਨੂੰਨ ਵਿਚ ਪ੍ਰਮੁੱਖ ਸੋਧਾਂ ਦੀ ਲੋੜ:

## ਮੁਹੱਲਾ ਸਭਾਵਾਂ ਦਾ ਗੱਠਣ :

(a) ਸਹਿਰ ਦੇ ਕਿਸੇ ਨਿਸਚਤ ਇਲਾਕੇ ਦੇ ਰਹਿਣ ਵਾਲੇ 3000 ਲੋਕਾਂ ਨੂੰ ਮਿਲਾ ਕੇ ਇਕ ਮੁਹੱਲਾ ਸਭਾ ਦਾ ਗੱਠਨ ਕੀਤਾ ਜਾਣਾ ਚਾਹੀਦਾ ਹੈ।ਜੇ ਸਹਿਰ ਦੇ ਕਿਸੇ ਵਾਰਡ ਦੀ ਜਨਸੰਖਿਆਂ 3000 ਤੋ ਵੱਧ ਹੈ ਤਾ 3000 ਦੀ ਜਨਸੰਖਿਆਂ ਤੇ ਇਕ ਮੁਹੱਲਾ ਸਭਾ ਦਾ ਗੱਠਨ ਕੀਤਾ ਜਾਵੇ।ਸਬੰਧਤ ਮੁਹੱਲਾ ਸਭਾ ਦੇ ਭੂਗੋਲਿਕ ਖੇਤਰ ਦੇ ਵਿਚ ਰਹਿਣ ਵਾਲੇ ਸਾਰੇ ਹੀ ਵੋਟਰਾਂ ਨੂੰ ਮਹੱਲਾ ਸਭਾ ਦੇ ਮੈਬਰ ਮੰਨਣਾ ਚਾਹੀਦਾ ਹੈ।

(b) ਮੁਹੱਲਾ ਸਭਾ ਦੇ ਪ੍ਰਤੀਨਿੱਧ ਨੂੰ ਰਾਜ ਸਰਕਾਰ ਦੀ ਮਦਦ ਨਾਲ ਚੁਣਿਆ ਜਾਣਾ ਚਾਹੀਦਾ ਹੈ।

(c) ਇਕ ਵਾਰਡ ਵਿਚ ਸਥਿਤ ਸਾਰੀਆਂ ਮੁਹੱਲਾ ਸਭਾਵਾਂ ਦੇ ਪ੍ਰਤੀਨਿਧਾਂ ਨੂੰ ਮਿਲਾਕੇ ਇਕ ਵਾਰਡ ਕਮੇਟੀ ਬਣਾਈ ਜਾਵੇ।ਇਸ ਵਾਰਡ ਕਮੇਟੀ ਦੀ ਅਗਵਾਈ ਵਾਰਡ ਦੇ ਪ੍ਰੀਸ਼ਦ ਦੁਆਰਾ ਕੀਤੀ ਜਾਵੇ।

(d) ਮੁਹੱਲੇ ਵਿਚ ਜੁੜੇ ਸਾਰੇ ਮਾਮਲਿਆਂ ਦਾ ਪ੍ਰਬੰਧ ਮੁਹੱਲਾ ਸਭਾ ਦੁਆਰਾ ਕੀਤਾ ਜਾਵੇ।ਸਾਰੇ ਮੁਹੱਲਾ ਸਭਾ ਦੇ ਗੱਲਬਾਤ ਤੇ ਸਹਿਮਤੀ ਦੇ ਨਾਲ ਵਾਰਡ ਕਮੇਟੀ ਵਾਰਡ ਨਾਲ ਜੁੜੇ ਸਾਰੇ ਮਾਮਲਿਆ ਦਾ ਪ੍ਰਬੰਧ ਕਰੇ।

(e) ਮੁਹੱਲਾ ਸਭਾ ਦੀਆਂ ਮੀਟਿੰਗਾਂ ਵਿਚ ਅਗਵਾਈ ਮਹੱਲਾ ਸਭਾ ਦੇ ਪ੍ਰਤੀਨਿੱਧ ਦੁਆਰਾ ਕੀਤੀ ਜਾਵੇ।ਉਸਨੂੰ ਮੁਹੱਲਾ ਸਭਾ ਤੇ ਵਾਰਡ ਕਮੇਟੀ ਦੇ ਵਿਚਕਾਰ ਗੱਲਬਾਤ ਦਾ ਜਰੀਆਂ ਬਣਾਇਆਂ ਜਾਵੇ।ਮੁਹੱਲਾ ਸਭਾ ਦੇ ਸਾਰੇ ਨਿਰਣਿਆ ਨੂੰ ਮੰਨਣਾ ਉਸਦੇ ਲਈ ਜਰੂਰੀ ਹੋਵੇਗਾ।ਉਹ ਮੁਹੱਲਾ ਸਭਾ ਨੂੰ ਅਣਦੇਖੀ ਕਰਕੇ ਕੋਈ ਨਿਰਣਾ ਨਹੀ ਲੈ ਸਕਦਾ।

(f) ਮੁਹੱਲਾ ਸਭਾ ਦੇ ਸਾਰੇ ਨਿਰਣੇ ਉਸਦੀ ਹਰ ਮਹੀਨੇ ਹੋਣ ਵਾਲੀ ਮੀਟਿੰਗ ਵਿਚ ਲਏ ਜਾਣੇ ਚਾਹੀਦੇ ਹਨ।ਜੇ ਕੋਈ ਨਿਰਣਾ ਖੁੱਲੀ ਮੀਟਿੰਗ ਵਿਚ ਨਾ ਲਿਆ ਗਿਆ ਹੋਵੇ ਤਾ ਉਸਦੀ ਮਨਜ਼ੂਰੀ ਖੁੱਲੀ ਮੀਟਿਗ ਵਿਚ ਲਈ ਜਾਵੇ।

## ਆਰਥਿਰ ਨਿਰਣੇ:

(a) ਵਾਰਡ ਕਮੇਟੀ ਦੇ ਕੋਲ ਰਾਜਸੀ ਸਤੰਤਰ ਸ੍ਰੋਤ ਹੋਣੇ ਚਾਹੀਦੇ ਹਨ।ਆਪਣੀ ਮੁਹੱਲਾ ਸਭਾ ਵਿਚ ਵਿਚਾਰ ਕਰਕੇ ਵਾਰਡ ਕਮੇਟੀਆਂ ਸਬੰਧਤ ਵਾਰਡ ਵਿਚ ਕੁਝ ਮਾਮਲਿਆਂ ਵਿਚ ਟੈਕਸ ਲਾਉਣ ਤੇ ਇਕਠਾ ਕਰਨ ਦੇ ਲਈ ਅਧਿਕਾਰ ਹੋਵੇ।

(b) ਸਥਾਨਕ ਪੱਧਰ ਤੇ ਇੱਕਠਾ ਕੀਤੇ ਜਾਣ ਵਾਲੇ ਟੈਕਸ ਨੂੰ ਅਖੀਰ ਵਿਚ ਵਾਰਡ ਕਮੇਟੀਆਂ ਨੂੰ ਨਗਰ ਪਾਲਿਕਾ,ਰਾਜ,ਕੇਦਰ ਸਰਕਾਰ ਦੇ ਵੱਲੋ ਭੇਜੇ ਗਏ ਵਿਕਾਸ ਦੇ ਕੰਮਾਂ ਦੇ ਲਈ ਮੁੱਕਤ ਫੰਡ ਦਿੱਤਾ ਜਾਵੇ।

(c) ਕਿਸੇ ਮਹੱਲੇ ਵਿਚ ਕਿਹੜਾ ਕੰਮ ਕਿਸ ਜਗਾਹ ਤੇ ਹੋਵੇ ਇਸ ਦਾ ਫੈਸਲਾ ਸਬੰਧਿਤ ਮਹੱਲਾ ਸਭਾ ਦੁਆਰਾ ਕੀਤਾ ਜਾਣਾ ਚਾਹੀਦਾ ਹੈ।

(d) ਮੁਹੱਲੇ ਵਿਚ ਕੰਮ ਕਰਨ ਵਾਲੇ ਠੇਕੇਦਾਰ ਦਾ ਭੁਗਤਾਨ ਤਾਹੀ ਕੀਤਾ ਜਾਵੇ ਜਦੋ ਮਹੱਲਾ ਸਭਾ ਦੇ ਵੱਲੋ ਕੰਮ ਦੇ ਬਾਰੇ ਵਿਚ ਤਸੱਲੀ ਬਖਸ ਹੋਣ ਦਾ ਪ੍ਰਮਾਣਪੱਤਰ ਜਾਰੀ ਕਰ ਦਿੱਤਾ ਜਾਵੇ।

(e) ਮੁਹੱਲਾ ਸਭਾਵਾਂ ਵੱਲੋ ਸਾਰੇ ਫੈਸਲੇ ਸਮੂਹਿਕ ਰੂਪ ਵਿਚ ਲਈ ਜਾਣੇ ਚਾਹੀਦੇ ਹਨ। ਮੁਹੱਲਾ ਸਭਾ ਦੇ ਪ੍ਰਤੀਨਿੱਧ ਤੇ ਸਥਾਨਕ ਅਧਿਕਾਰੀਆਂ ਦੀ ਜੁੰਮੇਵਾਰੀ ਕੇਵਲ ਇਹ ਨਿਰਣਿਆਂ ਨੂੰ ਲਾਗੂ ਕਰਨ ਦੀ ਹੋਣੀ ਚਾਹੀਦੀ ਹੈ।

(f) ਜਦੋ ਮੁਹੱਲਾ ਸਭਾ ਦੇ ਪ੍ਰਤੀਨਿੱਧ ਜਾ ਵਾਰਡ ਕਮੇਟੀ ਦੇ ਮੁੱਖੀ ਦੁਆਰਾ ਮੁਹੱਲਾ ਸਭਾ ਦੇ ਨਿਰਦੇਸਾਂ ਦੀ ਪਾਲਣਾ ਨਹੀ ਕੀਤੀ ਜਾਦੀ ਤਾ ਅਜਿਹੀ ਸਥਿਤੀ ਵਿਚ ਮਹੱਲਾ ਸਭਾ ਦੇ ਕੋਲ ਉਹਨਾਂ ਨੂੰ ਵਾਪਸ ਬਲਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

(g) ਮੁਹੱਲਾ ਸਭਾ ਨੂੰ ਆਪਣੇ ਇਲਾਕੇ ਦੇ ਸਰਕਾਰੀ ਨੁਮਾਇੰਦੇ ਜਿਵੇ ਪ੍ਰਧਾਨ,ਰਾਸਨ ਦੀ ਦੁਕਾਨ ਦੇ ਸੰਚਾਲਕ,ਸਿਹਤ ਮਹਿਕਮੇ,ਮਾਲੀ ਹਸਪਤਾਲ ਦੇ ਮੈਡੀਕਲ ਸੁਪਰਡੈਂਟ, ਆਦਿ ਇਸ ਪੱਧਰ ਦੇ ਸਥਾਨਕ ਅਧਿਕਾਰੀਆਂ ਨੂੰ ਆਪਣੀ ਮੀਟਿੰਗ ਵਿਚ ਆਉਣ ਦਾ ਨਿਰਦੇਸ ਦੇ ਸਕਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

(h) ਜਦੋ ਸਥਾਨਕ ਸਰਕਾਰੀ ਕਰਮਚਾਰੀ ਜਿਵੇ ਅਧਿਆਪਕ,ਮਾਲੀ,ਸਫਾਈ ਕਰਮਚਾਰੀ,ਸਿਹਤ ਕਾਮੇ,ਹਸਪਤਾਲ ਦੇ ਕਾਮੇ ਮੁਹੱਲਾ ਸਭਾ ਦੇ ਹੁਕਮ ਦੀ ਪਾਲਣ ਨਹੀ ਕਰਦੇ ਜਾ ਆਪਣੇ ਕੰਮ ਵਿਚ ਲਾਪਰਵਾਹੀ ਵਰਤਦੇ ਹਨ ਅਜਿਹੀ ਸਥਿਤੀ ਵਿਚ ਮਹੱਲਾ ਸਭਾ ਦੇ ਕੋਲ ਦੋਸੀ ਕਰਮਚਾਰੀਆਂ ਦੀ ਤਨਖਾਹ ਰੋਕਣ,ਉਹਨਾਂ ਨੂੰ ਜੁਰਮਾਨਾ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।ਕਰਮਚਾਰੀਆਂ ਨੂੰ ਦੰਡ ਦੇਣ ਦੇ ਲਈ ਕਿਸੇ ਹੋਰ ਏਜੰਸੀ ਤੋ ਪਹਿਲਾ ਮਨਜੂਰੀ ਨਾ ਲੈਣੀ ਪਵੇ।

(i) ਜਦੋ ਮੁਹੱਲੇ ਵਿਚ ਚੱਲ ਰਹੀ ਰਾਸਨ ਦੀ ਦੁਕਾਨ ਤੋ ਰਾਸਨ ਠੀਕ ਢੰਗ ਨਾਲ ਨਹੀ ਵੰਡਿਆਂ ਜਾਦਾ ਤਾ ਮੁਹੱਲਾ ਸਭਾ ਉਸ ਸਬੰਧਿਤ ਰਾਸਨ ਦੀ ਦੁਕਾਨ ਦਾ ਲਾਈਸੈਸ ਰੱਦ ਕਰ ਸਕੇ।ਮਹੱਲਾ ਸਭਾ ਦੁਕਾਨ ਚਲਾਉਣ ਲਈ ਲਾਈਸੈਸ ਕਿਸੇ ਨਵੇ ਆਦਮੀ ਨੂੰ ਜਾਰੀ ਕਰ ਸਕਣ ਦਾ ਅਧਿਕਾਰ ਰੱਖਦੀ ਹੋਵੇ।

## ਉਤਰਦੇਹ :

(a) ਮੁਹੱਲਾ ਸਭਾ ਨੂੰ ਇਹ ਸੂਚਿਤ ਕਰਨਾ ਚਾਹੀਦਾ ਹੈ ਕਿ ਕੋਈ ਵੀ ਵਿਅਕਤੀ ਬਿਨਾ ਘਰ ਦੇ ਨਾ ਹੋਵੇ,ਕੋਈ ਭੁੱਖਾ ਨਾ ਸੌਵੇ,ਕੋਈ ਬੱਚਾ ਸਿਖਿਆ ਤੋ ਵਾਝਾਂ ਨਾ ਰਹੇ,ਸਾਰਿਆਂ ਨੂੰ ਮੁਫਲੀਆਂ ਸਿਹਤ ਸੇਵਾਵਾਂ ਮਿਲਣੀਆ ਚਾਹੀਦੀਆਂ ਹਨ।

(b) ਸਬੰਧਿਤ ਵਾਰਡ ਵਿਚ ਵਾਰਡ ਕਮੇਟੀਆਂ ਨੂੰ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਅਧਿਕਾਰਿਤ ਇਲਾਕੇ ਵਿਚ ਮਹੱਲਾ ਸਭਾ ਦੀ ਤਰਾ ਕੰਮ ਕਰਨ।ਤੇ ਵਾਰਡ ਕਮੇਟੀ ਦੇ ਸਾਰੇ ਵੱਡੇ ਫੈਸਲੇ ਲਾਗੂ ਕਰਨ ਤੋ ਪਹਿਲਾ ਸਬੰਧਿਤ ਮਹੱਲਾ ਸਭਾ ਦੀ ਮਨਜੂਰੀ ਲੈਣੀ ਜਰੂਰੀ ਹੋਵੇ।

(c) ਮੁਹੱਲੇ ਵਿਚ ਸਥਿਤ ਝੁੱਗੀ ਝੌਂਪੜੀ ਨੂੰ ਤਦ ਤੱਕ ਨਹੀ ਹਟਾਇਆ ਜਾਵੇਗਾ ਜਦ ਤਕ ਸਰਕਾਰੀ ਨੀਤੀਆਂ ਦੇ ਅਧੀਨ ਉਚਿੱਤ ਪੁਨਰ ਨਿਵਾਸ ਦਾ ਪ੍ਰਬੰਧ ਨਾ ਕੀਤਾ ਜਾਵੇ।ਪੁਨਰ ਨਿਵਾਸ ਦੇ ਸਬੰਧ ਵਿਚ ਮਹੱਲਾ ਸਭਾ ਦੁਆਰਾ ਪ੍ਰਮਾਣ ਪੱਤਰ ਰਾਹੀ ਸਤੁੰਸਟੀ ਪ੍ਰਗਟ ਕੀਤੀ ਜਾਵੇਗੀ।

(d) ਦਿੱਲੀ ਜਿਹੇ ਮਹਾ ਨਗਰ ਵਿਚ ਪਿੰਡਾਂ ਨੂੰ ਉਹਨਾਂ ਦੀ ਆਪਣੀ ਜ਼ਮੀਨ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ।

## ਨਗਰ ਪਾਲਿਕਾ-ਨਗਰ ਨਿਗਮ ਤੇ ਅਧਿਕਾਰ :

ਕੋਈ ਵੀ ਮਹੱਲਾ ਸਭਾ ਦਾ ਦੋ ਤਿਹਾਈ ਬਹੁਮੱਤ ਨਾਲ ਪਾਸ ਕੀਤਾ ਪ੍ਰਸਤਾਵ ਸਬੰਧਤ ਨਗਰ ਪਾਲਿਕਾ-ਨਗਰ

ਨਿਗਮ ਨੂੰ ਕਿਸੇ ਵੀ ਮੁੰਦੇ ਤੇ ਵਿਚਾਰ ਕਰਨ ਤੇ ਨਿਰਣਾ ਲੈਣ ਲਈ ਕਹਿ ਸਕਦਾ ਹੈ।ਅਜਿਹਾ ਪ੍ਰਸਤਾਵ ਮਿਲਣ ਤੇ ਸਬੰਧਿਤ ਨਗਰ ਪਾਲਿਕਾ-ਨਗਰ ਨਿਗਮ ਨੂੰ ਇਸ ਨਿਸਚਤ ਮੁੱਦੇ ਤੇ ਵਿਚਾਰ ਕਰਨਾ ਤੇ ਨਿਰਣਾ ਲੈਣਾ ਜਰੂਰੀ ਹੋਣਾ ਚਾਹੀਦਾ ਹੈ।

# ਆਪਣੀ ਗ੍ਰਾਮ ਸਭਾ ਜਾ ਆਪਣੀ ਮਹੱਲਾ ਸਭਾ ਨਾਲ ਜੁੜੋ-ਗੱਲ ਬਾਤ ਕਰੋ..........................................................................................................

ਜਦੋ ਵੀ ਗ੍ਰਾਮ ਸਭਾ ਜਾਂ ਆਪਣੀ ਮੁਹੱਲਾ ਸਭਾ ਨਾਲ ਜੁੜੇ ਲੋਕਾਂ ਨੂੰ ਸਿੱਧੀ ਤਾਕਤ ਦੇਣ ਦੀ ਗੱਲ ਕੀਤੀ ਜਾਦੀ ਹੈ ਤਾ ਸਰਕਾਰ ਕਹਿੰਦੀ ਹੈ ਕਿ ਲੋਕ ਆਪਸ ਵਿਚ ਲੜਨਗੇ।ਲੋਕ ਤਾ ਅਨਪੜ ਹਨ ਲੋਕ ਤਾ ਧਰਮ ਦੇ ਨਾਮ ਤੇ ਲੜਦੇ ਹਨ,ਜਾਤ ਦੇ ਨਾਮ ਤੇ ਲੜਦੇ ਹਨ।ਇਸ ਲਈ ਲੋਕਾਂ ਨੂੰ ਸੱਤਾਂ ਨਹੀ ਦਿੱਤੀ ਜਾ ਸਕਦੀ।ਇਤਹਾਸ ਗੁਆਹ ਹੈ ਕਿ ਜਦੋ ਜਦੋ ਵੀ ਅਜਾਦੀ ਦੀ ਗੱਲ ਕੀਤੀ ਜਾਦੀ ਹੈ।ਤਾ ਸੱਤਾਧਾਰੀਆਂ ਨੇ ਲੋਕਾਂ ਦੇ ਵਿਚ ਫੁੱਟ ਪਾਈ ਹੈ। ਲੋਕਾਂ ਨੂੰ ਸੱਤ ਨਹੀ ਦੇਣਾ ਚਹੁੰਦੇ।ਅੰਗਰੇਜਾਂ ਨੇ ਵੀ ਲੋਕਾਂ ਵਿਚਲੀ ਆਪਸੀ ਫੁੱਟ ਦਾ ਸਹਾਰਾ ਲਿਆ ਸੀ।ਅਕਸਰ ਸੱਤਾਧਾਰੀ ਲੋਕ ਲੋਕਾਂ ਵਿਚਲੀ ਫੁੱਟ ਨੂੰ ਘਟਾਉਣ ਦੀ ਬਜਾਏ ਵਧਾਉਦੇ ਹਨ।ਫਿਰ ਲੋਕਾਂ ਵਿਚ ਇਸੇ ਫੁੱਟ ਦਾ ਸਹਾਰਾ ਲੈ ਕੇ ਲੋਕਾਂ ਨੂੰ ਸੱਤਾ ਨਾ ਦੇਣ ਦਾ ਕਾਰਣ ਬਣਾ ਲੈਦੇ ਹਨ।ਸਾਡੇ ਨੇਤਾ,ਪਾਰਟੀਆਂ ਤੇ ਅਫਸਰ ਸਾਡੇ ਦੇਸ ਵਿਚ ਧਰਮ ਤੇ ਜਾਤੀ ਦੀ ਰਾਜਨੀਤੀ ਖੇਡਦੇ ਹਨ।ਇਸ ਲਈ ਪਹਿਲਾ ਕੰਮ ਤਾ ਇਹ ਕਰਨ ਵਾਲਾ ਹੈ ਕਿ ਅਸੀ ਲੀਡਰਾਂ ਨੂੰ ਸਿੱਧਾ ਸਿੱਧਾ ਕਹਿ ਦੇਈਏ ਕਿ- ਅਸੀ ਆਪਣੀ ਫੁੱਟ ਨੂੰ ਆਪ ਦੂਰ ਕਰ ਲਵਾਗੇ ਪਰ ਸਾਨੂੰ ਸੱਤਾ ਵਾਪਿਸ ਚਾਹੀਦੀ ਹੈ।ਜੋ ਸੱਤਾ ੨੬ ਜਨਵਰੀ ੧੯੫੦ ਨੂੰ ਦਿੱਤੀ ਗਈ ਸੀ।ਤੁਸੀ ਉਸਦਾ ਦੁਰਉਪਯੋਗ ਕੀਤਾ ਹੈ।ਅਸੀ ਉਸ ਨੂੰ ਵਾਪਸ ਚਾਹੁੰਦੇ ਹਾਂ।ਦੂਸਰਾ ਕੰਮ ਇਹ ਕਰਨ ਵਾਲਾ ਹੈ ਕਿ ਆਪਣੇ ਸਮਾਜ ਵਿਚੋ ਫੁੱਟ ਨੂੰ ਦੂਰ ਕਰਨ ਲਈ ਮੁਹਿੰਮ ਚਲਾਉਣੀ ਹੋਵੇਗੀ।ਇਸ ਲਈ ਜਰੂਰੀ ਹੈ ਕਿ ਹਰ ਪਿੰਡ ਵਿਚ ਗ੍ਰਾਮ ਸਭਾਵਾਂ ਸੁਰੂ ਕੀਤੀਆਂ ਜਾਣ।

ਸਾਨੂੰ ਇਹ ਨਿਸਚਿਤ ਕਰਨਾ ਹੋਵੇਗਾ ਕਿ ਗ੍ਰਾਮ ਸਭਾਵਾਂ ਸਰਕਾਰੀ ਯੋਜਨਾਵਾਂ ਦੀ ਬਾਦਰ ਵੰਡ ਵਾਲੀ ਮੀਟਿੰਗ ਨਾ ਬਣ ਜਾਵੇ।ਡਾ.ਬੀ.ਡੀ. ਸਰਮਾ ਦੀ ਕਹਿਣਾਂ ਹੈ ਕੇ ਗ੍ਰਾਮ ਸਭਾ ਠੀਕ ਤੋਰ ਤੇ ਸੁਰੂ ਹੋਣੀ ਚਾਹੀਦੀ ਹੈ।ਪਹਿਲਾਂ ਇਕ ਦੂਜੇ ਦਾ ਹਾਲ ਚਾਲ ਪੁਛ ਕੇ ਸੁਰੂ ਕੀਤੀ ਜਾਵੇ ਤੇ ਹਰੇਕ ਮੈਬਰ ਆਪਣੀਆਂ ਘਰੇਲੂ ਮੁਸਕਲਾਂ ਸਾਂਝੀਆਂ ਕਰਨ ਲਈ ਵੀ ਅਜਾਦ ਹੋਣ। ਗ੍ਰਾਮ ਸਭਾਵਾਂ ਲੋਕਾਂ ਦੀਆਂ ਸਮਾਜਿਕ,ਪਰਵਾਰਿਕ,ਤੇ ਪਿੰਡ ਦੀਆਂ ਸਮੱਸਿਆਂ ਦੀ ਚਰਚਾ ਕਰਨ ਲਈ ਇਕ ਮੰਚ ਬਣੇ।ਮੰਨ ਲਵੇ ਕਿ ਕੋਈ ਬੀਮਾਰ ਹੈ ਤਾ ਗ੍ਰਾਮ ਸਭਾ ਵਾਲੇ ਚਰਚਾ ਕਰਣਗੇ ਕਿ ਉਸ ਦੀ ਮਦਦ ਕਿਵੇ ਕਰਨੀ ਹੈ।ਇਸ

ਨਾਲ ਲੋਕ ਇਕ ਦੂਜੇ ਨਾਲ ਜੁੜਨਗੇ।ਲੋਕ ਗ੍ਰਾਮ ਸਭਾ ਵਿਚ ਆਉਣ ਲੱਗ ਜਾਣਗੇ।

ਜੇ ਪਿੰਡ ਦਾ ਸਰਪੰਚ ਹਰ ਮਹੀਨੇ ਗ੍ਰਾਮ ਸਭਾਵਾਂ ਦੀ ਮੀਟਿੰਗ ਬੁਲਾਉਣ ਲਈ ਤਿਆਰ ਹੈ ਤਾਂ ਅੱਛੀ ਗੱਲ ਹੈ।ਜੇ ਨਹੀ ਬੁਲਾਉਦਾ ਤਾ ਕੋਈ ਗੱਲ ਨਹੀ ਹੈ।ਤੁਸੀ ਆਪ ਆਪਣੇ ਵੱਲੋ ਇਕ ਦਿਨ ਨਿਸਚਤ ਕਰਕੇ ਸਾਰੇ ਪਿੰਡ ਦੀ ਮੀਟਿੰਗ ਬੁਲਾਉਣੀ ਸੁਰੂ ਕਰ ਦਿਉ।ਪਹਿਲਾ ਬਹੁਤ ਘੱਟ ਲੋਕ ਆਉਣਗੇ।ਯਤਨ ਕਰਕੇ ਦਲਿਤ ਪ੍ਰਵਾਰਾਂ ਨੂੰ ਜਰੂਰ ਸੱਦੋ।ਇਹੀ ਗ੍ਰਾਮ ਸਭਾ ਹੈ।ਇਸ ਵਿਚ ਹਰ ਵਿਅਕਤੀ ਹਰੇਕ ਸਮੱਸਿਆਂ ਸਾਂਝੀ ਕਰਨ ਲਈ ਅਜਾਦ ਹੋਣ।ਆਪਸ ਵਿਚ ਮਿਲਕੇ ਸਮਸਿਆ ਦਾ ਹੱਲ ਕਰਨ ਦੀ ਕੋਸਿਸ ਕਰ ਸਕਣ।ਲੋਕਾਂ ਨੂੰ ਅਪਣੀਆਂ ਸਮੱਸਿਆਵਾਂ ਰੱਖਣ ਦਾ ਮੌਕਾ ਮਿਲ ਸਕੇ।ਇਸ ਤਰਾ ਹਰ ਮਹੀਨੇ ਲੋਕਾਂ ਦੀ ਸੰਖਿਆਂ ਵੱਧਣੀ ਸੁਰੂ ਹੋ ਜਾਵੇਗੀ

ਹਰ ਮਹੀਨੇ ਪ੍ਰਧਾਨ ਨੂੰ ਸੱਦਾ ਪੱਤਰ ਦਿੱਤਾ ਜਾਵੇ।ਜੇ 2-3 ਮਹੀਨੇ ਬਾਅਦ ਵੀ ਪ੍ਰਧਾਨ ਨਹੀ ਆਉਦਾ ਤਾ ਹਰ ਮਹੀਨੇ ਕੀਤੇ ਕੰਮਾਂ ਦੇ ਵੇਰਵੇ ਤੇ ਜਾਣਕਾਰੀ ਪ੍ਰਾਪਤ ਕਰਕੇ ਲੋਕਾਂ ਨੂੰ ਦਿੱਤੀ ਜਾਵੇ।ਸਾਰੇ ਪਿੰਡਾਂ ਵਿਚ ਖੁੱਲੀਆਂ ਬੈਠਕਾਂ ਦਾ ਸਿਲਸਲਾ ਚਾਲੂ ਹੋਵੇ।

ਜਿਸ ਤਰਾ ਪਿੰਡਾਂ ਵਿਚ ਗ੍ਰਾਮ ਸਭਾਵਾਂ ਬਣਾਈਆਂ ਗਈਆਂ ਹਨ।ਉਸੇ ਤਰਾਂ ਸਹਿਰਾਂ ਵਿਚ ਮਹੱਲਾ ਸਭਾਵਾਂ ਬਣਾਉਣੀਆਂ ਚਾਹੀਦੀਆਂ ਹਨ।ਆਪ ਆਪਣੇ ਆਸ ਪਾਸ ਦੇ ਲੋਕਾਂ ਨੂੰ ਇੱਕਠੇ ਕਰੋ।ਪਹਿਲੀ ਜਰੂਰਤ ਹੈ ਕਿ ਲੋਕ ਇਕ ਦੂਸਰੇ ਨਾਲ ਜੁੜਨ,ਸਾਰਿਆਂ ਦੇ ਨਾਲ ਸਮਾਜਿਕ ਰਿਸਤਾ ਬਣੇ।ਹੌਲੀ ਹੌਲੀ ਸਥਾਨਕ ਮੁੱਦਿਆਂ ਤੇ ਵਿਚਾਰ ਹੋਣੀ ਚਾਹੀਦੀ ਹੈ।ਫਿਰ ਸਾਰਿਆਂ ਦੀ ਸਲਾਹ ਨਾਲ ਵਾਰਡ ਪ੍ਰੀਸ਼ਦ ਨੂੰ ਬਲਾਉ।ਇਸ ਤਰਾਂ ਮੁਹੱਲਾ ਸਭਾ ਵਿਚ ਦੇਸ ਭਰ ਵਿਚ ਚੱਲ ਰਹੇ ਕੰਮਾਂ ਦੀ ਚਰਚਾ ਕਰੋ।ਉਹ ਤਿਆਰ ਹੋ ਜਾਣ ਤਾ ਉਸਦੇ ਨਾਲ ਮੁਹੱਲਾ ਕਮੇਟੀਆਂ ਦਾ ਅਯੋਜਨ ਸੁਰੂ ਕਰੋ।ਉਹ ਵੀ ਨਾਲ ਨਹੀ ਆਉਦਾ ਤਾ ਇਕ ਜਗਾਹ ਮਿਲਣ ਦਾ ਸਿਲਸਲਾ ਜਾਰੀ ਰੱਖੋ।ਇਸ ਸਬੰਧ ਵਿਚ ਸਵਰਾਜ ਦੇ ਸਬੰਧ ਵਿਚ ਚੱਲ ਰਹੀਆਂ ਗਤੀਵਿਧੀਆਂ ਤੋ ਬਹੁਤ ਕੁਝ ਸਿੱਖ ਜਾਵੋਗੇ।ਜਾਣ ਸਕੋਗੇ,ਲੋਕਾਂ ਵਿਚਕਾਰਲੀ ਫੁੱਟ ਇਸੇ ਤਰਾ ਹੀ ਖਤਮ ਹੋਵੇਗੀ।ਜਦੋ ਤੱਕ ਦੇਸ ਦੇ ਲੀਡਰਾਂ ਤੇ ਪਾਰਟੀਆਂ ਦੇ ਹੱਥ ਵਿਚ ਸੱਤਾ ਹੈ,ਉਹ ਫੁੱਟ ਨੂੰ ਹੋਰ ਡੂੰਘਾ ਕਰਨਗੇ।ਜਿਸ ਦਿਨ ਪਿੰਡਾਂ ਵਿਚ ਗ੍ਰਾਮ ਸਭਾਵਾਂ ਤੇ ਸਹਿਰਾਂ ਵਿਚ ਮਹੱਲਾ ਕਮੇਟੀਆਂ ਹੋਂਦ ਵਿਚ ਆਉਣੀਆਂ ਸੁਰੂ ਹੋ ਗਈਆਂ ਆਪਸੀ ਫੁੱਟ ਦੂਰ ਕਰਨ ਲਈ ਯਾਤਰਾ ਸੁਰੂ ਹੋ ਜਾਵੇਗੀ।

ਗ੍ਰਾਮ ਸਭਾਵਾਂ ਤੇ ਮੁਹੱਲਾ ਕਮੇਟੀਆਂ ਦੇ ਆਯੋਜਨ ਤੇ ਉਸਦੀ ਕਾਰਵਾਈ ਨਾਲ ਜੁੜੋ।ਆਪਣੇ ਵਿਚਾਰ ਸਾਝੇ ਕਰਨ ਲਈ

ਸਾਨੂੰ ਈ-ਮੇਲ,ਫੋਨ,ਚਿੱਠੀ ਪੱਤਰ ਕਰਕੇ ਦੱਸ ਸਕਦੇ ਹੋ।ਤੁਹਾਡੇ ਵਿਚਾਰ ਜਾਣ ਕੇ ਸਾਡੀ ਸਮਝ ਵਿਚ ਵੀ ਵਾਧਾ ਹੋਵੇਗਾ।ਦੇਸ ਦੀ ਤਸਵੀਰ ਤਾ ਬਦਲੇਗੀ ਜੇ ਅਸੀ ਸਾਰੇ ਰਲ ਮਿਲ ਕੇ ਕੰਮ ਕਰਾਗੇ।

**(ਧੰਨਵਾਦ ਇਸ ਕਿਤਾਬ ਨੂੰ ਸਮਾਂ ਦੇਣ ਲਈ)**